11-OCT-PAGE-1.qxd 10/10/2023 10:16 PM Page 1

ਬੁੱਧਵਾਰ, 11 ਅਕਤੂਬਰ, 2023
25 ਅੱਸੂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 131

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 11 OCTOBER, 2023
ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਫਲਸਤੀਨੀਆਂ ਨੂੰ ਭਾਰਤ ਤੋਂ ਵੱਡੀਆਂ ਆਸਾਂ, ਪਰ ਮੋਦੀ ਵੱਲੋਂ ਇਜ਼ਰਾਈਲ ਦੀ ਡਟਵੀਂ ਹਮਾਇਤ

## ਕਾਂਗਰਸ ਨੇ ਫਲਸਤੀਨੀਆਂ ਦੀ ਹਮਾਇਤ ਦੁਹਰਾਈ

**ਨਵੀਂ ਦਿੱਲੀ** : ਫਲਸਤੀਨੀ ਰਾਜਦੂਤ ਅਦਨਾਨ ਅਬੂ ਅਲਹਾਈਜਾ ਨੇ ਮੰਗਲਵਾਰ ਕਿਹਾ ਕਿ ਭਾਰਤ ਦੀ ਫਲਸਤੀਨੀਆਂ ਨਾਲ ਯਕਜਹਿਤੀ ਮਹਾਤਮਾ ਗਾਂਧੀ ਦੇ ਸਮੇਂ ਦੀ ਹੈ ਅਤੇ ਭਾਰਤ ਦੁਨੀਆ ਵਿਚ ਵਧ ਰਹੇ ਆਪਣੇ ਰੁਤਬੇ ਤੇ ਪੱਛਮੀ ਏਸ਼ੀਆ ਦੇ ਅਹਿਮ ਦੇਸ਼ਾਂ ਉੱਤੇ ਆਪਣੇ ਪ੍ਰਭਾਵ ਨਾਲ ਇਜ਼ਰਾਈਲ-ਹਮਾਸ ਟਕਰਾਅ ਨੂੰ ਖਤਮ ਕਰਨ 'ਚ ਅਹਿਮ ਰੋਲ ਅਦਾ ਕਰ ਸਕਦਾ ਹੈ।

ਅਲਹਾਈਜਾ ਨੇ ਇਕ ਖਬਰ ਏਜੰਸੀ ਨੂੰ ਦਿੱਤੀ ਇੰਟਰਵਿਊ ਵਿਚ ਨੋਟ ਕੀਤਾ ਕਿ ਭਾਰਤ ਇਜ਼ਰਾਈਲ ਤੇ ਫਲਸਤੀਨ ਦੋਵਾਂ ਦਾ 'ਦੋਸਤ' ਹੈ, ਇਸ ਕਰਕੇ ਖਿਚਾਅ ਘਟਾਉਣ ਤੇ ਫਲਸਤੀਨ ਮੁੱਦਾ ਹੱਲ ਕਰਨ ਵਿਚ ਯੋਗਦਾਨ ਪਾ ਸਕਦਾ ਹੈ। ਭਾਰਤ ਯੂਰਪੀ ਦੇਸ਼ਾਂ, ਅਮਰੀਕਾ ਤੇ ਪੱਛਮੀ ਏਸ਼ੀਆ ਦੇ ਦੇਸ਼ਾਂ ਨਾਲ ਸੰਪਰਕ ਕਰਕੇ ਇਜ਼ਰਾਈਲ 'ਤੇ ਅਮਨ ਵੱਲ ਵਧਣ ਦਾ ਦਬਾਅ ਪਾ ਸਕਦਾ ਹੈ। ਭਾਰਤ ਬਹੁਤ ਅਹਿਮ ਦੇਸ਼ ਹੈ ਤੇ ਇਸ ਮਾਮਲੇ ਵਿਚ ਅਗਵਾਈ ਕਰ ਸਕਦਾ ਹੈ, ਚੰਗਾ ਰੋਲ ਅਦਾ ਕਰ ਸਕਦਾ ਹੈ।

ਇਹ ਪੁੱਛੇ ਜਾਣ 'ਤੇ ਕਿ ਕੀ ਉਹ ਚਾਹੁੰਦੇ ਹਨ ਕਿ ਭਾਰਤ ਵਿਚੋਲਗੀ ਕਰੇ, ਉਨ੍ਹਾ ਕਿਹਾ—ਮੈਂ ਇਹੀ ਆਸ ਕਰਦਾ ਹਾਂ। ਇਹ ਪੁੱਛੇ ਜਾਣ 'ਤੇ ਕਿ ਕੀ ਉਨ੍ਹਾ ਇਸ ਬਾਰੇ ਵਿਦੇਸ਼ ਮੰਤਰਾਲੇ ਜਾਂ ਭਾਰਤ ਸਰਕਾਰ ਦੇ ਸੰਬੰਧਤ ਅਧਿਕਾਰੀਆਂ ਨੂੰ ਇਹ ਗੱਲ ਦੱਸੀ ਹੈ, ਉਨ੍ਹਾ ਕਿਹਾ ਕਿ ਉਨ੍ਹਾ ਕਰੀਬ ਦੋ ਸਾਲ ਪਹਿਲਾਂ ਦੱਸੀ ਸੀ।

ਹਮਾਸ ਦੇ ਇਜ਼ਰਾਈਲ 'ਤੇ ਹਮਲੇ ਬਾਰੇ ਉਨ੍ਹਾ ਕਿਹਾ ਕਿ ਹਮਾਸ ਨੇ ਉਸ ਦਾ ਜਵਾਬ ਦਿੱਤਾ ਹੈ, ਜੋ ਇਜ਼ਰਾਈਲ ਲੰਮੇ ਸਮੇਂ ਤੋਂ ਫਲਸਤੀਨੀ ਲੋਕਾਂ ਨਾਲ ਕਰ ਰਿਹਾ ਹੈ। ਇਹ ਪੁੱਛਣ 'ਤੇ ਕਿ ਕੀ ਉਹ ਹਮਾਸ ਦੇ ਹਮਲਿਆਂ ਦੀ ਨਿੰਦਾ ਕਰਦੇ ਹਨ, ਜਿਨ੍ਹਾਂ ਨਾਲ ਬੇਗੁਨਾਹ ਨਾਗਰਿਕ ਮਾਰੇ ਗਏ, ਉਨ੍ਹਾ ਕਿਹਾ—ਮੈਂ ਨਾਗਰਿਕਾਂ ਨੂੰ ਮਾਰਨ ਦੀ ਨਿੰਦਾ ਕਰਦਾ ਹਾਂ, ਭਾਵੇਂ ਉਹ ਫਲਸਤੀਨੀ ਹੋਣ ਜਾਂ ਇਜ਼ਰਾਈਲੀ। ਗਾਜ਼ਾ 22 ਲੱਖ ਲੋਕਾਂ ਲਈ ਖੁੱਲ੍ਹੀ ਜੇਲ੍ਹ ਵਾਂਗ ਹੈ। ਜੇ ਇਜ਼ਰਾਈਲ ਪੱਛਮੀ ਕੰਢੇ ਵੱਲ ਆਉਣ ਦੀ ਆਗਿਆ ਨਾ ਦੇਵੇ ਤਾਂ ਉਹ ਡਾਕਟਰੀ ਇਲਾਜ ਲਈ ਵੀ ਬਾਹਰ ਨਹੀਂ ਨਿਕਲ ਸਕਦੇ।

ਉਨ੍ਹਾ ਕਿਹਾ—ਸਥਿਤੀ ਬਹੁਤ ਖਰਾਬ ਹੈ। ਅਸੀਂ ਵਰ੍ਹਿਆਂ ਤੋਂ ਦੁਨੀਆ ਨੂੰ ਦੱਸ ਰਹੇ ਹਾਂ ਕਿ ਇਜ਼ਰਾਈਲ ਕਿੰਨਾ ਜ਼ੁਲਮ ਕਰ ਰਿਹਾ ਹੈ, ਪਰ ਕੋਈ ਉਸ ਦੀ ਜਵਾਬਦੇਹੀ ਤੈਅ ਨਹੀਂ ਕਰ ਰਿਹਾ। ਇਸੇ ਕਰਕੇ ਅੱਜ ਵਾਲੇ ਹਾਲਾਤ ਬਣੇ। ਇਹ ਜੰਗ ਖਤਮ ਹੋ ਜਾਏਗੀ, ਪਰ ਜੇ ਮਸਲੇ ਦਾ ਹੱਲ ਨਾ ਕੀਤਾ ਜਾਂ ਫਿਰ ਭੜਕ ਸਕਦੀ ਹੈ।



ਗਾਜ਼ਾ ਦੇ ਬਾਹਰਵਾਰ ਤਬਾਹੀ ਦਾ ਮੰਜ਼ਰ।

ਫਲਸਤੀਨੀ ਰਾਜਦੂਤ ਭਾਰਤ ਤੋਂ ਕਾਫੀ ਆਸ ਰੱਖਦੇ ਹਨ, ਪਰ ਮੰਗਲਵਾਰ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜੰਗ ਦੀ ਸਥਿਤੀ ਤੋਂ ਜਾਣੂੰ ਕਰਾਇਆ ਤਾਂ ਮੋਦੀ ਨੇ ਕਿਹਾ ਕਿ ਭਾਰਤ ਹਰ ਤਰ੍ਹਾਂ ਦੀ ਦਹਿਸ਼ਤਗਰਦੀ ਦੀ ਕਰੜੀ ਨਿੰਦਾ ਕਰਦਾ ਹੈ। ਉਨ੍ਹਾ ਕਿਹਾ—ਮੈਂ ਸਥਿਤੀ ਤੋਂ ਜਾਣੂੰ ਕਰਾਉਣ ਲਈ ਪ੍ਰਧਾਨ ਮੰਤਰੀ ਬੈਂਜਾਮਿਨ ਵੱਲੋਂ ਫੋਨ ਕਰਨ ਦਾ ਧੰਨਵਾਦ ਕਰਦਾ ਹਾਂ। ਭਾਰਤ ਦੇ ਲੋਕ ਔਖੀ ਘੜੀ ਵਿਚ ਇਜ਼ਰਾਈਲ ਨਾਲ ਪੂਰੀ ਤਰ੍ਹਾਂ ਖੜ੍ਹੇ ਹਨ।

ਬੈਂਜਾਮਿਨ ਨੇ ਹਮਾਸ ਨੂੰ ਸਖਤ ਚਿਤਾਵਨੀ ਦਿੰਦਿਆਂ ਕਿਹਾ ਕਿ ਇਜ਼ਰਾਈਲ ਨੇ ਜੰਗ ਸ਼ੁਰੂ ਨਹੀਂ ਕੀਤੀ, ਪਰ ਖਤਮ ਉਹੀ ਕਰੇਗਾ।

ਇਸੇ ਦੌਰਾਨ ਕਾਂਗਰਸ ਵਰਕਿੰਗ ਕਮੇਟੀ ਨੇ ਆਪਣੀ ਸੋਮਵਾਰ ਦੀ ਮੀਟਿੰਗ ਵਿਚ ਮਤਾ ਪਾਸ ਕਰਕੇ ਕਿਹਾ ਕਿ ਉਹ ਮੱਧ-ਪੂਰਬ ਵਿਚ ਭੜਕੀ ਜੰਗ ਤੋਂ ਬਹੁਤ ਚਿੰਤਤ ਹੈ। ਕਾਂਗਰਸ ਫਲਸਤੀਨੀਆਂ ਦੇ ਜ਼ਮੀਨ, ਸਵੈ-ਸ਼ਾਸਨ ਤੇ ਗੈਰਤ ਨਾਲ ਰਹਿਣ ਦੇ ਹੱਕਾਂ ਨਾਲ ਪਹਿਲਾਂ ਵਾਂਗ ਖੜ੍ਹੀ ਹੈ। ਤੁਰੰਤ ਗੋਲੀਬੰਦੀ ਹੋਣੀ ਚਾਹੀਦੀ ਹੈ। ਸਾਰੇ ਮਸਲੇ ਹੱਲ ਹੋਣੇ ਤੇ ਰਹਿੰਦੇ ਮਸਲਿਆਂ ਦੇ ਹੱਲ ਲਈ ਗੱਲਬਾਤ ਸ਼ੁਰੂ ਹੋਣੀ ਚਾਹੀਦੀ ਹੈ।

## ਗਾਜ਼ਾ 'ਚ 140 ਬੱਚਿਆਂ ਤੇ 120 ਔਰਤਾਂ ਸਣੇ 770 ਮਰੇ

ਗਾਜ਼ਾ ਵਿਚ ਸਿਹਤ ਮੰਤਰਾਲੇ ਨੇ ਕਿਹਾ ਕਿ ਇਜ਼ਰਾਈਲੀ ਹਮਲੇ ਵਿਚ 140 ਬੱਚਿਆਂ ਤੇ 120 ਔਰਤਾਂ ਸਣੇ ਘੱਟੋ-ਘੱਟ 770 ਲੋਕ ਮਾਰੇ ਜਾ ਚੁੱਕੇ ਹਨ।

ਇਜ਼ਰਾਈਲੀ ਫੌਜ ਨੇ ਦੇਸ਼ ਦੇ ਦੱਖਣੀ ਹਿੱਸੇ 'ਚ ਜ਼ਿਆਦਾਤਰ ਥਾਵਾਂ 'ਤੇ ਮੁੜ ਕਬਜ਼ਾ ਕਰਨ ਦਾ ਦਾਅਵਾ ਕਰਦਿਆਂ ਕਿਹਾ ਕਿ ਇਜ਼ਰਾਈਲ ਦੇ ਇਲਾਕੇ 'ਚੋਂ ਕਰੀਬ 1500 ਹਮਾਸ 'ਅੱਤਵਾਦੀਆਂ' ਦੀਆਂ ਲਾਸ਼ਾਂ ਮਿਲੀਆਂ ਹਨ। ਇਜ਼ਰਾਈਲ ਦੇ ਸੂਤਰਾਂ ਮੁਤਾਬਕ ਅਚਨਚੇਤ ਹਮਲੇ ਤੋਂ ਬਾਅਦ ਜਾਰੀ ਜੰਗ ਦੇ ਚੌਥੇ ਦਿਨ ਸਰਹੱਦ 'ਤੇ ਪੂਰਾ ਕੰਟਰੋਲ ਹਾਸਲ ਕਰ ਲਿਆ ਗਿਆ ਹੈ। ਸੋਮਵਾਰ ਦੇਰ ਰਾਤ ਤੋਂ ਹਮਾਸ ਦਾ ਇੱਕ ਵੀ 'ਅੱਤਵਾਦੀ' ਇਜ਼ਰਾਈਲ 'ਚ ਦਾਖਲ ਨਹੀਂ ਹੋਇਆ, ਹਾਲਾਂਕਿ ਘੁਸਪੈਠ ਹਾਲੇ ਵੀ ਸੰਭਵ ਹੋ ਸਕਦੀ ਹੈ। ਚਾਰ ਦਿਨਾਂ 'ਚ ਇਜ਼ਰਾਈਲ ਨੇ 900 ਸੈਨਿਕਾਂ ਅਤੇ ਨਾਗਰਿਕਾਂ ਦੀ ਮੌਤ ਅਤੇ ਫਲਸਤੀਨੀ ਅਧਿਕਾਰੀਆਂ ਨੇ ਗਾਜ਼ਾ ਤੇ ਪੱਛਮੀ ਕੰਢੇ 'ਚ ਲਗਭਗ 800 ਲੋਕਾਂ ਦੀ ਮੌਤ ਦੀ ਸੂਚਨਾ ਦਿੱਤੀ ਹੈ। ਇਜ਼ਰਾਈਲੀ ਫੌਜ ਨੇ ਕਿਹਾ ਕਿ ਹਮਾਸ ਖਿਲਾਫ ਮੁਹਿੰਮ 'ਚ ਗਾਜ਼ਾ ਦੀ ਸੰਸਦ ਅਤੇ ਗੈਰ-ਫੌਜੀ ਮੰਤਰਾਲੇ ਉਸ ਦੇ ਨਿਸ਼ਾਨੇ 'ਤੇ ਹਨ।

## ਅਮਰੀਕੀ ਨੀਤੀ ਦੀ ਨਾਕਾਮੀ : ਪੂਤਿਨ

**ਮਾਸਕੋ** : ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਕਿਹਾ ਹੈ ਕਿ ਇਜ਼ਰਾਈਲ-ਫਲਸਤੀਨੀ ਟਕਰਾਅ ਮੱਧ-ਪੂਰਬ ਬਾਰੇ ਅਮਰੀਕੀ ਨੀਤੀ ਦੀ ਨਾਕਾਮੀ ਦੀ ਮਿਸਾਲ ਹੈ। ਦੌਰੇ 'ਤੇ ਆਏ ਇਰਾਕੀ ਪ੍ਰਧਾਨ ਮੰਤਰੀ ਨਾਲ ਗੱਲਬਾਤ ਵਿਚ ਉਹਨਾ ਕਿਹਾ ਕਿ ਅਮਰੀਕਾ ਨੇ ਖਿੱਤੇ ਦੀ ਸਮੱਸਿਆ ਦੇ ਹੱਲ ਲਈ ਕੋਸ਼ਿਸ਼ਾਂ 'ਤੇ ਆਪਣੀ ਇਜਾਰੇਦਾਰੀ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਰੂਸੀ ਵਿਦੇਸ਼ ਮੰਤਰੀ ਸਰਗੇਈ ਲਵਰੋਵ ਨੇ ਕਿਹਾ ਹੈ ਕਿ ਫਲਸਤੀਨੀ ਰਾਜ ਦੀ ਕਾਇਮੀ ਨਾਲ ਹੀ ਅਮਨ ਕਾਇਮ ਹੋ ਸਕਦਾ ਹੈ।

## ਅਮਰੀਕਾ ਵੱਲੋਂ ਇਜ਼ਰਾਈਲ ਨੂੰ ਹਥਿਆਰਾਂ ਦੀ ਸਪਲਾਈ ਸ਼ੁਰੂ

**ਵਾਸ਼ਿੰਗਟਨ** : ਅਮਰੀਕਾ ਨੇ ਇਜ਼ਰਾਈਲ ਨੂੰ ਜ਼ਰੂਰੀ ਹਥਿਆਰਾਂ ਅਤੇ ਫੌਜੀ ਸਾਜ਼ੋ-ਸਾਮਾਨ ਦੀ ਸਪਲਾਈ ਸ਼ੁਰੂ ਕਰ ਦਿੱਤੀ ਹੈ, ਜਦੋਂ ਕਿ ਪੈਂਟਾਗਨ ਇਹ ਪਤਾ ਲਗਾਉਣ ਲਈ ਆਪਣੇ ਹਥਿਆਰਾਂ ਦਾ ਜਾਇਜ਼ਾ ਲੈ ਰਿਹਾ ਹੈ ਕਿ ਹਮਾਸ ਨਾਲ ਜੰਗ ਵਿਚ ਇਜ਼ਰਾਈਲ ਦੀ ਮਦਦ ਲਈ ਹੋਰ ਕੀ ਭੇਜਿਆ ਜਾ ਸਕਦਾ ਹੈ। ਜਹਾਜ਼ਾਂ ਨੇ ਫੌਜੀ ਸਹਾਇਤਾ ਨਾਲ ਇਜ਼ਰਾਈਲ ਲਈ ਉਡਾਣ ਭਰੀ ਹੈ। ਸੂਤਰਾਂ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਅਮਰੀਕਾ ਨੇ ਇਜ਼ਰਾਈਲ ਨੂੰ ਕਿਹੜੇ ਹਥਿਆਰ ਭੇਜੇ ਹਨ।

ਅਮਰੀਕਾ ਖੇਤਰ 'ਚ ਹਿਜ਼ਬੁੱਲ੍ਹਾ ਅਤੇ ਹੋਰ ਈਰਾਨ ਦੇ ਸਮਰਥਨ ਵਾਲੇ ਗਰੁੱਪਾਂ ਦੀਆਂ ਸਰਗਰਮੀਆਂ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ।

## ਪੀ ਜੀ ਆਈ ਦੇ ਨਹਿਰੂ ਹਸਪਤਾਲ 'ਚ ਅੱਧੀ ਰਾਤੇ ਅੱਗ

**ਚੰਡੀਗੜ੍ਹ** : ਇਥੇ ਪੀ ਜੀ ਆਈ ਦੇ ਨਹਿਰੂ ਹਸਪਤਾਲ 'ਚ ਸੋਮਵਾਰ ਅੱਧੀ ਰਾਤ ਨੂੰ ਅੱਗ ਲੱਗ ਗਈ। ਕੰਪਿਊਟਰ ਰੂਮ 'ਚ ਸ਼ਾਰਟ-ਸਰਕਟ ਦਾ ਸ਼ੱਕ ਹੈ। ਸਟਾਫ ਦੇ ਤੁਰੰਤ ਕਾਰਵਾਈ ਕਰਨ ਨਾਲ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ। ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੇ ਅੱਗ 'ਤੇ ਕਾਬੂ ਪਾ ਲਿਆ। ਵੈਂਟੀਲੇਟਰਾਂ ਵਾਲੇ ਮਰੀਜ਼ਾਂ ਨੂੰ ਢੁਕਵੀਂ ਥਾਂ 'ਤੇ ਭੇਜ ਦਿੱਤਾ ਗਿਆ ਸੀ। ਗਰਭਵਤੀ ਔਰਤਾਂ ਅਤੇ ਬੱਚਿਆਂ ਸਮੇਤ 415 ਮਰੀਜ਼ਾਂ ਨੂੰ ਦੂਜੇ ਵਾਰਡਾਂ 'ਚ ਤਬਦੀਲ ਕੀਤਾ ਗਿਆ।

## ਅਸੰਬਲੀ ਸੈਸ਼ਨ 20-21 ਨੂੰ

**ਚੰਡੀਗੜ੍ਹ** : ਪੰਜਾਬ ਅਸੰਬਲੀ ਦਾ ਸੈਸ਼ਨ 20 ਅਤੇ 21 ਅਕਤੂਬਰ ਨੂੰ ਬੁਲਾਇਆ ਗਿਆ ਹੈ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਇਸ ਸੈਸ਼ਨ ਲਈ ਰਾਜਪਾਲ ਦੀ ਮਨਜ਼ੂਰੀ ਦੀ ਲੋੜ ਨਹੀਂ ਪਵੇਗੀ, ਕਿਉਂਕਿ ਇਹ ਪੁਰਾਣੇ ਸੈਸ਼ਨ ਦਾ ਹੀ ਅਗਲਾ ਹਿੱਸਾ ਹੋਵੇਗਾ।



## ਲਾਵਾ ਇੰਟਰਨੈਸ਼ਨਲ ਕੰਪਨੀ ਦਾ ਐੱਮ ਡੀ ਗ੍ਰਿਫਤਾਰ

**ਨਵੀਂ ਦਿੱਲੀ** : ਈ ਡੀ ਨੇ ਫੋਨ ਨਿਰਮਾਤਾ ਕੰਪਨੀ ਵੀਵੋ ਖਿਲਾਫ ਪੀ ਐੱਮ ਐੱਲ ਏ ਮਾਮਲੇ 'ਚ ਲਾਵਾ ਇੰਟਰਨੈਸ਼ਨਲ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਅਤੇ ਚੀਨੀ ਨਾਗਰਿਕ ਸਮੇਤ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ।]

## ਅਮਰਤਿਆ ਸੇਨ ਦੀ ਮੌਤ ਦੀ ਅਫਵਾਹ ਫੈਲਾਈ



**ਕੋਲਕਾਤਾ** : ਨੰਦਨਾ ਦੇਬ ਸੇਨ ਨੇ ਆਪਣੇ ਪਿਤਾ ਤੇ ਨੋਬੇਲ ਪੁਰਸਕਾਰ ਜੇਤੂ ਅਮਰਤਿਆ ਸੇਨ ਦੇ ਦੇਹਾਂਤ ਦੀ ਖਬਰ ਦਾ ਖੰਡਨ ਕੀਤਾ ਹੈ।

ਇਸ ਤੋਂ ਪਹਿਲਾਂ ਸੋਸ਼ਲ ਮੀਡੀਆ 'ਤੇ ਅਰਥ ਸ਼ਾਸਤਰੀ ਅਮਰਤਿਆ ਸੇਨ ਦੇ ਦੇਹਾਂਤ ਦੀਆਂ ਪੋਸਟਾਂ ਵਾਇਰਲ ਕੀਤੀਆਂ ਗਈਆਂ ਸਨ।

## ਅਰੁੰਧਤੀ ਵਿਰੁੱਧ ਕੇਸ ਚਲਾਉਣ ਦੀ ਮਨਜ਼ੂਰੀ



**ਨਵੀਂ ਦਿੱਲੀ** : ਦਿੱਲੀ ਦੇ ਲੈਫਟੀਨੈਂਟ ਗਵਰਨਰ ਵੀ ਕੇ ਸਕਸੈਨਾ ਨੇ 2010 ਵਿਚ ਕਥਿਤ ਤੌਰ 'ਤੇ ਭੜਕਾਊ ਤਕਰੀਰਾਂ ਕਰਨ ਦੇ ਮਾਮਲੇ ਵਿਚ ਲੇਖਕਾ ਅਰੁੰਧਤੀ ਰਾਇ ਤੇ ਸਾਬਕਾ ਕਸ਼ਮੀਰੀ ਪ੍ਰੋਫੈਸਰ ਸ਼ੌਕਤ ਹੁਸੈਨ ਖਿਲਾਫ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ। ਇਨ੍ਹਾਂ ਵਿਰੁੱਧ ਐੱਫ ਆਈ ਆਰ ਮੈਟਰੋਪੋਲੀਟਨ ਮੈਜਿਸਟ੍ਰੇਟ ਦੇ ਹੁਕਮ 'ਤੇ ਦਰਜ ਕੀਤੀ ਗਈ ਸੀ।

## ਸ਼ੇਖਾਵਤ ਦੇ ਦਾਮਾਦ ਬਹੁਤ ਦੁਖੀ



**ਜੈਪੁਰ** : ਸਾਬਕਾ ਉਪ ਰਾਸ਼ਟਰਪਤੀ ਭੈਰੋਂ ਸਿੰਘ ਸ਼ੇਖਾਵਤ ਦੇ ਦਾਮਾਦ ਨਰਪਤ ਸਿੰਘ ਰਜਵੀ, ਜੋ ਕਿ ਰਾਜਸਥਾਨ ਵਿਚ ਭਾਜਪਾ ਦੇ ਵਿਧਾਇਕ ਹਨ, ਨੇ ਅਸੰਬਲੀ ਚੋਣਾਂ ਲਈ ਉਮੀਦਵਾਰਾਂ ਦੀ ਜਾਰੀ ਕੀਤੀ ਗਈ ਲਿਸਟ ਵਿਚ ਉਨ੍ਹਾ ਦਾ ਨਾਂਅ ਨਾ ਪਾਉਣ 'ਤੇ ਕਿਹਾ ਹੈ—ਮੈਂ ਸਦਮੇ ਵਿਚ ਹਾਂ। ਪਾਰਟੀ ਨੇ ਭੈਰੋਂ ਸਿੰਘ ਸ਼ੇਖਾਵਤ ਜੀ ਦੀ ਵਿਰਾਸਤ ਦੀ ਇਹ ਕਦਰ ਕੀਤੀ ਹੈ। ਰਜਵੀ, ਜਿਹੜੇ ਵਿਦਿਆਧਰ ਨਗਰ ਤੋਂ ਤਿੰਨ ਵਾਰ ਵਿਧਾਇਕ ਹਨ, ਦੀ ਟਿਕਟ ਜੈਪੁਰ ਸ਼ਾਹੀ ਘਰਾਣੇ ਦੀ ਸਿਟਿੰਗ ਸਾਂਸਦ ਦੀਆ ਕੁਮਾਰੀ ਨੂੰ ਦੇ ਦਿੱਤੀ ਗਈ ਹੈ।

## 2 ਦਹਿਸ਼ਤਗਰਦ ਹਲਾਕ

**ਸ੍ਰੀਨਗਰ** : ਸ਼ੋਪੀਆਂ ਜ਼ਿਲ੍ਹੇ 'ਚ ਮੰਗਲਵਾਰ ਸੁਰੱਖਿਆ ਬਲਾਂ ਨਾਲ ਹੋਏ ਮੁਕਾਬਲੇ 'ਚ ਪਾਬੰਦੀਸ਼ੁਦਾ ਲਸ਼ਕਰ-ਏ-ਤੋਇਬਾ ਦੇ ਦੋ ਦਹਿਸ਼ਤਗਰਦ ਮਾਰੇ ਗਏ। ਜ਼ਿਲ੍ਹੇ ਦੇ ਅਲਸੀਪੋਰਾ ਇਲਾਕੇ 'ਚ ਦਹਿਸ਼ਤਗਰਦਾਂ ਦੀ ਮੌਜੂਦਗੀ ਦੀ ਸੂਚਨਾ ਮਿਲਣ ਤੋਂ ਬਾਅਦ ਸੁਰੱਖਿਆ ਬਲਾਂ ਨੇ ਮੁਹਿੰਮ ਸ਼ੁਰੂ ਕੀਤੀ ਸੀ। ਮਾਰੇ ਗਏ ਦਹਿਸ਼ਤਗਰਦਾਂ ਦੀ ਪਛਾਣ ਮੋਰਿਫਤ ਮਕਬੂਲ ਅਤੇ ਜਾਜ਼ਿਮ ਫਾਰੂਕ ਉਰਫ ਅਬਰਾਰ ਵਜੋਂ ਹੋਈ ਹੈ। ਅਬਰਾਰ ਕਸ਼ਮੀਰੀ ਪੰਡਤ ਬੈਂਕ ਸੁਰੱਖਿਆ ਕਰਮੀ ਸੰਜੈ ਸ਼ਰਮਾ ਦੀ ਹੱਤਿਆ 'ਚ ਸ਼ਾਮਲ ਸੀ।

## ਸੰਜੈ ਦਾ ਰਿਮਾਂਡ ਵਧਿਆ

**ਨਵੀਂ ਦਿੱਲੀ** : ਇੱਥੋਂ ਦੀ ਅਦਾਲਤ ਨੇ ਦਿੱਲੀ ਸ਼ਰਾਬ ਨੀਤੀ ਮਾਮਲੇ 'ਚ ਆਮ ਆਦਮੀ ਪਾਰਟੀ ਦੇ ਨੇਤਾ ਸੰਜੈ ਸਿੰਘ ਦੀ ਈ ਡੀ ਹਿਰਾਸਤ 13 ਅਕਤੂਬਰ ਤੱਕ ਵਧਾ ਦਿੱਤੀ ਹੈ।

## ਅਮਾਨਤੁੱਲਾ ਖਾਨ 'ਤੇ ਛਾਪਾ

**ਨਵੀਂ ਦਿੱਲੀ** : ਈ ਡੀ ਨੇ ਮਨੀ ਲਾਂਡਰਿੰਗ ਮਾਮਲੇ ਦੀ ਜਾਂਚ ਦੇ ਸਿਲਸਿਲੇ ਵਿਚ ਮੰਗਲਵਾਰ ਦਿੱਲੀ ਵਿਚ ਆਮ ਆਦਮੀ ਪਾਰਟੀ ਦੇ ਵਿਧਾਇਕ ਅਮਾਨਤੁੱਲਾ ਖਾਨ ਦੇ ਟਿਕਾਣਿਆਂ 'ਤੇ ਛਾਪਾ ਮਾਰਿਆ। ਖਾਨ (49) ਓਖਲਾ ਹਲਕੇ ਦੀ ਨੁਮਾਇੰਦਗੀ ਕਰਦੇ ਹਨ। ਉਨ੍ਹਾ ਅਤੇ ਕੁਝ ਹੋਰਾਂ ਖਿਲਾਫ ਮਨੀ ਲਾਂਡਰਿੰਗ ਨਾਲ ਸੰਬੰਧਤ ਕੇਸ ਦੀ ਜਾਂਚ ਕੀਤੀ ਜਾ ਰਹੀ ਹੈ।

## ਬਾਇਡਨ ਤੋਂ ਪੁੱਛ-ਪੜਤਾਲ



**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਤੋਂ ਗੁਪਤ ਦਸਤਾਵੇਜ਼ਾਂ ਦੇ ਮਾਮਲੇ ਦੀ ਜਾਂਚ ਦੇ ਸੰਬੰਧ ਵਿਚ ਪਿਛਲੇ ਦੋ ਦਿਨਾਂ ਵਿਚ ਵਿਸ਼ੇਸ਼ ਅਧਿਕਾਰੀ ਨੇ ਪੁੱਛ-ਪੜਤਾਲ ਕੀਤੀ। ਵ੍ਹਾਈਟ ਹਾਊਸ ਦੇ ਸਲਾਹਕਾਰ ਦਫਤਰ ਦੇ ਬੁਲਾਰੇ ਨੇ ਕਿਹਾ ਕਿ ਐਤਵਾਰ ਅਤੇ ਸੋਮਵਾਰ ਨੂੰ ਵ੍ਹਾਈਟ ਹਾਊਸ ਵਿਚ ਪੁੱਛ-ਪੜਤਾਲ ਕੀਤੀ ਗਈ ਸੀ। ਰਾਸ਼ਟਰਪਤੀ ਦੇ ਵਿਸ਼ੇਸ਼ ਵਕੀਲ ਨੇ ਜਨਵਰੀ 'ਚ ਕਿਹਾ ਸੀ ਕਿ ਬਾਇਡਨ ਦੇ ਡੇਲਾਵੇਅਰ ਨਿਵਾਸ ਅਤੇ ਵਾਸ਼ਿੰਗਟਨ 'ਚ ਇੱਕ ਦਫਤਰ ਤੋਂ ਕੁਝ ਗੁਪਤ ਦਸਤਾਵੇਜ਼ ਬਰਾਮਦ ਕੀਤੇ ਗਏ ਸਨ। ਬਾਇਡਨ ਨੇ ਉਪ-ਰਾਸ਼ਟਰਪਤੀ ਹੁੰਦੇ ਹੋਏ ਇਨ੍ਹਾਂ ਥਾਵਾਂ ਦੀ ਵਰਤੋਂ ਕੀਤੀ ਸੀ।

## ਮਨਪ੍ਰੀਤ ਮਾਮਲੇ 'ਚ ਸ਼ੇਰਗਿੱਲ ਤੇ ਕਾਲੀਆ ਦੀ ਜ਼ਮਾਨਤ ਅਰਜ਼ੀ 'ਤੇ ਫੈਸਲਾ ਰਾਖਵਾਂ

**ਬਠਿੰਡਾ** : ਸਥਾਨਕ ਅਦਾਲਤ ਨੇ ਸਾਬਕਾ ਵਿੱਤ ਮੰਤਰੀ ਤੇ ਭਾਰਤੀ ਜਨਤਾ ਪਾਰਟੀ ਦੀ ਕੋਰ ਕਮੇਟੀ ਦੇ ਮੈਂਬਰ ਮਨਪ੍ਰੀਤ ਸਿੰਘ ਬਾਦਲ ਵੱਲੋਂ ਪਲਾਟ ਖਰੀਦਣ ਦੇ ਮਾਮਲੇ 'ਚ ਬਠਿੰਡਾ ਵਿਕਾਸ ਅਥਾਰਟੀ ਦੇ ਰਿਕਾਰਡ 'ਚ ਕਥਿਤ ਭੰਨਤੋੜ ਕਰਨ ਸੰਬੰਧੀ ਨਾਮਜ਼ਦ ਬੀ ਡੀ ਏ ਦੇ ਤੱਤਕਾਲੀ ਪ੍ਰਸ਼ਾਸਕ ਪੀ ਸੀ ਐੱਸ ਅਫਸਰ ਬਿਕਰਮਜੀਤ ਸਿੰਘ ਸ਼ੇਰਗਿੱਲ ਅਤੇ ਬੀ ਡੀ ਏ ਦੇ ਸੁਪਰਡੈਂਟ ਪੰਕਜ ਕਾਲੀਆ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ 'ਤੇ ਫੈਸਲਾ ਮੰਗਲਵਾਰ ਰਾਖਵਾਂ ਰੱਖ ਲਿਆ। ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ ਰਾਮ ਕੁਮਾਰ ਸਿੰਗਲਾ ਫੈਸਲਾ 16 ਅਕਤੂਬਰ ਨੂੰ ਸੁਣਾਉਣਗੇ। ਮੁਲਜ਼ਮਾਂ ਦੇ ਵਕੀਲਾਂ ਨੇ ਜਿੱਥੇ ਆਪਣੇ ਮੁਵੱਕਲਾਂ ਨੂੰ ਬੇਕਸੂਰ ਦੱਸਦਿਆਂ ਜ਼ਮਾਨਤ ਦੇਣ ਦੀ ਮੰਗ ਕੀਤੀ, ਉੱਥੇ ਸਰਕਾਰੀ ਵਕੀਲ ਨੇ ਬੀ ਡੀ ਏ ਦੇ ਦੋਵਾਂ ਅਫਸਰਾਂ ਨੂੰ ਪਲਾਟ ਘਪਲੇ ਦੇ ਸਾਜ਼ਿਸ਼ਘਾੜੇ ਕਰਾਰ ਦਿੰਦਿਆਂ ਜ਼ਮਾਨਤ ਦਾ ਸਖਤ ਵਿਰੋਧ ਕੀਤਾ।

ਸਰਕਾਰੀ ਵਕੀਲ ਨੇ ਦਲੀਲ ਦਿੱਤੀ ਕਿ ਦੋਵਾਂ ਨੇ ਇਸ ਤਰ੍ਹਾਂ ਦੀਆਂ ਬੇਨਿਯਮੀਆਂ ਕੀਤੀਆਂ ਕਿ ਕੋਈ ਹੋਰ ਪਲਾਟ ਨਾ ਖਰੀਦ ਸਕੇ। ਤੱਤਕਾਲੀ ਮੰਤਰੀ ਨੂੰ ਲਾਭ ਦੇਣ ਲਈ ਕਈ ਮਹੀਨੇ ਪਹਿਲਾਂ ਬਦਲੀ ਜਾ ਚੁੱਕੀ ਅਧਿਕਾਰੀ ਦੇ ਡਿਜੀਟਲ ਦਸਤਖਤ ਵਰਤੇ ਗਏ।

## ਖਹਿਰਾ ਦਾ ਰਿਮਾਂਡ ਵਧਿਆ

**ਫਾਜ਼ਿਲਕਾ** : ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਦਾ ਅਦਾਲਤ ਨੇ ਮੰਗਲਵਾਰ ਦੋ ਦਿਨਾਂ ਲਈ ਜੁਡੀਸ਼ੀਅਲ ਰਿਮਾਂਡ ਵਧਾ ਦਿੱਤਾ। ਉਹ 14 ਦਿਨਾਂ ਤੋਂ ਜੁਡੀਸ਼ੀਅਲ ਰਿਮਾਂਡ 'ਤੇ ਚਲੇ ਆ ਰਹੇ ਹਨ।

## ਭੈਣ ਨੇ ਹੀ ਦੋ ਛੋਟੀਆਂ ਭੈਣਾਂ ਮਾਰੀਆਂ!

**ਇਟਾਵਾ** : ਯੂ ਪੀ ਦੇ ਇਟਾਵਾ ਜ਼ਿਲ੍ਹੇ ਦੇ ਬਲਰਾਈ ਥਾਣਾ ਖੇਤਰ 'ਚ ਪੁਲਸ ਨੇ 4 ਅਤੇ 7 ਸਾਲ ਦੀਆਂ ਦੋ ਸਕੀਆਂ ਭੈਣਾਂ, ਜਿਨ੍ਹਾਂ ਦੀ ਕਥਿਤ ਤੌਰ 'ਤੇ ਹੱਤਿਆ ਕਰ ਦਿੱਤੀ ਗਈ ਸੀ, ਦੇ ਮਾਮਲੇ 'ਚ ਉਨ੍ਹਾਂ ਦੀ ਵੱਡੀ ਭੈਣ ਨੂੰ ਗ੍ਰਿਫਤਾਰ ਕਰ ਲਿਆ ਹੈ। ਤੇਜ਼ਧਾਰ ਹਥਿਆਰ ਨਾਲ ਉਨ੍ਹਾਂ ਦਾ ਗਲਾ ਵੱਢਿਆ ਗਿਆ ਸੀ।

ਇਟਾਵਾ ਅਤੇ ਕਾਨਪੁਰ ਦੀਆਂ ਫੋਰੈਂਸਿਕ ਟੀਮਾਂ ਅਤੇ ਘਟਨਾ ਦਾ ਵਿਸ਼ਲੇਸ਼ਣ ਕਰਨ ਲਈ ਬਣਾਈਆਂ ਗਈਆਂ ਟੀਮਾਂ ਵੱਲੋਂ ਇਕੱਠੇ ਕੀਤੇ ਸਬੂਤਾਂ ਤੋਂ ਪਤਾ ਲੱਗਦਾ ਹੈ ਕਿ ਦੋਵਾਂ ਭੈਣਾਂ ਦਾ ਕਤਲ ਉਨ੍ਹਾਂ ਦੀ ਵੱਡੀ ਭੈਣ ਅੰਜਲੀ (20) ਨੇ ਕੀਤਾ ਸੀ। ਪੁਲਸ ਨੂੰ ਸ਼ੱਕ ਹੈ ਇਸ ਹੱਤਿਆ ਕਾਂਡ 'ਚ ਇਕ ਵਿਅਕਤੀ ਵੀ ਸ਼ਾਮਲ ਹੈ।

## ਉੱਚੀਆਂ ਪਹਾੜੀਆਂ 'ਤੇ ਬਰਫ਼ਬਾਰੀ



**ਸ਼ਿਮਲਾ** : ਹਿਮਾਚਲ ਦੇ ਲਾਹੌਲ ਅਤੇ ਸਪਿਤੀ ਦੀਆਂ ਪਹਾੜੀਆਂ ਬਰਫਬਾਰੀ ਨਾਲ ਢਕੀਆਂ ਗਈਆਂ ਹਨ ਤੇ ਤਾਪਮਾਨ ਡਿੱਗ ਗਿਆ ਹੈ। ਮੌਸਮ ਅਧਿਕਾਰੀਆਂ ਅਨੁਸਾਰ ਹਿਮਾਚਲ ਦੇ ਉੱਚੇ ਇਲਾਕਿਆਂ ਖਾਸ ਕਰਕੇ ਲਾਹੌਲ ਅਤੇ ਸਪਿਤੀ ਅਤੇ ਕੁੱਲੂ ਜ਼ਿਲ੍ਹਿਆਂ 'ਚ ਮੰਗਲਵਾਰ ਤਾਜ਼ਾ ਬਰਫਬਾਰੀ ਹੋਈ।

## ਵਕਤ ਹੀ ਨਹੀਂ ਮਿਲਿਆ...

**ਜੈਪੁਰ** : ਅਕਸਰ ਵਿਆਹ ਦੇ ਸਵਾਲਾਂ ਦਾ ਸਾਹਮਣਾ ਕਰਨ ਵਾਲੇ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦਾ ਕਹਿਣਾ ਹੈ ਕਿ ਉਹ ਆਪਣੇ ਕੰਮ ਤੇ ਕਾਂਗਰਸ ਪਾਰਟੀ ਦੇ ਅੰਦਰ ਏਨੇ ਰੁਝ ਗਏ ਕਿ ਵਿਆਹ ਬਾਰੇ ਸੋਚ ਵੀ ਨਹੀਂ ਸਕੇ। ਉਨ੍ਹਾ ਇਹ ਟਿੱਪਣੀ ਜੈਪੁਰ ਦੇ ਮਹਾਰਾਣੀ ਕਾਲਜ ਦੀਆਂ ਵਿਦਿਆਰਥਣਾਂ ਦੇ ਸਮੂਹ ਨਾਲ ਗੱਲਬਾਤ ਦੌਰਾਨ ਸਵਾਲ ਦੇ ਜਵਾਬ 'ਚ ਕੀਤੀ। ਰਾਹੁਲ ਗਾਂਧੀ ਹਾਲ ਹੀ 'ਚ ਜੈਪੁਰ ਦੇ ਇਸ ਕਾਲਜ 'ਚ ਪੁੱਜੇ ਸਨ ਅਤੇ ਉੱਥੇ ਵਿਦਿਆਰਥਣਾਂ ਨਾਲ ਗੱਲਬਾਤ ਕੀਤੀ। ਉਹ ਇੱਕ ਵਿਦਿਆਰਥਣ ਨਾਲ ਸਕੂਟਰੀ 'ਤੇ ਬੈਠੇ ਸਨ। ਕਾਂਗਰਸ ਨੇਤਾ ਨੇ ਇਸ ਦੀ ਵੀਡੀਓ ਆਪਣੇ ਯੂਟਿਊਬ ਚੈਨਲ 'ਤੇ ਸ਼ੇਅਰ ਕੀਤੀ ਹੈ। ਇਸ ਗੱਲਬਾਤ ਦੌਰਾਨ ਵਿਦਿਆਰਥਣ ਨੇ ਪੁੱਛਿਆ—ਸਰ, ਤੁਸੀਂ ਏਨੇ ਸੋਹਣੇ-ਸੁਨੱਖੇ ਹੋ, ਫੇਰ ਤੁਸੀਂ ਹੁਣ ਤੱਕ ਵਿਆਹ ਬਾਰੇ ਕਿਉਂ ਨਹੀਂ ਸੋਚਿਆ? ਜਵਾਬ 'ਚ ਰਾਹੁਲ ਨੇ ਕਿਹਾ—ਕਿਉਂਕਿ ਮੈਂ ਆਪਣੇ ਕੰਮ ਤੇ ਪਾਰਟੀ 'ਚ ਉਲਝ ਗਿਆ ਹਾਂ।

## ਚੋਣ ਬਾਂਡਾਂ ਬਾਰੇ ਅੰਤਮ ਸੁਣਵਾਈ 31 ਨੂੰ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸਿਆਸੀ ਪਾਰਟੀਆਂ ਨੂੰ ਚੰਦੇ ਦੇਣ ਨਾਲ ਸੰਬੰਧਤ ਚੋਣ ਬਾਂਡ ਸਕੀਮ ਦੀ ਵੈਧਤਾ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਅੰਤਮ ਸੁਣਵਾਈ ਲਈ 31 ਅਕਤੂਬਰ ਦੀ ਤਰੀਕ ਤੈਅ ਕੀਤੀ ਹੈ। ਚੀਫ ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਜੇ ਬੀ ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਦੀ ਬੈਂਚ ਨੇ ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਣ ਦੀ ਇਸ ਦਲੀਲ ਦਾ ਨੋਟਿਸ ਲਿਆ ਕਿ 2024 ਦੀਆਂ ਆਮ ਚੋਣਾਂ ਲਈ ਇਲੈਕਟੋਰਲ ਬਾਂਡ ਸਕੀਮ ਸ਼ੁਰੂ ਹੋਣ ਤੋਂ ਪਹਿਲਾਂ ਇਸ ਮਾਮਲੇ 'ਤੇ ਫੈਸਲਾ ਲੈਣ ਦੀ ਲੋੜ ਹੈ। ਗੈਰ-ਸਰਕਾਰੀ ਸੰਗਠਨ (ਐੱਨ ਜੀ ਓ) ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ਏ ਡੀ ਆਰ) ਵੱਲੋਂ ਪੇਸ਼ ਹੋਏ ਭੂਸ਼ਣ ਨੇ ਕਿਹਾ ਕਿ ਇਲੈਕਟੋਰਲ ਬਾਂਡ ਰਾਹੀਂ ਕੀਤੇ ਗਏ ਬੇਨਾਮ ਦਾਨ ਭ੍ਰਿਸ਼ਟਾਚਾਰ ਨੂੰ ਵਧਾਉਂਦੇ ਹਨ ਅਤੇ ਭ੍ਰਿਸ਼ਟਾਚਾਰ-ਮੁਕਤ ਰਾਸ਼ਟਰ ਬਣਾਉਣ ਦੇ ਨਾਗਰਿਕਾਂ ਦੇ ਅਧਿਕਾਰ ਦੀ ਉਲੰਘਣਾ ਕਰਦੇ ਹਨ। ਇਹ ਸਕੀਮ ਭ੍ਰਿਸ਼ਟਾਚਾਰ ਨੂੰ ਉਤਸ਼ਾਹਤ ਕਰਦੀ ਹੈ, ਕਿਉਂਕਿ ਦਾਨ ਦਾ ਸਰੋਤ ਗੁੰਮਨਾਮ ਹੈ। ਇਹ ਧਾਰਾ 21 ਦੀ ਉਲੰਘਣਾ ਹੈ ਅਤੇ ਇਸ ਮਾਮਲੇ 'ਤੇ ਫੈਸਲਾ ਨਾ ਲੈਣਾ ਸਮੱਸਿਆ ਨੂੰ ਹੋਰ ਵਧਾ ਸਕਦਾ ਹੈ।

## ਹਵਾ ਪ੍ਰਦੂਸ਼ਣ ਬਾਰੇ ਰਿਪੋਰਟ ਤਲਬ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਦਿੱਲੀ ਅਤੇ ਆਸ-ਪਾਸ ਦੇ ਖੇਤਰਾਂ 'ਚ ਹਵਾ ਪ੍ਰਦੂਸ਼ਣ ਨੂੰ ਕਾਬੂ 'ਚ ਕਰਨ ਲਈ ਚੁੱਕੇ ਜਾ ਰਹੇ ਕਦਮਾਂ ਬਾਰੇ ਏਅਰ ਕੁਆਲਿਟੀ ਮੈਨੇਜਮੈਂਟ ਕਮਿਸ਼ਨ ਤੋਂ ਰਿਪੋਰਟ ਮੰਗੀ ਹੈ। ਅਦਾਲਤ ਨੇ ਸਰਦੀਆਂ ਦੌਰਾਨ ਦਿੱਲੀ ਤੇ ਐੱਨ ਸੀ ਆਰ 'ਚ ਹਵਾ ਪ੍ਰਦੂਸ਼ਣ ਸੰਬੰਧੀ ਸਮੱਸਿਆ ਤੇ ਪਰਾਲੀ ਸਾੜਨ ਬਾਰੇ ਚੁੱਕੇ ਕਦਮਾਂ 'ਤੇ ਗੌਰ ਕੀਤਾ।

## ਮਹਿਲਾ ਨੂੰ ਧੱਕੇ ਨਾਲ ਕਾਰ 'ਚ ਚੜ੍ਹਾਉਣ ਵਾਲੇ 3 ਭਾਰਤੀਆਂ ਨੂੰ 10-10 ਸਾਲ ਦੀ ਸਜ਼ਾ

**ਲੰਡਨ** : ਬਰਤਾਨੀਆ ਦੇ ਲੈਸਟਰ ਸ਼ਹਿਰ 'ਚ ਬੀਤੇ ਸਾਲ ਔਰਤ ਨੂੰ ਆਪਣੀ ਕਾਰ 'ਚ ਚੜ੍ਹਨ ਲਈ ਮਜਬੂਰ ਕਰਨ ਵਾਲੇ ਭਾਰਤੀ ਮੂਲ ਦੇ ਤਿੰਨ ਵਿਅਕਤੀਆਂ ਨੂੰ 10-10 ਸਾਲ ਦੀ ਜੇਲ੍ਹ ਹੋਈ ਹੈ। ਅਜੈ ਡੋਪਲਾਪੁਡੀ (27), ਵਹਾਰ ਮੰਚਲਾ (24) ਅਤੇ ਰਾਣਾ ਯੇਲੰਬਾਈ (30) ਨੂੰ ਲੈਸਟਰ ਕਰਾਊਨ ਕੋਰਟ ਨੇ ਸਜ਼ਾ ਸੁਣਾਈ ਹੈ। ਇਨ੍ਹਾਂ ਨੂੰ ਔਰਤ ਨੂੰ ਅਗਵਾ ਕਰਨ ਦਾ ਦੋਸ਼ੀ ਕਰਾਰ ਦਿੱਤਾ ਗਿਆ ਸੀ। ਤਿੰਨਾਂ ਨੇ ਪਿਛਲੇ ਸਾਲ 16 ਜਨਵਰੀ ਨੂੰ ਪੀੜਤਾ ਨੂੰ ਆਪਣੀ ਔਡੀ 'ਚ ਚੜ੍ਹਾ ਲਿਆ ਤੇ ਔਰਤ ਨੇ ਸਮਝਿਆ ਕਿ ਇਹ ਟੈਕਸੀ ਹੈ, ਪਰ ਜਦੋਂ ਕਾਰ ਦੱਸੇ ਟਿਕਾਣੇ ਦੀ ਥਾਂ ਓਪਰੇ ਇਲਾਕੇ ਵੱਲ ਜਾਣ ਲੱਗੀ ਤਾਂ ਉਸ ਨੂੰ ਕੁਝ ਗੜਬੜ ਹੋਣ ਦਾ ਅਹਿਸਾਸ ਹੋਇਆ। ਇਸ ਤੋਂ ਬਾਅਦ ਉਸ ਨੂੰ 15 ਮੀਲ ਦੂਰ ਇਕਾਂਤ ਥਾਂ ਲਿਜਾਇਆ ਗਿਆ ਤੇ ਕਾਰ ਵਿਚੋਂ ਧੂਹ ਲਿਆ।

ਕੁਝ ਦੇਰ ਬਾਅਦ ਪੀੜਤਾ ਭੱਜਣ 'ਚ ਕਾਮਯਾਬ ਹੋ ਗਈ। ਪੁਲਸ ਨੇ ਬਾਅਦ 'ਚ ਜਾਂਚ ਦੌਰਾਨ ਮੁਲਜ਼ਮਾਂ ਦੀ ਪਛਾਣ ਕੀਤੀ ਤੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ।

## ਅੱਜ-ਨਾਮਾ

ਸੱਟੇਬਾਜ਼ੀ ਦੀ ਚਰਚਾ ਵੀ ਛਿੜੀ ਸੁਣਿਆ,
ਰਹੀ ਪੜਤਾਲ ਡੁਬਈ ਤੱਕ ਚੱਲ ਮੀਆਂ।
ਲੱਖਾਂ ਕਰੋੜਾਂ ਦੀ ਖੇਡ ਨਹੀਂ ਰਹੀ ਕਹਿੰਦੇ,
ਅਰਬਾਂ ਤੱਕ ਫਿਰ ਚੱਲ ਪਈ ਗੱਲ ਮੀਆਂ।
ਡੁਬਈ ਤੀਕ ਨਾ ਰਹੀ ਆ ਜਾਂਚ ਸੀਮਤ,
ਤੁਰ ਪਈ ਓਥੋਂ ਮੁੰਬਈ ਦੇ ਵੱਲ ਮੀਆਂ।
ਚੱਕਰ ਜਿੱਦਾਂ ਦਾ ਕਹਿੰਦੇ ਹਨ ਪਈ ਜਾਂਦਾ,
ਹੋਣਾ ਕਈਆਂ ਤੋਂ ਇਹ ਨਹੀਂ ਝੱਲ ਮੀਆਂ।
ਚੰਗੇ ਐਕਟਰ ਤੇ ਲੋਕੀਂ ਸਤਿਕਾਰ ਕਰਦੇ,
ਮਾਇਆ ਪਾਉਂਦੀ ਹੈ ਮੰਦੜੇ ਰਾਹ ਮੀਆਂ।
ਲੇਖਾ ਦੇਣ ਦੀ ਜਦੋਂ ਫਿਰ ਘੜੀ ਆਉਂਦੀ,
ਮਿਲਦਾ ਸਾਹ ਦੇ ਨਾਲ ਨਹੀਂ ਸਾਹ ਮੀਆਂ।

-ਤੀਸ ਮਾਰ ਖਾਂ

## 'ਬਿੱਲ ਲਿਆਓ, ਇਨਾਮ ਪਾਓ' 'ਚ 227 ਨੇ ਜਿੱਤੇ 13 ਲੱਖ ਤੋਂ ਵੱਧ ਦੇ ਇਨਾਮ : ਚੀਮਾ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ 'ਬਿੱਲ ਲਿਆਓ, ਇਨਾਮ ਪਾਓ' ਸਕੀਮ ਤਹਿਤ ਸਤੰਬਰ ਮਹੀਨੇ 'ਮੇਰਾ ਬਿੱਲ ਐਪ' 'ਤੇ ਬਿੱਲ ਅੱਪਲੋਡ ਕਰਨ ਵਾਲੇ 227 ਜੇਤੂਆਂ ਨੇ 13,39,425 ਰੁਪਏ ਦੇ ਇਨਾਮ ਜਿੱਤੇ ਹਨ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਗਠਿਤ ਕਮੇਟੀ ਵੱਲੋਂ ਸੋਮਵਾਰ ਆਨਲਾਈਨ ਲੱਕੀ ਡਰਾਅ ਕੱਢਿਆ ਗਿਆ।

ਇਸ ਗੱਲ ਦਾ ਪ੍ਰਗਟਾਵਾ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਜੇਤੂਆਂ ਵਿੱਚੋਂ ਸਭ ਤੋਂ ਵੱਧ 38 ਜੇਤੂ ਟੈਕਸੇਸ਼ਨ ਜ਼ਿਲ੍ਹਾ ਲੁਧਿਆਣਾ ਦੇ, ਜਦਕਿ ਦੂਜੇ ਸਥਾਨ 'ਤੇ 21 ਜੇਤੂ ਟੈਕਸੇਸ਼ਨ ਜ਼ਿਲ੍ਹਾ ਜਲੰਧਰ ਦੇ ਹਨ। ਸੂਬੇ ਦੇ ਵੱਖ-ਵੱਖ ਹਿੱਸਿਆਂ ਤੋਂ ਇਸ ਸਕੀਮ ਪ੍ਰਤੀ ਮਿਲੇ ਉਤਸ਼ਾਹ ਬਾਰੇ ਇਸ ਗੱਲ ਤੋਂ ਪਤਾ ਲੱਗਦਾ ਹੈ ਕਿ ਜੇਤੂਆਂ ਵਿੱਚੋਂ 14 ਟੈਕਸੇਸ਼ਨ ਜ਼ਿਲ੍ਹਾ ਅੰਮ੍ਰਿਤਸਰ ਤੋਂ, 10 ਹਰੇਕ ਟੈਕਸੇਸ਼ਨ ਜ਼ਿਲ੍ਹਿਆਂ ਬਰਨਾਲਾ, ਗੁਰਦਾਸਪੁਰ ਅਤੇ ਫਰੀਦਕੋਟ ਤੋਂ, 9 ਹਰੇਕ ਟੈਕਸੇਸ਼ਨ ਜ਼ਿਲ੍ਹਿਆਂ ਸ੍ਰੀ ਮੁਕਤਸਰ ਸਾਹਿਬ, ਬਠਿੰਡਾ ਅਤੇ ਮੋਗਾ ਤੋਂ, 8 ਹਰੇਕ ਟੈਕਸੇਸ਼ਨ ਜ਼ਿਲ੍ਹਿਆਂ ਫਤਿਹਗੜ੍ਹ ਸਾਹਿਬ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਪਟਿਆਲਾ, ਕਪੂਰਥਲਾ, ਪਠਾਨਕੋਟ, ਫਿਰੋਜ਼ਪੁਰ, ਫਾਜ਼ਿਲਕਾ, ਹੁਸ਼ਿਆਰਪੁਰ ਅਤੇ ਤਰਨ ਤਾਰਨ, 7 ਹਰੇਕ ਟੈਕਸੇਸ਼ਨ ਜ਼ਿਲ੍ਹਿਆਂ ਸ਼ਹੀਦ ਭਗਤ ਸਿੰਘ ਨਗਰ ਅਤੇ ਰੂਪਨਗਰ ਤੋਂ, ਟੈਕਸੇਸ਼ਨ ਜ਼ਿਲ੍ਹਾ ਮਾਨਸਾ ਤੋਂ 6 ਅਤੇ ਟੈਕਸੇਸ਼ਨ ਜ਼ਿਲ੍ਹਾ ਸੰਗਰੂਰ ਤੋਂ 5 ਜੇਤੂ ਸ਼ਾਮਲ ਹਨ।



ਵਿੱਤ ਮੰਤਰੀ ਨੇ ਦੱਸਿਆ ਕਿ 81 ਵਿਅਕਤੀਆਂ ਵੱਲੋਂ 10,000 ਰੁਪਏ ਦੀ ਇਨਾਮੀ ਰਾਸ਼ੀ ਜਿੱਤੀ ਗਈ। ਇਸ ਯੋਜਨਾ ਤਹਿਤ ਐਲਾਨੇ ਗਏ ਇਨਾਮ ਵਸਤ/ਸੇਵਾ ਲਈ ਅਦਾ ਕੀਤੇ ਕਰ ਦੇ ਪੰਜ ਗੁਣਾ ਦੇ ਬਰਾਬਰ ਅਤੇ ਵੱਧ ਤੋਂ ਵੱਧ 10 ਹਜ਼ਾਰ ਰੁਪਏ ਤੱਕ ਦੇ ਮੁੱਲ ਤੱਕ ਦਾ ਹੈ। ਉਨ੍ਹਾ ਕਿਹਾ ਕਿ ਜੇਤੂਆਂ ਦੀ ਸੂਚੀ ਟੈਕਸੇਸ਼ਨ ਵਿਭਾਗ ਦੀ ਵੈੱਬਸਾਈਟ ਉਤੇ ਨਸ਼ਰ ਕਰ ਦਿੱਤੀ ਗਈ ਹੈ।

ਵਿੱਤ ਮੰਤਰੀ ਨੇ ਦੱਸਿਆ ਕਿ ਆਨਲਾਈਨ ਲੱਕੀ ਡਰਾਅ ਦੌਰਾਨ ਕੁੱਲ 227 ਵਿਅਕਤੀ ਇਨਾਮ ਦੇ ਹੱਕਦਾਰ ਰਹੇ, ਜਦਕਿ 63 ਹੋਰ ਵਿਅਕਤੀਆਂ ਦੇ ਨਾਂਅ ਉਨ੍ਹਾਂ ਵੱਲੋਂ ਅਪਲੋਡ ਕੀਤੇ ਬਿੱਲਾਂ ਦੀ ਪੜਤਾਲ ਉਪਰੰਤ ਨਾਮਨਜ਼ੂਰ ਕਰ ਦਿੱਤੇ ਗਏ। ਇਨ੍ਹਾਂ ਵਿੱਚੋਂ ਕੁਝ ਵਿਅਕਤੀਆਂ ਵੱਲੋਂ ਅਪਲੋਡ ਕੀਤੇ ਗਏ ਬਿੱਲ ਸਤੰਬਰ ਦੀ ਜਗ੍ਹਾ ਅਗਸਤ ਮਹੀਨੇ ਦੇ ਸਨ, ਕੁਝ ਮਾਮਲਿਆਂ ਵਿੱਚ ਪੈਟਰੋਲ ਦੇ ਬਿੱਲ ਅਪਲੋਡ ਕੀਤੇ ਗਏ ਸਨ, ਕੁਝ ਬਿੱਲ ਪੰਜਾਬ ਤੋਂ ਬਾਹਰ ਕੀਤੀ ਖਰੀਦ ਨਾਲ ਸੰਬੰਧਤ ਸਨ ਅਤੇ ਇੱਕ ਕੇਸ ਵਿੱਚ ਅੱਪਲੋਡ ਕੀਤਾ ਗਿਆ ਬਿਜ਼ਨੈਸ ਤੋਂ ਬਿਜ਼ਨੈੱਸ ਲੈਣ-ਦੇਣ ਨਾਲ ਸੰਬੰਧਤ ਸੀ। ਉਹਨਾ ਇਸ ਯੋਜਨਾ ਤਹਿਤ ਪੈਟਰੋਲੀਅਮ ਉਤਪਾਦ (ਕੱਚਾ ਤੇਲ, ਪੈਟਰੋਲ, ਡੀਜ਼ਲ, ਹਵਾਬਾਜ਼ੀ ਟਰਬਾਈਨ ਈਂਧਨ ਅਤੇ ਕੁਦਰਤੀ ਗੈਸ) ਅਤੇ ਸ਼ਰਾਬ ਦੇ ਨਾਲ-ਨਾਲ ਬਿਜ਼ਨੈੱਸ-ਟੂ-ਬਿਜ਼ਨੈੱਸ ਦੇ ਲੈਣ-ਦੇਣ ਦੇ ਵਿਕਰੀ ਬਿੱਲ ਇਨਾਮ ਪ੍ਰਕ੍ਰਿਆ ਵਿੱਚ ਹਿੱਸਾ ਲੈਣ ਦੇ ਯੋਗ ਨਹੀਂ ਹਨ। ਲੋਕਾਂ ਨੂੰ ਵਸਤਾਂ ਤੇ ਸੇਵਾਵਾਂ ਦੀ ਖਰੀਦ ਲਈ ਬਿੱਲ ਲੈਣ ਦੀ ਮੁੜ ਅਪੀਲ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਪੰਜਾਬ ਵਾਸੀਆਂ ਨੂੰ ਵੱਧ ਤੋਂ ਵੱਧ ਇਸ ਸਕੀਮ ਵਿਚ ਹਿੱਸਾ ਲੈਣਾ ਚਾਹੀਦਾ ਹੈ, ਤਾਂ ਜੋ ਟੈਕਸ ਦੀ ਪਾਲਣ ਦਾ ਸੰਦੇਸ਼ ਘਰ-ਘਰ ਤੱਕ ਪਹੁੰਚਾਇਆ ਜਾ ਸਕੇ ਅਤੇ ਸਮਾਜ ਭਲਾਈ ਦੀਆਂ ਵੱਖ-ਵੱਖ ਸਕੀਮਾਂ ਨੂੰ ਹੋਰ ਬਿਹਤਰ ਢੰਗ ਨਾਲ ਚਲਾਉਣ ਲਈ ਸੂਬੇ ਨੂੰ ਮਾਲੀਏ ਪੱਖੋਂ ਹੋਰ ਮਜ਼ਬੂਤ ਕੀਤਾ ਜਾ ਸਕੇ।

## ਲੁਧਿਆਣਾ ਦੇ ਗੋਦਾਮ 'ਚ ਪਟਾਕਿਆਂ ਦੀਆਂ 300 ਪੇਟੀਆਂ ਫੜੀਆਂ



**ਲੁਧਿਆਣਾ** : ਪੁਲਸ ਨੇ ਪਟਾਕਿਆਂ ਦਾ ਗੈਰ-ਕਾਨੂੰਨੀ ਤੌਰ 'ਤੇ ਸਟੋਰ ਕੀਤਾ ਸਟਾਕ ਬਰਾਮਦ ਕੀਤਾ ਹੈ। ਲੁਧਿਆਣਾ ਦੇ ਲੋਹਾਰਾ ਇਲਾਕੇ ਦੇ ਇੱਕ ਗੋਦਾਮ ਵਿੱਚ ਲੱਖਾਂ ਰੁਪਏ ਦੇ ਪਟਾਕਿਆਂ ਦੀਆਂ ਕਰੀਬ 300 ਪੇਟੀਆਂ ਰੱਖੀਆਂ ਹੋਈਆਂ ਸਨ। ਇਸ ਤੋਂ ਇਲਾਵਾ, ਗੋਦਾਮ ਦੇ ਬਾਹਰ ਇੱਕ ਸਿਆਸੀ ਪਾਰਟੀ ਦਾ ਬੋਰਡ ਵੀ ਲਗਾਇਆ ਗਿਆ ਸੀ, ਜਿਸ ਸੰਬੰਧੀ ਪੁਲਸ ਨੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ। ਪੁਲਸ ਨੇ ਇਸ ਮਾਮਲੇ ਵਿੱਚ ਇੱਕ ਮੁਲਜ਼ਮ ਨੂੰ ਵੀ ਹਿਰਾਸਤ 'ਚ ਲਿਆ ਹੈ। ਪੁਲਸ ਕਮਿਸ਼ਨਰ ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਪੰਜਾਬ ਦੇ ਦਿੜਬਾ ਅਤੇ ਬਟਾਲਾ ਖੇਤਰਾਂ 'ਚ ਪਟਾਕਿਆਂ ਕਾਰਨ ਕਾਫੀ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ, ਜਿਸ ਕਾਰਨ ਪੁਲਸ ਵੱਲੋਂ ਪੂਰੀ ਚੌਕਸੀ ਵਰਤੀ ਜਾ ਰਹੀ ਹੈ। ਉਨ੍ਹਾ ਦੱਸਿਆ ਕਿ ਪੰਜ ਟਰੱਕਾਂ ਦਾ ਇਹ ਸਾਰਾ ਸਾਮਾਨ ਗੋਦਾਮ 'ਚ ਸਟੋਰ ਕੀਤਾ ਹੋਇਆ ਸੀ। ਜਾਂਚ ਦੌਰਾਨ ਪਟਾਕਿਆਂ ਦੇ ਕਰੀਬ 300 ਡੱਬੇ ਮਿਲੇ ਹਨ ਅਤੇ ਇਨ੍ਹਾਂ ਦੀ ਕੀਮਤ ਲੱਖਾਂ 'ਚ ਹੋ ਸਕਦੀ ਹੈ।

## ਡਾਕਟਰ ਚਤਰ ਸਿੰਘ ਬਣੇ ਸੀਨੀਅਰ ਸਿਟੀਜ਼ਨ ਐਸੋਸੀਏਸ਼ਨ ਬੁਢਲਾਡਾ ਦੇ ਮੁੱਖ ਸਲਾਹਕਾਰ



**ਬੁਢਲਾਡਾ (ਅਸ਼ੋਕ ਲਾਕੜਾ)**-ਸੀਨੀਅਰ ਸਿਟੀਜਨ ਐਸੋਸੀਏਸ਼ਨ ਬੁਢਲਾਡਾ ਦੀ ਮੀਟਿੰਗ ਵਿੱਚ ਡਾਕਟਰ ਚੱਤਰ ਸਿੰਘ ਨੂੰ ਮੈਂਬਰ ਦੇ ਤੌਰ 'ਤੇ ਸ਼ਾਮਲ ਕਰਕੇ ਉਹਨਾਂ ਨੂੰ ਮੁੱਖ ਸਲਾਹਕਾਰ ਦੀ ਭੂਮਿਕਾ ਨਿਭਾਉਣ ਦੀ ਜਿੰਮੇਵਾਰੀ ਸੌਂਪੀ। ਇਹ ਜਾਣਕਾਰੀ ਦਿੰਦਿਆਂ ਐਸੋਸੀਏਸ਼ਨ ਦੇ ਪ੍ਰਧਾਨ ਕੇਵਲ ਗਰਗ ਨੇ ਦੱਸਿਆ ਕਿ 81 ਸਾਲਾਂ ਦੇ ਡਾਕਟਰ ਚਤਰ ਸਿੰਘ ਟੇਬਲ ਟੈਨਿਸ ਦੇ ਪ੍ਰਮੁੱਖ ਖਿਡਾਰੀ ਹਨ ਅਤੇ ਇਹਨਾਂ ਨੇ ਖੇਲੋ ਪੰਜਾਬ ਖੇਡਾਂ ਵਿੱਚ ਜਿਲ੍ਹਾ ਪੱਧਰ 'ਤੇ ਗੋਲਡ ਮੈਡਲ ਵੀ ਜਿੱਤਿਆ ਹੈ। ਮੈਂਬਰਾਂ ਨੇ ਆਸ ਪ੍ਰਗਟਾਈ ਕਿ ਡਾਕਟਰ ਸਾਹਿਬ ਦੇ ਮਾਰਗਦਰਸ਼ਨ ਨਾਲ ਐਸੋਸੀਏਸ਼ਨ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰੇਗੀ। ਮੀਟਿੰਗ 'ਚ ਪ੍ਰਧਾਨ ਕੇਵਲ ਗਰਗ ਤੋਂ ਇਲਾਵਾ ਚੇਅਰਮੈਨ ਸੁਰਜੀਤ ਸਿੰਘ, ਮੀਤ ਪ੍ਰਧਾਨ ਅਵਿਨਾਸ਼ ਸੂਦ, ਕ੍ਰਿਸ਼ਨ ਸਿੰਗਲਾ, ਵਿੱਤ ਸਕੱਤਰ ਸੱਤਪਾਲ ਗਰਗ ਅਤੇ ਮੈਂਬਰ ਜਗਦੀਸ਼ ਸ਼ਰਮਾ ਅਤੇ ਵਿਜੇ ਵਰਮਾ ਹਾਜ਼ਰ ਸਨ।

## ਪਨਸੀਡ ਚੇਅਰਮੈਨ ਮਹਿੰਦਰ ਸਿੰਘ ਵੱਲੋਂ ਰੱਤੋਕੇ ਸਕੂਲ ਦਾ ਦੌਰਾ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਸਰਕਾਰੀ ਐਲੀਮੈਂਟਰੀ ਸਕੂਲ ਰਤੋਕੇ ਆਪਣੀਆਂ ਪ੍ਰਾਪਤੀਆਂ ਅਤੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਜਾਣਿਆ ਜਾਂਦਾ ਹੈ। ਬੀਤੇ ਦਿਨੀ ਇਸ ਸਕੂਲ ਦੇ ਵਿਦਿਆਰਥੀਆਂ ਨੂੰ ਅਸ਼ੀਰਵਾਦ ਦੇਣ ਅਤੇ ਸਟਾਫ ਨੂੰ ਸਰਕਾਰ ਵੱਲੋਂ ਸ਼ਾਬਾਸ਼ ਦੇਣ ਲਈ ਪਨਸੀਡ ਦੇ ਚੇਅਰਮੈਨ ਮਹਿੰਦਰ ਸਿੰਘ ਸਿੱਧੂ ਉਚੇਚੇ ਤੌਰ 'ਤੇ ਸਰਕਾਰੀ ਐਲੀਮੈਂਟਰੀ ਸਕੂਲ ਰੱਤੋਕੇ ਪਧਾਰੇ। ਉਹਨਾਂ ਹਰ ਜਮਾਤ ਵਿੱਚ ਜਾ ਕੇ ਵਿਦਿਆਰਥੀਆਂ ਦੇ ਕੰਮ ਨੂੰ ਬੜੀ ਬਰੀਕੀ ਨਾਲ ਵੇਖਿਆ ਅਤੇ ਸਮੂਹ ਸਟਾਫ ਨਾਲ ਗੱਲਬਾਤ ਕੀਤੀ। ਉਹਨਾਂ ਵਿਦਿਆਰਥੀਆਂ ਦੀ ਲਿਖਾਈ-ਪੜ੍ਹਾਈ ਦੇ ਪੱਧਰ, ਖੇਡਾਂ ਵਿੱਚ ਪ੍ਰਾਪਤੀਆਂ ਦੀ ਰੱਜ ਕੇ ਪ੍ਰਸ਼ੰਸਾ ਕੀਤੀ। ਉਹਨਾਂ ਇਹ ਵੀ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ, ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਖੁਦ ਉਹਨਾਂ ਦੇ ਰੱਤੋਕੇ ਸਕੂਲ ਧਿਆਨ ਵਿੱਚ ਹੈ। ਉਹਨਾਂ ਵਿਸ਼ਵਾਸ਼ ਦਿਵਾਇਆ ਕਿ ਸਰਕਾਰ ਵੱਲੋਂ ਸਕੂਲ ਨੂੰ ਕਦੇ ਕੋਈ ਕਮੀ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਸਕੂਲ ਵਿੱਚ ਉਹਨਾਂ ਦਾ ਸਵਾਗਤ ਸਰਪੰਚ ਕੁਲਦੀਪ ਕੌਰ, ਮੈਡਮ ਕਰਮਜੀਤ ਕੌਰ, ਸੱਤਪਾਲ ਕੌਰ, ਪ੍ਰਦੀਪ ਸਿੰਘ, ਪ੍ਰਵੀਨ ਕੌਰ, ਸੁਖਪਾਲ ਸਿੰਘ, ਮੈਡਮ ਰੇਨੂ ਸਿੰਗਲਾ ਅਤੇ ਮੈਡਮ ਰਣਜੀਤ ਕੌਰ ਨੇ ਕੀਤਾ।

## ਬਾਬਾ ਬੰਦਾ ਸਿੰਘ ਬਹਾਦਰ ਦੇ 353ਵੇਂ ਜਨਮ ਉਤਸਵ 'ਤੇ ਦੇਸੀ ਘਿਓ ਦਾ ਦੀਵਾ ਜਗਾਓ : ਬਾਵਾ



**ਜਗਰਾਉ (ਅਮਿਤ ਖੰਨਾ, ਨਛੱਤਰ ਸੰਧੂ)**-ਬੀ ਬੀ ਐਸ ਬੀ ਕਾਨਵੈਂਟ ਸਕੂਲ ਸਿਧਵਾਂ ਬੇਟ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦਾ 353ਵਾਂ ਜਨਮ ਉਸਤਵ 16 ਅਕਤੂਬਰ ਨੂੰ ਸੂਬਾ ਪੱਧਰੀ ਸਮਾਗਮ ਕਰਕੇ ਮਨਾਉਣ ਸੰਬੰਧੀ ਵਿਚਾਰਾਂ ਹੋਈਆ। ਇਸ ਸਮੇਂ ਮੁੱਖ ਤੌਰ ਤੇ ਬਾਬਾ ਬੰਦਾ ਸਿੰਘ ਬਹਾਦਰ ਅੰਤਰ ਰਾਸ਼ਟਰੀ ਫਾਊਂਡੈਸ਼ਨ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਜਨਰਲ ਸਕੱਤਰ ਫਾਉਡੈਸ਼ਨ ਨਵਦੀਪ ਸਿੰਘ ਨਵੀ, ਭਗਵਾਨ ਦਾਸ ਬਾਵਾ ਟਰੱਸਟੀ ਰਕਬਾ ਭਵਨ, ਪ੍ਰਬੰਧਕ ਸਕੱਤਰ ਫਾਉਂਡੇਸ਼ਨ ਪੰਜਾਬ ਸ਼ਾਮ ਸੁੰਦਰ ਭਾਰਦਵਾਜ, ਤਰਸੇਮ ਸਿੰਘ ਬਾਵਾ, ਯੂਥ ਨੇਤਾਗਗਨਦੀਪ ਬਾਵਾ, ਅਰਜੁਨ ਬਾਵਾ, ਨਵਦੀਪ ਸਿੰਘ (ਵਿੱਕੀ) ਬਾਵਾ ਅਤੇ ਪ੍ਰਿੰਸੀਪਲ ਮੋਨਾ ਠਾਕੁਰ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਇਸ ਸਮੇਂ ਕੇ ਕੇ ਬਾਵਾ ਨੇ ਕਿਹਾ ਕਿ ਲੋੜ ਹੈ ਅਸੀਂ ਮਹਾਨ ਯੋਧੇ ਜਰਨੈਲ ਕਿਸਾਨੀ ਦੇ ਮੁਕਤੀ ਦਾ ਤਾ ਬਾਬਾ ਬੰਦਾ ਸਿੰਘ ਬਹਾਦੁਰ ਦੀ ਕੁਰਬਾਨੀ, ਦੇਣ ਅਤੇ ਸਮਾਜਿਕ ਪਰਿਵਰਤਨ ਨੂੰ ਯਾਦ ਰੱਖੀਏ ਅੱਜ ਦੇ ਕਿਸਾਨਾਂ ਨੂੰ ਮੁਜਾਰਿਆਂ ਤੋਂ ਜ਼ਮੀਨਾ ਦੇ ਮਾਲਕ ਬਣਾਉਣ ਵਾਲੇ ਬਾਬਾ ਬੰਦਾ ਸਿੰਘ ਬਹਾਦੁਰ ਹੀ ਹਨ। 16 ਅਕਤੂਬਰ ਨੂੰ ਉਨ੍ਹਾਂ ਦੇ 353ਵੇਂ ਜਨਮ ਦਿਨ ਉਤਸਵ 'ਤੇ ਹਰ ਪੰਜਾਬੀ (ਕਿਸਾਨ) ਆਪਣੇ ਘਰ ਤੇ ਦੇਸੀ ਘਿਓ ਦਾ ਦੀਵਾ ਬਾਲੇ ਤਾਂ ਕਿ ਅਸੀਂ ਮਹਾਨ ਯੋਧੇ ਦੇ ਅਹਿਸਾਨ ਮੰਦ ਹੋਈਏ।

## ਮੰਡੀਆਂ 'ਚ ਕਿਸਾਨਾਂ ਦੀਆਂ ਮੁਸ਼ਕਲਾਂ ਬਾਰੇ ਜਾਣੂ ਕਰਵਾਇਆ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਬਲਾਕ ਗਿੱਦੜਬਾਹਾ ਵਿਖੇ ਭਾਰਤੀ ਕਿਸਾਨ ਯੂਨੀਅਨ ਖੋਸਾ ਵੱਲੋਂ ਨਾਨਕ ਸਿੰਘ ਫਕਰਸਰ ਬਲਾਕ ਪ੍ਰਧਾਨ ਅਤੇ ਕੁਲਦੀਪ ਸਿੰਘ ਨੇਤਾ ਕੋਟਭਾਈ ਜਿਲ੍ਹਾ ਜਰਨਲ ਸਕੱਤਰ ਸ੍ਰੀ ਮੁਕਤਸਰ ਸਾਹਿਬ ਦੀ ਅਗਵਾਈ 'ਚ ਦਾਣਾ ਮੰਡੀ ਵਿੱਚ ਕਿਸਾਨਾਂ ਨੂੰ ਆ ਰਹੀਆਂ ਮੁਸ਼ਕਲਾਂ ਦੇ ਹੱਲ ਲਈ ਮਾਰਕਿਟ ਕਮੇਟੀ ਦੇ ਸੈਕਟਰੀ ਨਾਲ ਇੱਕ ਅਹਿਮ ਮੀਟਿੰਗ ਕੀਤੀ ਅਤੇ ਉਨਾਂ ਨੂੰ ਕਿਸਾਨਾਂ ਦੀਆਂ ਮੁੱਖ ਮੰਗਾਂ ਅਤੇ ਮੁਸ਼ਕਲਾਂ ਬਾਰੇ ਜਾਣੂ ਕਰਵਾਇਆ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਨਾਨਕ ਸਿੰਘ ਫਕਰਸਰ ਅਤੇ ਕੁਲਦੀਪ ਸਿੰਘ ਨੇਤਾ ਨੇ ਦੱਸਿਆ ਕਿ ਝੋਨੇ ਦੀ ਫਸਲ ਅਤੇ ਨਰਮੇ ਦੀ ਫਸਲ ਦੇ ਸੀਜਨ ਦੌਰਾਨ ਮੰਡੀਆਂ ਵਿੱਚ ਕਿਸਾਨਾਂ ਨੂੰ ਆਉਣ ਵਾਲੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਮਾਰਕਿਟ ਕਮੇਟੀ ਦੇ ਸੈਕਟਰੀ ਬਲਕਾਰ ਸਿੰਘ ਨੇ ਪੂਰਾ ਭਰੋਸਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਠੇਕੇ 'ਤੇ ਲੈ ਕੇ ਵਾਹੀ ਕਰਨ ਵਾਲਿਆਂ ਨੂੰ ਅਧਾਰ ਕਾਰਡ ਸੰਬੰਧੀ ਕੋਈ ਮੁਸ਼ਕਲ ਨਹੀ ਆਵੇਗੀ, ਬਾਹਰੋ ਆਉਣ ਵਾਲੇ ਝੋਨੇ ਤੇ ਪੂਰੀ ਨਿਗਰਾਨੀ ਰੱਖੀ ਜਾਵੇਗੀ। ਇਸ ਮੌਕੇ ਜਸਵੀਰ ਸਿੰਘ ਬਲਾਕ ਮੀਤ ਪ੍ਰਧਾਨ, ਬਲਦੇਵ ਸਿੰਘ ਬਲਾਕ ਖਜ਼ਾਨਚੀ, ਜਸਕਰਨ ਸਿੰਘ ਨਿੱਕੂ ਕੋਠੇ ਹਿੰਮਤਪੁਰਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

## ਦਾ ਇਮਿਗਰੇਸ਼ਨ ਪਲੈਨਰ ਵੱਲੋਂ 6 ਰਫਿਊਜ਼ਲ ਬਾਅਦ ਲਗਵਾਇਆਂ ਸੱਟਡੀ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਹੁਤ ਹੀ ਥੋੜ੍ਹੇ ਸਮੇਂ ਵਿੱਚ ਆਈਲੈਟਸ ਦੀ ਦੁਨੀਆਂ ਵਿੱਚ ਆਪਣਾ ਨਾਂਅ ਬਣਾ ਰਹੀ ਦਾ ਇਮਿਗਰੇਸ਼ਨ ਪਲੈਨਰ ਜੋ ਕਿ ਕਾਲੇ ਕੇ ਰੋਡ ਉੱਪਰ ਸਥਿਤ ਹੈ ਨੇ ਜਗਸ਼ੀਰ ਸਿੰਘ ਵਾਸੀ ਧੂਰਕੋਟ ਰਣਸੀਹ ਦਾ 4 ਸਾਲ ਦੇ ਗੈਪ ਅਤੇ 6 ਰਫਿਊਜ਼ਲ ਦੇ ਬਾਵਜੂਦ ਵੀ ਲਗਵਾਈਆਂ ਕੇਨੈਡਾ ਦਾ ਸਟਡੀ ਵੀਜ਼ਾ। ਜਗਸੀਰ ਸਿੰਘ ਵਾਸੀ ਧੂਰਕੋਟ ਰਣਸੀਂਹ ਨਿਹਾਲ ਸਿੰਘ ਵਾਲਾ ਜਿਲ੍ਹਾ ਮੋਗਾ ਨੇ ਸਟਾਫ਼ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਸਟਾਫ ਦੀ ਅਣਥੱਕ ਮਿਹਨਤ ਸਦਕਾ ਹੀ ਮੇਰਾ ਕੈਨੇਡਾ ਦਾ ਸੱਟਡੀ ਵੀਜਾ ਲੱਗਿਆ ਹੈ। ਐਮ ਡੀ ਯੋਗੇਸ਼ ਗੋਇਲ ਅਤੇ ਗਗਨਦੀਪ ਨੇ ਵਿਦਿਆਰਥੀ ਜਗਸ਼ੀਰ ਸਿੰਘ ਵਾਸੀ ਧੂਰਕੋਟ ਰਣਸੀਂਹ ਅਤੇ ਉਨ੍ਹਾਂ ਦੇ ਪਰਵਾਰ ਨੂੰ ਵਧਾਈ ਦਿੱਤੀ ਅਤੇ ਉਸ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ।

## ਮੁੱਖ ਮੰਤਰੀ ਦੀਆਂ ਨੀਤੀਆਂ ਤੋਂ ਖੁਸ਼ ਹੋ ਕੇ ਲੋਕ 'ਆਪ' ਨਾਲ ਜੁੜ ਰਹੇ : ਕਟਾਰੀਆ, ਕੰਧਾਰੀ



**ਮੱਖੂ (ਰਛਪਾਲ ਸਿੰਘ ਸੰਧੂ)**-ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਖੁਸ਼ ਹੋ ਕੇ ਵੱਡੀ ਗਿਣਤੀ ਵਿੱਚ ਲੋਕ ਵੱਖ ਵੱਖ ਸਿਆਸੀ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਯੂਥ ਆਗੂ ਸ਼ੰਕਰ ਕਟਾਰੀਆ ਅਤੇ ਯੂਥ ਆਗੂ ਅਜੇ ਕੰਧਾਰੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਨੇ ਜਿੱਥੇ ਇੱਕ ਸਾਲ ਦੇ ਕਾਰਜ ਕਾਲ ਦੌਰਾਨ ਹਰ ਵਰਗ ਦੇ ਹੱਕ ਵਿੱਚ ਇਤਿਹਾਸਕ 'ਤੇ ਸ਼ਲਾਘਾਯੋਗ ਫੈਸਲੇ ਲਏ ਹਨ ਉਥੇ ਮੁਲਾਜਮ ਵਰਗ ਨੂੰ ਵੀ ਰਾਹਤ ਦਿੰਦੇ ਹੋਏ ਕੱਚੇ ਮੁਲਾਜਮਾਂ ਨੂੰ ਪੱਕਾ ਵੀ ਕੀਤਾ। ਜਿਹੜੇ ਵਾਅਦੇ ਆਮ ਆਦਮੀ ਪਾਰਟੀ ਨੇ ਕੀਤੇ ਸਨ ਉਹ ਵਾਅਦੇ ਪੂਰੇ ਕੀਤੇ ਜਾ ਰਹੇ ਹਨ। ਇਸ ਮੌਕੇ ਉਨ੍ਹਾਂ ਨਾਲ ਪਵਨ ਕਟਾਰੀਆ, ਸ਼ਮਸ਼ੇਰ ਸਿੰਘ ਵਾਰਸਵਾਲਾ, ਸੁਮਿਤ ਕਟਾਰੀਆ, ਦਾਨਿਸ਼, ਕਟਾਰੀਆ, ਭੀਮ ਠੁਕਰਾਲ, ਲਖਵੀਰ ਸਿੰਘ ਆਦਿ ਹਾਜ਼ਰ ਸਨ।

## ਪਰਾਲੀ ਨਾ ਸਾੜਨ ਸੰਬੰਧੀ ਕਿਸਾਨ ਸਿਖਲਾਈ ਕੈਂਪ ਲਗਾਇਆ




**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਪੰਜਾਬ ਸਰਕਾਰ ਅਤੇ ਡਿਪਟੀ ਕਮਿਸ਼ਨਰ ਮੋਗਾ ਕੁਲਵੰਤ ਸਿੰਘ ਦੀਆਂ ਪਰਾਲੀ ਨਾ ਸਾੜਨ ਦੀਆਂ ਸਖਤ ਹਦਾਇਤਾਂ ਦੀ ਪਾਲਣਾ ਕਰਦਿਆਂ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਰੋਜ਼ਾਨਾ ਪਿੰਡ ਪੱਧਰੀ ਕਿਸਾਨਾਂ ਜਾਗਰੂਕਤਾ ਕੈਂਪਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਨ੍ਹਾਂ ਕੈਂਪਾਂ ਜਰੀਏ ਝੋਨੇ ਦੀ ਪਰਾਲੀ ਨੂੰ ਸਾੜਨ ਨਾਲ ਹੋਣ ਬਾਰੇ ਨੁਕਸਾਨਾਂ, ਪਰਾਲੀ ਦੇ ਯੋਗ ਪ੍ਰਬੰਧਨ ਦੀਆਂ ਤਕਨੀਕਾਂ, ਵਾਤਾਵਰਣ ਪੱਖੀ ਖੇਤੀਬਾੜੀ ਮਸ਼ੀਨਰੀ ਆਦਿ ਬਾਰੇ ਵਿਸਥਾਰ ਨਾਲ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਜਾ ਰਹੀ ਹੈ। ਇਨ੍ਹਾਂ ਕੈਂਪਾਂ ਦੀ ਲਗਾਤਾਰਤਾ 'ਚ ਮੁੱਖ ਖੇਤੀਬਾੜੀ ਅਫ਼ਸਰ ਮੋਗਾ ਡਾ. ਮਨਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਤੇ ਬਲਾਕ ਖੇਤੀਬਾੜੀ ਅਫ਼ਸਰ ਕੋਟ ਈਸੇ ਖਾਂ ਡਾ. ਗੁਰਬਾਜ ਸਿੰਘ ਦੀ ਯੋਗ ਅਗਵਾਈ ਹੇਠ ਹੀਰਾ ਲਾਲ ਖੇਤੀਬਾੜੀ ਵਿਸਥਾਰ ਅਫ਼ਸਰ ਵੱਲੋਂ ਪਿੰਡ ਅੰਮੀਵਾਲਾ ਵਿਖੇ ਕਿਸਾਨ ਸਿਖਲਾਈ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਖੇਤੀਬਾੜੀ ਵਿਸਥਾਰ ਅਫ਼ਸਰ ਹੀਰਾ ਲਾਲ ਨੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਬਿਨ੍ਹਾਂ ਸਾੜੇ ਕਣਕ ਦੀ ਬਿਜਾਈ ਬਾਰੇ ਦੱਸਿਆ ਅਤੇ ਕਿਸਾਨਾਂ ਨੂੰ ਖੇਤੀ ਲਾਗਤਾਂ ਘਟਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਸਾਨਾਂ ਨੂੰ ਬੇਲਰ, ਸੁਪਰਸੀਡਰ, ਹੈਪੀਸੀਡਰ, ਮਲਚਰ ਆਦਿ ਦੀ ਵਰਤੋਂ ਬਾਰੇ ਦੱਸਿਆ ਅਤੇ ਕਿਸਾਨਾਂ ਨੂੰ ਮਿੱਟੀ ਪਾਣੀ ਪਰਖ ਦੀ ਮਹੱਤਤਾ ਬਾਰੇ ਦੱਸਿਆ। ਕਿਸਾਨਾਂ ਨੂੰ ਸਰਫੇਸ ਸੀਡਰ ਮਸ਼ੀਨ ਦੀ ਵਰਤੋਂ ਬਾਰੇ ਦੱਸਿਆ। ਇਸ ਮੌਕੇ ਅਸ਼ਵਨੀ ਕੁਮਾਰ ਖੇਤੀਬਾੜੀ ਵਿਸਥਾਰ ਅਫ਼ਸਰ ਨੇ ਕਿਸਾਨਾਂ ਨੂੰ ਪਰਾਲੀ ਸਾਂਭਣ ਲਈ ਖੇਤੀਬਾੜੀ ਮਸ਼ੀਨਰੀ ਤੇ ਮਿਲਣ ਵਾਲੀ ਸਬਸਿਡੀ ਬਾਰੇ ਦੱਸਿਆ। ਇਸ ਮੌਕੇ ਕੁਲਵੰਤ ਸਿੰਘ, ਚਰਨਜੀਤ ਸਿੰਘ, ਗੁਰਨਾਮ ਸਿੰਘ, ਮਨਜਿੰਦਰ ਸਿੰਘ ਆਦਿ ਕਿਸਾਨ ਹਾਜ਼ਰ ਸਨ।

# ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਨੇ ਬੀ ਡੀ ਪੀ ਓ ਦਫਤਰ ਅੱਗੇ ਲਾਇਆ ਧਰਨਾ

### ਮਾਮਲਾ ਬੀ ਡੀ ਪੀ ਓ ਵੱਲੋਂ ਸਰਪੰਚਾਂ ਤੋਂ ਪੈਸੇ ਮੰਗਣ ਦਾ



**ਜ਼ੀਰਾ (ਨਰਿੰਦਰ ਅਨੇਜਾ)**-ਜ਼ੀਰਾ ਬਲਾਕ ਦੇ ਸਮੂਹ ਸਰਪੰਚਾਂ ਵੱਲੋਂ ਅੱਜ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਕੁਲਬੀਰ ਸਿੰਘ ਜ਼ੀਰਾ ਦੀ ਰਹਿਨੁਮਾਈ ਹੇਠ ਬੀ ਡੀ ਪੀ ਓ ਦਫਤਰ ਜ਼ੀਰਾ ਵਿਖੇ ਇੱਕ ਵਿਸ਼ਾਲ ਰੋਸ ਧਰਨਾ ਦਿੱਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਾਂਗਰਸ ਸਰਕਾਰ ਵਿੱਚ ਬਣੇ ਸਰਪੰਚਾਂ ਨੂੰ ਬਹੁਤ ਤੰਗ ਪਰੇਸ਼ਾਨ ਕਰ ਰਿਹਾ। ਉਹ ਪਿੰਡਾਂ ਦਾ ਵਿਕਾਸ ਕਰਨ ਦੀ ਬਜਾਏ ਪਿੰਡਾਂ ਦੇ ਵਿਕਾਸ ਵਿੱਚ ਰੋੜੇ ਅਟਕਾ ਰਿਹਾ ਹੈ। ਕੁਲਬੀਰ ਸਿੰਘ ਜ਼ੀਰਾ ਨੇ ਦੱਸਿਆ ਕਿ ਇਹ ਬੀ ਡੀ ਪੀ ਓ ਸੁਰਜੀਤ ਸਿੰਘ ਕੋਲ ਜ਼ੀਰਾ ਅਤੇ ਮਖੂ ਦਾ ਇੰਚਾਰਜ ਹੈ। ਇਹ ਬੀ ਡੀ ਪੀ ਓ ਪਿੰਡਾਂ ਦੇ ਸਰਪੰਚਾਂ ਨੂੰ ਕੰਮ ਕਰਨ ਦੀ ਇਜਾਜ਼ਤ ਨਹੀਂ ਦੇ ਰਿਹਾ, ਸਗੋਂ ਪਿੰਡਾਂ ਦੀਆਂ ਗਰਾਂਟਾਂ ਨੂੰ ਰਿਲੀਜ਼ ਕਰਨ ਬਦਲੇ 20% ਹਿੱਸਾ ਮੰਗ ਰਿਹਾ ਹੈ, ਜਦ ਕਿ ਇਹ ਗਰਾਂਟਾਂ ਪਿਛਲੀ ਕਾਂਗਰਸ ਸਰਕਾਰ ਵੇਲੇ ਮੇਰੇ ਦੁਆਰਾ ਬਲਾਕ ਜੀਰਾ ਦੇ ਵੱਖ-ਵੱਖ 116 ਪਿੰਡਾਂ ਨੂੰ 115 ਕਰੋੜ ਰੁਪਏ ਦੀਆਂ ਦਿੱਤੀਆਂ ਗਈਆਂ ਸਨ ਤਾਂ ਕਿ ਪਿੰਡਾਂ ਦਾ ਸਰਬਪੱਖੀ ਵਿਕਾਸ ਹੋ ਸਕੇ। ਉਹਨਾਂ ਦੱਸਿਆ ਕਿ ਕਈ ਪਿੰਡਾਂ ਦੇ ਸਰਪੰਚਾਂ ਵੱਲੋਂ ਆਪਣੇ ਕੋਲੋਂ ਪੈਸੇ ਲਗਾ ਕੇ ਕੰਮ ਕਰਵਾ ਦਿੱਤੇ ਗਏ ਹਨ ਪਰ ਹੁਣ ਇਹ ਬੀ ਡੀ ਪੀ ਓ ਜ਼ੀਰਾ ਉਹਨਾਂ ਸਰਪੰਚਾਂ ਦੇ ਪੈਸੇ ਨਹੀਂ ਦੇ ਰਿਹਾ। ਉਹਨਾਂ ਕਿਹਾ ਕਿ ਵੋਟਾਂ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਇਹ ਕਹਿੰਦਾ ਸੀ ਕਿ ਅਸੀਂ ਪਿੰਡਾਂ ਦੇ ਸਰਪੰਚਾਂ ਨੂੰ ਬਣਦਾ ਮਾਣ-ਸਤਿਕਾਰ ਦੁਆਵਾਂਗੇ ਅਤੇ ਪਿੰਡਾਂ ਦੇ ਵਿਕਾਸ ਦੇ ਕੰਮ ਪਹਿਲ ਦੇ ਆਧਾਰ 'ਤੇ ਕਰਵਾਏ ਜਾਣਗੇ। ਉਹਨਾਂ ਮੰਗ ਕੀਤੀ ਕਿ ਸਾਨੂੰ ਇਹ ਦੱਸਿਆ ਜਾਵੇ ਕਿ ਹੁਣ ਤੱਕ ਸਰਕਾਰ ਬਣੀ ਨੂੰ 18 ਮਹੀਨੇ ਬੀਤ ਚੁੱਕੇ ਹਨ ਕਿ ਜ਼ੀਰਾ ਬਲਾਕ ਦੇ ਪਿੰਡਾਂ ਨੂੰ ਵਿਕਾਸ ਲਈ ਕਿੰਨੀ ਰਕਮ ਰਿਲੀਜ਼ ਕੀਤੀ ਗਈ ਹੈ। ਉਹਨਾਂ ਦੱਸਿਆ ਕਿ ਜ਼ੀਰਾ ਬਲਾਕ ਦੀ ਹਰ ਪੰਚਾਇਤ ਕੋਲ ਸਾਡੀ ਸਰਕਾਰ ਦੁਆਰਾ ਦਿੱਤੇ ਗਏ ਰੁਪਈਆਂ ਵਿੱਚੋਂ 20 ਤੋਂ 25 ਲੱਖ ਰੁਪਏ ਵਿਕਾਸ ਲਈ ਬਕਾਏ ਪਏ ਹਨ ਪਰ ਉਲਟਾ ਬੀਡੀਪੀਓ ਵੱਲੋਂ ਖਰਚਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ ਸਗੋਂ ਪੇਮੈਂਟਾਂ ਰਿਲੀਜ਼ ਕਰਨ ਲਈ ਕਮਿਸ਼ਨ ਮੰਗੀ ਜਾ ਰਹੀ ਹੈ। ਉਹਨਾ ਕਿਹਾ ਕਿ ਕਈ ਪਿੰਡਾਂ ਦੇ ਸਰਪੰਚਾਂ ਨੂੰ ਜ਼ਬਰਦਸਤੀ ਹਟਾ ਕੇ ਨਿਗਰਾਨ ਲਾਏ ਜਾ ਰਹੇ ਹਨ ਜਦ ਕਿ ਪਿੰਡ ਦੇ ਸਰਪੰਚ ਦੀ ਥਾਂ ਸਿਰਫ ਬੀਡੀਪੀਓ ਹੀ ਨਿਗਰਾਨ ਲੱਗ ਸਕਦਾ ਹੈ ਪਰ ਹਲਕਾ ਵਿਧਾਇਕ ਨਰੇਸ਼ ਕਟਾਰੀਆ ਆਪਣੇ ਚਹੇਤਿਆਂ ਨੂੰ ਹੀ ਨਿਗਰਾਨ ਅਫਸਰ ਲਗਾ ਰਿਹਾ ਹੈ। ਉਹਨਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ 2022 ਵਿੱਚ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਸਰਕਾਰ ਦੌਰਾਨ ਬਲਾਕ ਜ਼ੀਰਾ ਵਿੱਚ 526 ਪਲਾਟਾਂ ਦੀ ਗਰੀਬ ਪਰਵਾਰਾਂ ਨੂੰ ਵੰਡ ਕੀਤੀ ਗਈ ਸੀ, ਉਹਨਾਂ ਦਿੱਤੇ ਪਲਾਟਾਂ ਵਿੱਚੋਂ ਪਿੰਡ ਵਾੜਾ ਪੋਹਵਿੰਡ ਦੇ ਗਗਨਦੀਪ ਸਿੰਘ ਪਲਾਟ ਨੰਬਰ 35 ਦੇ ਝੂਠੇ ਸਰਟੀਫਿਕੇਟ ਬਣਾ ਕੇ ਹਲਕਾ ਵਿਧਾਇਕ ਆਪਣੀ ਫੋਟੋ ਲਾ ਕੇ ਤੇ ਅਣ ਅਧਿਕਾਰਤ ਸਰਪੰਚ ਦੇ ਦਸਤਖਤ ਕਰਵਾਏ ਗਏ ਹਨ, ਜਦ ਕਿ ਸਰਟੀਫਿਕੇਟ ਉਤੇ ਅਧਿਕਾਰਤ ਸਰਪੰਚ ਦੇ ਦਸਤਖਤ ਨਹੀਂ ਬਲਕਿ ਬੀ ਡੀ ਪੀ ਓ ਦੇ ਦਸਤਕ ਹੋਣੇ ਚਾਹੀਦੇ ਹਨ। ਹਲਕਾ ਵਿਧਾਇਕ ਹਲਕੇ ਦੇ ਭੋਲੇ-ਭਾਲੇ ਲੋਕਾਂ ਨਾਲ 420 ਕਰ ਰਿਹਾ ਹੈ, ਇਸ ਲਈ ਬੀ ਡੀ ਪੀ ਓ ਜ਼ੀਰਾ ਅਤੇ ਹਲਕਾ ਵਿਧਾਇਕ ਅਤੇ ਅਧਿਕਾਰਤ ਸਰਪੰਚ 'ਤੇ 420 ਦਾ ਮੁਕੱਦਮਾ ਦਰਜ ਹੋਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਇਹ ਧਰਨਾ ਦੋ ਦਿਨ ਚੱਲੇਗਾ। ਇਸ ਦੌਰਾਨ ਬੀਡੀਪੀਓ ਚੰਡੀਗੜ੍ਹ ਮੀਟਿੰਗ ਦਾ ਬਹਾਨਾ ਲਾ ਕੇ ਬਾਹਰ ਚਲਾ ਗਿਆ ਅਤੇ ਇਸ ਦੌਰਾਨ ਦਫਤਰ ਦੇ ਕਈ ਮੁਲਾਜ਼ਮ ਦਫਤਰਾਂ ਨੂੰ ਤਾਲੇ ਮਾਰ ਕੇ ਚਲੇ ਗਏ।

ਇਸ ਧਰਨੇ ਵਿੱਚ ਵੱਖ-ਵੱਖ ਪਿੰਡਾਂ ਦੇ ਸਰਪੰਚ ਸਰਦੂਲ ਸਿੰਘ ਮਰਖਾਈ, ਦਰਸ਼ਨ ਸਿੰਘ ਨੌਰੰਗ ਸਿੰਘ ਵਾਲਾ, ਬਲਜੀਤ ਸਿੰਘ ਬੋੜਾਂਵਾਲੀ, ਹਰਪ੍ਰੀਤ ਸਿੰਘ ਕੋਹਾਲਾ, ਬਲਜਿੰਦਰ ਸਿੰਘ ਕੋਠੇ ਅੰਬਰਹਰ, ਜੋਰਾਵਰ ਸਿੰਘ ਅਮੀਰ ਸ਼ਾਹ, ਮੇਹਰ ਸਿੰਘ ਬਾਹਰਵਾਲੀ, ਗੁਰਮੀਤ ਸਿੰਘ ਜੱਟਾਂ ਵਾਲੀ, ਜਗੀਰ ਸਿੰਘ ਕਟੋਰਾ, ਸੁਖਵਿੰਦਰ ਸਿੰਘ ਗੱਟਾ, ਅੰਗਰੇਜ ਸਿੰਘ ਸਨੇਰ, ਬਲਵੀਰ ਸਿੰਘ ਮਲਸੀਆਂ ਕਰਾਂ, ਗੁਰਮੀਤ ਸਿੰਘ ਮਲਸੀਆਂ ਖੁਰਦ, ਸੁਖਚੈਨ ਸਿੰਘ ਗਾਦੜੀ ਵਾਲਾ, ਗੁਰਪ੍ਰੇਮ ਸਿੰਘ ਬਦੇਸਾ, ਅਮਰੀਕ ਸਿੰਘ ਸਾਹ ਅਬੁੱਕਰ, ਬਲਦੇਵ ਸਿੰਘ ਭਾਗੋਕੇ, ਜਸਵੀਰ ਸਿੰਘ ਹਾਮਦ ਵਾਲਾ, ਗੁਰਮੇਲ ਸਿੰਘ ਬੁਰਜ, ਜੀਵਨ ਸਿੰਘ ਜੀਰਾ, ਦਵਿੰਦਰ ਸਿੰਘ ਜੱਲੇਵਾਲਾ, ਸੁਖਵੀਰ ਸਿੰਘ ਛੁਛਕਵਿੰਡ, ਅਮਨ ਸਰਪੰਚ ਮੁਮਾਰਵਾਲਾ, ਜਨਕ ਰਾਜ ਸਾਬਕਾ ਸਰਪੰਚ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

## ਸਮਰਿਧੀ ਦਿਵਸ ਦਾ ਆਯੋਜਨ

**ਮੋਗਾ (ਅਮਰਜੀਤ ਬੱਬਰੀ)**

ਐਸਪੀਰੇਸ਼ਨਲ ਬਲਾਕ ਪ੍ਰੋਗਰਾਮ ਦਾ ਮੁੱਖ ਮੰਤਵ ਵੱਖ ਵੱਖ ਮਾਪਦੰਡਾਂ ਤੋਂ ਪਛੜੇ ਐਸਪੀਰੇਸ਼ਨਲ ਬਲਾਕ ਦੀ ਕਾਰਜਸ਼ੈਲੀ 'ਚ ਵਾਧਾ ਅਤੇ ਵਿਕਾਸ ਕਰਨਾ ਹੈ। 30 ਸਤੰਬਰ ਨੂੰ ਐਸਪੀਰੇਸ਼ਨ ਬਲਾਕ ਪ੍ਰੋਗਰਾਮ ਲਾਂਚ ਕੀਤਾ ਗਿਆ ਸੀ, ਜਿਸਦੀ ਲਗਾਤਾਰਤਾ ਵਿੱਚ ਐਸਪੀਰੇਸ਼ਨਲ ਬਲਾਕ ਨਿਹਾਲ ਸਿੰਘ ਵਾਲਾ ਵਿਖੇ 3 ਅਕਤੂਬਰ ਤੋਂ 'ਸੰਕਲਪ ਸਪਤਾਹ' ਦਾ ਆਯੋਜਨ ਕੀਤਾ ਜਾ ਚੁੱਕਾ ਹੈ। ਇਨ੍ਹਾ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਡਿਪਟੀ ਕਮਿਸ਼ਨਰ ਮੋਗਾ ਕੁਲਵੰਤ ਸਿੰਘ ਨੇ ਦੱਸਿਆ ਕਿ ਇਸ ਸਪਤਾਹ ਦੇ ਛੇਵੇਂ ਦਿਨ ਬਲਾਕ ਨਿਹਾਲ ਸਿੰਘ ਵਾਲਾ ਦੇ ਪਿੰਡ ਰਣਸੀਂਹ ਕਲਾਂ ਵਿਖੇ ਮਹਾਰਾਜਾ ਰਣਜੀਤ ਸਿੰਘ ਲਾਇਬ੍ਰੇਰੀ 'ਚ ਜ਼ਿਲ੍ਹਾ ਉਦਯੋਗ ਕੇਂਦਰ ਮੋਗਾ ਵੱਲੋਂ ਸਮਰਿਧੀ ਦਿਵਸ ਦਾ ਆਯੋਜਨ ਕੀਤਾ ਗਿਆ।ਇਸ ਪ੍ਰੋਗਰਾਮ 'ਚ ਪੀ ਐਮ ਵਿਸ਼ਵਕਰਮਾ ਯੋਜਨਾ, ਕੈਂਪ ਦਾ ਆਯੋਜਨ ਕੀਤਾ ਗਿਆ।ਜ਼ਿਲ੍ਹਾ ਉਦਯੋਗ ਕੇਂਦਰ ਮੋਗਾ ਸੁਖਮਿੰਦਰ ਸਿੰਘ ਰੇਖੀ ਨੇ ਦੱਸਿਆ ਕਿ ਇਸ ਪ੍ਰੋਗਰਾਮ 'ਚ ਦੋ ਕਾਮਨ ਸਰਵਿਸ ਸੈਂਟਰਾਂ ਵਾਲਿਆਂ ਨੂੰ ਵੀ ਬੁਲਾਇਆ ਗਿਆ ਜਿਹੜੇ ਇਸ ਯੋਜਨਾ ਤਹਿਤ ਮੌਕੇ ਉੱਪਰ ਹੀ ਸੇਵਾਵਾਂ ਮੁਹੱਈਆ ਕਰਵਾ ਰਹੇ ਸਨ।

## ਬੈਂਕ 'ਚ ਚੋਰੀ ਕਰਨ ਦੀ ਕੋਸ਼ਿਸ਼ ਕਰਨ ਵਾਲੇ ਅਣਪਛਾਤਿਆਂ ਖਿਲਾਫ ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਅਮੀਰ ਖਾਸ ਦੀ ਪੁਲਸ ਵੱਲੋਂ ਪਿੰਡ ਅਮੀਰ ਖਾਸ ਵਿਖੇ ਸਥਿਤ ਪੰਜਾਬ ਨੈਸ਼ਨਲ ਬੈਂਕ 'ਚੋਂ ਚੋਰੀ ਕਰਨ ਦੀ ਕੋਸ਼ਿਸ ਕਰਨ ਵਾਲੇ ਅਣਪਛਾਤੇ ਵਿਅਕਤੀਆਂ ਦੇ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ। ਸਹੀ ਰਾਮ ਮੈਨੇਜਰ ਪੰਜਾਬ ਨੈਸ਼ਨਲ ਬੈਂਕ ਅਮੀਰ ਖਾਸ ਨੇ ਪੁਲਸ ਕੋਲ ਦਰਜ ਕਰਵਾਏ ਗਏ ਬਿਆਨਾਂ 'ਚ ਦੱਸਿਆ ਕਿ ਉਹ ਪੰਜਾਬ ਨੈਸ਼ਨਲ ਬੈਂਕ ਅਮੀਰ ਖਾਸ ਵਿਖੇ ਬਤੌਰ ਮੈਨੇਜਰ ਲੱਗਿਆ ਹੋਇਆ ਹੈ। 7 ਅਕਤੂਬਰ ਨੂੰ ਹਰ ਰੋਜ ਦੀ ਤਰ੍ਹਾਂ ਅਸੀਂ ਸਾਰਾ ਸਟਾਫ ਸ਼ਾਮ 5.30 ਵਜੇ ਬ੍ਰਾਂਚ ਪੰਜਾਬ ਨੈਸ਼ਨਲ ਬੈਂਕ ਅਮੀਰ ਖਾਸ ਤੋਂ ਕੰਮਕਾਰ ਕਰਕੇ ਬ੍ਰਾਂਚ ਨੂੰ ਤਾਲਾ ਲਗਾ ਕੇ ਚਲੇ ਗਏ ਸੀ ਅਤੇ ਅਗਲੇ ਦਿਨ 8 ਅਕਤੂਬਰ ਦਿਨ ਐਤਵਾਰ ਹੋਣ ਕਰਕੇ ਬੈਂਕ ਬੰਦ ਸੀ। ਜਦੋਂ 9-10-2023 ਨੂੰ ਸਾਡੀ ਬ੍ਰਾਂਚ ਦਾ ਸਫਾਈ ਸੇਵਕ ਹਰਜਿੰਦਰ ਸਿੰਘ ਪੁੱਤਰ ਸੱਜਣ ਸਿੰਘ ਵਾਸੀ ਢੰਡੀ ਕਦੀਮ ਸਫਾਈ ਕਰਨ ਲਈ ਬ੍ਰਾਂਚ 'ਚ ਆਇਆ ਤਾਂ ਉਸ ਨੇ ਦੇਖਿਆ ਕਿ ਬ੍ਰਾਂਚ ਦੇ ਸਟੇਸ਼ਨਰੀ ਰੂਮ ਤੇ ਸਟਰੋਗ ਰੂਮ ਲਿਚ ਛੇਕ ਕੀਤਾ ਹੋਇਆ ਸੀ, ਜਿਸ ਤੋਂ ਬਾਅਦ ਮੈਂ ਕਰੀਬ 9.45 ਵਜੇ ਸਵੇਰੇ ਬ੍ਰਾਂਚ ਵਿਚ ਆ ਗਿਆ ਅਤੇ ਸਾਰਾ ਮੌਕਾ ਵੇਖਿਆ, ਜੋ ਸਟੇਸ਼ਨਰੀ ਰੂਮ 'ਚ ਪਿਛਲੀ ਦੀਵਾਰ ਤੋਂ ਪਾੜ ਲੱਗਿਆ ਹੋਇਆ ਸੀ ਅਤੇ ਸਟਰੋਗ ਰੂਮ ਦੀ ਕੰਧ 'ਚ ਵੀ ਪਾੜ ਲਗਾ ਕੇ ਪੈਸਿਆਂ ਨੂੰ ਚੋਰੀ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿਉਂਕਿ ਸਟਰੋਗ ਰੂਮ 'ਚ ਪਈ ਸੇਫ 'ਚ ਰਿਕਾਰਡ ਮੁਤਾਬਕ ਬੈਂਕ ਦੀ ਰਕਮ 238063 ਰੁਪਏ ਬਚੇ ਹੋਏ ਸਨ, ਪਰੰਤੂ ਸਟਰੋਗ ਰੂਮ ਮਜ਼ਬੂਤ ਹੋਣ ਕਰਕੇ ਉਸ ਵਿਚ ਪਾੜ ਨਹੀਂ ਲੱਗ ਸੱਕਿਆ ਅਤੇ ਨਾ ਹੀ ਚੋਰੀ ਕਰਨ ਆਏ ਵਿਅਕਤੀ ਸਟਰੋਗ ਰੂਮ ਦਾ ਗੇਟ ਖੋਲ ਸਕੇ। ਐਸ ਆਈ ਰਵੀ ਪਾਲ ਨੇ ਦੱਸਿਆ ਕਿ ਮੁੱਦਈ ਸਹੀ ਰਾਮ ਬੈਂਕ ਮੈਨੇਜਰ ਦੇ ਬਿਆਨਾਂ ਦੇ ਅਧਾਰ 'ਤੇ ਅਣਪਛਾਤੇ ਵਿਅਕਤੀਆਂ ਦੇ ਖਿਲਾਫ ਧਾਰਾ 457,380 ਅਤੇ 511 ਆਈ ਪੀ ਸੀ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

# ਸੁਖਬੀਰ ਬਾਦਲ ਨੇ ਕੀਤੀ ਬੰਦ ਕਮਰਾ ਵਰਕਰ ਮਿਲਣੀ




**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ਼ਗਨ ਪੈਲੇਸ ਮਹਿਲ ਕਲਾਂ ਵਿਖੇ ਬੰਦ ਕਮਰਾ ਵਰਕਰ ਮਿਲਣੀ ਕੀਤੀ। ਇਸ ਮਿਲਣੀ ਨੂੰ ਮੀਡੀਆ ਤੋਂ ਦੂਰ ਰੱਖਿਆ ਗਿਆ। ਭਰੋਸੇਯੋਗ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਵਰਕਰ ਮਿਲਣੀ ਸਮੇਂ ਹਲਕੇ ਦੇ ਆਗੂਆਂ, ਵਰਕਰਾਂ ਨੇ ਆਪਣੇ ਸੁਝਾਅ ਪਾਰਟੀ ਪ੍ਰਧਾਨ ਬਾਦਲ ਸਾਹਮਣੇ ਰੱਖੇ। ਹਲਕਾ ਇੰਚਾਰਜ ਜਥੇਦਾਰ ਨਾਥ ਸਿੰਘ ਹਮੀਦੀ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਆਪਣੇ ਵਲੋਂ ਹਲਕਾ ਇੰਚਾਰਜ ਦੀ ਬਣਦੀ ਜਿੰਮੇਵਾਰੀ ਨੂੰ ਵਧੇਰੇ ਲਗਨ, ਮਿਹਨਤ ਇਮਾਨਦਾਰੀ ਨਾਲ ਨਿਭਾਉਣ ਦਾ ਵਿਸ਼ਵਾਸ਼ ਦਿਵਾਇਆ। ਇਸ ਮੀਟਿੰਗ 'ਚ ਇਸਤਰੀ ਆਗੂ ਬੇਅੰਤ ਕੌਰ ਖਹਿਰਾ, ਜਥੇ. ਦਲਬਾਰਾ ਸਿੰਘ ਮਨਾਲ, ਯੂਥ ਆਗੂ ਸੁਖਵਿੰਦਰ ਸਿੰਘ ਗੋਰਖਾ, ਮਾ: ਹਰਬੰਸ ਸਿੰਘ ਸੇਰਪੁਰ, ਜਸਵਿੰਦਰ ਸਿੰਘ ਧਨੇਰ, ਰਮਨਦੀਪ ਸਿੰਘ ਦੀਵਾਨਾ ਨੇ ਵੀ ਵਿਚਾਰ ਰੱਖੇ। ਭਾਈ ਸੁਰਿੰਦਰ ਸਿੰਘ ਕੈਨੇਡੀਅਨ, ਜਥੇ. ਮੁਖਤਿਆਰ ਸਿੰਘ ਕੁਤਬਾ ਨੇ ਪਾਰਟੀ ਦੇ ਜਿੰਮੇਵਾਰ ਲੋਕਲ ਆਗੂਆਂ ਉਪਰ ਪਾਰਟੀ ਦੀਆਂ ਸਰਗਰਮੀਆਂ ਬਾਰੇ ਕੋਈ ਜਾਣਕਾਰੀ ਨਾ ਦੇਣ ਦੇ ਦੋਸ਼ ਵੀ ਲਗਾਏ। ਪਾਰਟੀ ਵੱਲੋਂ ਡੇਰਾ ਸਿਰਸਾ ਬਾਰੇ ਆਪਣਾ ਸਟੈਂਡ ਸਪੱਸ਼ਟ ਨਾ ਕਰਨਾ, ਚੰਡੀਗੜ੍ਹ ਦੇ ਮਸਲੇ, ਪਾਣੀਆਂ ਦੇ ਮਾਮਲੇ ਬਾਰੇ ਸੁਆਲ ਉਠਾਏ। ਇੱਕ ਮਹਿਲਾ ਆਗੂ ਨੇ ਕਿਹਾ ਕਿ ਪਾਰਟੀ ਦੇ ਲੋਕਲ ਆਗੂਆਂ ਦੀ ਬੇਧਿਆਨੀ ਕਰਕੇ ਜਿਹੜੇ ਪਿੰਡਾਂ 'ਚੋਂ ਪਾਰਟੀ ਦਾ ਵੋਟ ਬੈਂਕ ਖੁਰ ਗਿਆ ਹੈ, ਉਨ੍ਹਾਂ ਪਿੰਡਾਂ ਦੇ ਹੀ ਆਗੂਆਂ ਨੂੰ ਮਾਣ ਸਤਿਕਾਰ ਦੇ ਕੇ ਅੱਗੇ ਲਿਆਂਦਾ ਜਾ ਰਿਹਾ ਹੈ। ਜਿਸ ਕਰਕੇ ਪੁਰਾਣੇ ਟਕਸਾਲੀ ਆਗੂਆਂ, ਵਰਕਰਾਂ 'ਚ ਨਿਰਾਸ਼ਾ ਪਾਈ ਜਾ ਰਹੀ ਹੈ।

ਇਸ ਮੌਕੇ ਜਿਲ੍ਹਾ ਪ੍ਰਧਾਨ ਸੰਤ ਟੇਕ ਸਿੰਘ ਧਨੌਲਾ, ਅੰਤਰਿਗ ਮੈਂਬਰ ਸ਼੍ਰੋਮਣੀ ਕਮੇਟੀ ਭਾਈ ਪਰਮਜੀਤ ਸਿੰਘ ਖਾਲਸਾ, ਕੌਮੀ ਮੀਤ ਪ੍ਰਧਾਨ ਰਿੰਕਾ ਕੁਤਬਾ ਬਾਹਮਣੀਆਂ, ਜਥੇ: ਜਸਵਿੰਦਰ ਸਿੰਘ ਦੀਦਾਰਗੜ੍ਹ, ਚੇਅਰਮੈਨ ਲਛਮਣ ਸਿੰਘ ਮੂੰਮ, ਜਥੇ: ਜਰਨੈਲ ਸਿੰਘ ਭੋਤਨਾ, ਨਿਸ਼ਾਨ ਸਿੰਘ ਗਹਿਲ, ਬਲਦੇਵ ਸਿੰਘ ਗਾਗੇਵਾਲ, ਗੁਰਦੀਪ ਸਿੰਘ ਛਾਪਾ, ਗੁਰਦੀਪ ਸਿੰਘ ਟਿਵਾਣਾ, ਬੇਅੰਤ ਸਿੰਘ ਲੋਹਗੜ੍ਹ, ਡਾ. ਸੁਖਵਿੰਦਰ ਸਿੰਘ ਨਿਹਾਲੂਵਾਲ, ਡਾ: ਨਿਰਮਲ ਸਿੰਘ ਸਹੌਰ ਆਦਿ ਆਗੂਆਂ ਦੀ ਅਗਵਾਈ ਹੇਠ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

## ਮੂਨਕ ਡਵੀਜਨ 'ਚ ਹਰਿਆਣੇ ਦੀਆਂ ਪੈਂਦੀਆਂ ਹੱਦਾਂ 'ਤੇ ਪੰਜਾਬ ਪੁਲਸ ਨੇ ਝੋਨੇ ਦੀ ਰੋਕਥਾਮ ਲਈ ਲਗਾਏ ਨਾਕੇ



**ਮੂਨਕ (ਰਾਜਪਾਲ ਸਿੰਗਲਾ)**-ਪੰਜਾਬ ਵਿੱਚ ਝੋਨੇ ਦੇ ਸੀਜਨ ਨੂੰ ਲੈ ਕੇ ਬਾਹਰਲੇ ਰਾਜਾਂ ਤੋਂ ਪੰਜਾਬ ਵਿੱਚ ਦਾਖਲ ਹੋਣ ਵਾਲੇ ਝੋਨੇ ਦੀ ਰੋਕਥਾਮ ਲਈ ਪੰਜਾਬ ਪੁਲਸ ਵੱਲੋਂ ਹਰਿਆਣੇ ਦੀ ਹੱਦ 'ਤੇ ਮੂਨਕ ਦੇ ਡੀ ਐਸ ਪੀ ਪਰਮਿੰਦਰ ਸਿੰਘ ਦੀ ਅਗਵਾਈ ਹੇਠ ਐਸ ਐਚ ਓ ਸੁਰਿੰਦਰ ਭੱਲਾ ਦੀ ਟੀਮ ਵੱਲੋਂ ਸਖਤ ਨਾਕੇਬੰਦੀ ਕੀਤੀ ਗਈ ਹੈ। ਮੂਨਕ ਸਬ ਡਿਵੀਜਨ ਦੀਆਂ ਤਿੰਨ ਚੌਂਕੀਆਂ ਜਿਵੇਂ ਕਿ ਢਾਬੀ ਗੁਜਰਾਂ, ਰਾਮਪੁਰਾ ਅਤੇ ਕੜੈਲ ਹਰਿਆਣੇ ਦੀ ਹੱਦ ਤੇ ਪੈਂਦੀਆਂ ਹਨ, ਜਿੰਨਾ ਤੇ ਪੁਲਸ ਵੱਲੋਂ ਸਖਤ ਨਾਕੇਬੰਦੀ ਕੀਤੀ ਗਈ। ਇੰਨਾ ਨਾਕੇਬੰਦੀ ਨੂੰ ਚੈੱਕ ਕਰਨ ਦੇ ਲਈ ਜਿਲਾ ਸੰਗਰੂਰ ਦੇ ਐਸ ਐਸ ਪੀ ਸੁਰਿੰਦਰ ਲਾਂਬਾ ਨੇ ਵਿਸ਼ੇਸ਼ ਤੌਰ 'ਤੇ ਚੈਕਿੰਗ ਕੀਤੀ ਗਈ। ਇਸ ਚੈਕਿੰਗ ਦੌਰਾਨ ਰਾਮਪੁਰਾ ਚੌਂਕੀ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਐਸ ਐਸ ਪੀ ਲਾਂਬਾ ਨੇ ਕਿਹਾ ਕਿ ਪੰਜਾਬ ਵਿੱਚ ਐਮ ਐਸ ਪੀ 'ਤੇ ਵਿਕਣ ਵਾਲਾ ਝੋਨਾ ਬਾਹਰਲੇ ਰਾਜਾਂ ਤੋਂ ਆਉਣ ਲਈ ਰੋਕ ਲੱਗੀ ਹੋਈ ਹੈ। ਉਨ੍ਹਾ ਕਿਹਾ ਕਿ ਪੁਲਸ ਟੀਮ ਵੱਲੋਂ ਝੋਨੇ ਨੂੰ ਪੂਰੀ ਜਾਂਚ ਕਰਕੇ ਪੰਜਾਬ 'ਚ ਦਾਖਲ ਕੀਤਾ ਜਾ ਰਿਹਾ ਹੈ ਇਸ ਦੇ ਨਾਲ ਹੀ ਐਸ ਐਸ ਪੀ ਲਾਂਬਾ ਨੇ ਰਾਮਪੁਰਾ ਚੌਂਕੀ ਦੀ ਨਵੀਂ ਬਣੀ ਬਿਲਡਿੰਗ ਦਾ ਵੀ ਨਿਰਖਣ ਕੀਤਾ।

## ਸਵੀਟ ਬਲੋਸਮਸ ਸਕੂਲ ਦੇ ਵਿਦਿਆਰਥੀਆਂ ਨੇ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ




**ਸਰਦੂਲਗੜ੍ਹ (ਅਵਤਾਰ ਜਟਾਣਾਂ)**

ਸਥਾਨਕ ਸ਼ਹਿਰ ਦੇ ਸਵੀਟ ਬਲੋਸਮਸ ਸਕੂਲ ਦੇ ਵਿਦਿਆਰਥੀਆਂ ਨੇ ਜ਼ਿਲ੍ਹਾ ਪੱਧਰੀ ਖੇਡਾਂ 'ਚ ਮੱਲਾਂ ਮਾਰੀਆਂ ਇਹ ਖੇਡਾਂ ਸਤੰਬਰ 2023 ਤੱਕ ਵੱਖ ਵੱਖ ਥਾਵਾਂ 'ਤੇ ਹੋਈਆਂ ਇਹਨਾਂ ਖੇਡਾਂ 'ਚ ਸਕੂਲੀ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਮੈਡਲ ਆਪਣੀ ਝੋਲੀ ਵਿੱਚ ਪਾਏ। ਕੋਚ ਅਤੇ ਵਿਦਿਆਰਥੀਆਂ ਦੀ ਮਿਹਨਤ ਸਦਕਾ ਬਹੁਤ ਸਾਰੇ ਵਿਦਿਆਰਥੀਆਂ ਨੇ ਗੋਲਡ ਸਿਲਵਰ ਅਤੇ ਕਾਂਸੇ ਦੇ ਮੈਡਲ ਲੈ ਕੇ ਕੋਚ, ਸਕੂਲ ਅਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ। ਜਿੰਨਾਂ 'ਚੋਂ 31 ਗੋਲਡ, 20 ਸਿਲਵਰ ਅਤੇ 12 ਕਾਂਸੇ ਦੇ ਮੈਡਲ ਪ੍ਰਾਪਤ ਕੀਤੇ। ਇਸ ਸ਼ਾਨਦਾਰ ਜਿੱਤ ਦੇ ਸਦਕਾ 56 ਵਿਦਿਆਰਥੀ ਸਟੇਟ ਪੱਧਰੀ ਖੇਡਾਂ ਲਈ ਚੁਣੇ ਗਏ। ਸਕੂਲ ਦੀ ਪ੍ਰਬੰਧਕ ਕਮੇਟੀ, ਪ੍ਰਿੰਸੀਪਲ ਮੈਡਮ ਮੁਕੇਸ਼ ਸਿੰਘ ਤੇ ਸਮੂਹ ਸਟਾਫ ਨੇ ਕੋਚ ਅਰੁਣ ਕੁਮਾਰ, ਸੰਦੀਪ ਕੁਮਾਰ, ਸਤਪਾਲ ਸਿੰਘ, ਸੁਖਵਿੰਦਰ ਸਿੰਘ, ਕਰਮਵੀਰ ਸਿੰਘ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਮੈਡਮ ਨੇ ਕਿਹਾ ਇਹ ਜਿੱਤ ਕੋਚ ਅਤੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਦਾ ਨਤੀਜਾ ਹੈ। ਉਹਨਾਂ ਨੇ ਵਿਦਿਆਰਥੀਆਂ ਨੂੰ ਸਟੇਟ ਪੱਧਰੀ ਖੇਡਾਂ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

## ਅਮਰੀਕਾ 'ਚ ਰਹਿੰਦੇ ਤਲਵੰਡੀ ਮਲਿਕ ਦੇ ਨੌਜਵਾਨ ਦਾ ਕਤਲ



**ਸਮਾਣਾ (ਇਕਬਾਲ ਸਿੰਘ ਬੱਲ)**

ਨੇੜਲੇ ਪਿੰਡ ਤਲਵੰਡੀ ਮਲਿਕ ਵਿਚ ਉਸ ਸਮੇਂ ਮਾਤਮ ਛਾ ਗਿਆ, ਜਦੋਂ ਪਿੰਡ ਦੇ ਰਹਿਣ ਵਾਲੇ ਕਰਨ ਸਿੰਘ ਦਾ ਅਮਰੀਕਾ ਵਿਚ ਅਣਪਛਾਤੇ ਵਿਅਕਤੀਆਂ ਵੱਲੋਂ ਕਤਲ ਕਰ ਦਿੱਤਾ ਗਿਆ। ਪੀੜਤ ਦੀ ਘਰਵਾਲੀ ਨੇ ਦੱਸਿਆ ਕਿ ਮੇਰਾ ਪਤੀ ਕਰਨ ਸਿੰਘ (35), ਜੋ ਕਿ ਇੱਕ ਸਾਲ ਪਹਿਲਾਂ ਅਮਰੀਕਾ ਵਿੱਚ ਗਿਆ ਸੀ ਅਤੇ ਉਥੋਂ ਦੇ ਇੱਕ ਸਟੋਰ ਵਿਚ ਕੰਮ ਕਰਦਾ ਸੀ। ਪਹਿਲਾਂ ਮੇਰੀ ਹਰ ਰੋਜ਼ ਉਸ ਨਾਲ ਫੋਨ 'ਤੇ ਗੱਲਬਾਤ ਹੁੰਦੀ ਸੀ, ਪਰ ਪਿਛਲੇ ਤਿੰਨ ਦਿਨਾਂ ਤੋਂ ਗੱਲ ਨਹੀਂ ਹੋਈ। ਜਦੋਂ ਅਸੀਂ ਪਤਾ ਕੀਤਾ ਤਾਂ ਸਾਨੂੰ ਪਤਾ ਲੱਗਾ ਕਿ ਉਸ ਨੂੰ ਅਣਪਛਾਤੇ ਵਿਅਕਤੀਆਂ ਵੱਲੋਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਕਰਨ ਸਿੰਘ ਆਪਣੇ ਪਿੱਛੇ ਪਤਨੀ ਅਤੇ ਇੱਕ ਬੇਟਾ ਛੱਡ ਗਿਆ ਹੈ, ਜਿਸ ਦੀ ਉਮਰ ਛੇ ਸਾਲ ਹੈ। ਮ੍ਰਿਤਕ ਦੇ ਮਾਤਾ-ਪਿਤਾ ਪਹਿਲਾਂ ਹੀ ਸਵਰਗਵਾਸ ਹੋ ਚੁੱਕੇ ਹਨ।

ਇਸ ਮੌਕੇ ਪਹੁੰਚੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਦੇ ਪੀ ਏ ਗੁਰਦੇਵ ਸਿੰਘ ਟਿਵਾਨਾ ਨੇ ਦੁੱਖ ਸਾਂਝਾ ਕੀਤਾ ਅਤੇ ਪਰਵਾਰ ਨੂੰ ਇਨਸਾਫ ਦਿਵਾਉਣ ਦਾ ਭਰੋਸਾ ਦਿੱਤਾ।

ਇਸ ਮੌਕੇ ਹਰਦੀਪ ਸਿੰਘ ਚੀਮਾ, ਹਰਪਿਆਰ ਹੈਪੀ, ਅੰਮ੍ਰਿਤ ਪਾਲ, ਛੀਨਾ, ਲਾਡੀ, ਮਹਿੰਦਰ ਸਿੰਘ ਅਤੇ ਗੁਰਸੇਵਕ ਸਿੰਘ ਆਦਿ ਹਾਜ਼ਰ ਸਨ।

## ਪੁਲਸ-ਬਦਮਾਸ਼ਾਂ ਵਿਚਾਲੇ ਮੁੱਠਭੇੜ, ਚੱਲੀਆਂ ਗੋਲੀਆਂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ-ਫ਼ਾਜ਼ਿਲਕਾ ਸੜਕ 'ਤੇ ਕੈਨਾਲ ਕਲੋਨੀ ਨਜ਼ਦੀਕ ਮੰਗਲਵਾਰ ਸਵੇਰੇ ਪੰਜਾਬ ਪੁਲਸ ਤੇ ਬਦਮਾਸ਼ਾਂ ਵਿਚਾਲੇ ਹੋਈ ਮੁੱਠਭੇੜ ਦੌਰਾਨ ਇਕ ਬਦਮਾਸ਼ ਦੇ ਗੋਲੀ ਲੱਗਣ ਦੀ ਖ਼ਬਰ ਹੈ।ਜਾਣਕਾਰੀ ਅਨੁਸਾਰ ਸੂਹ ਮਿਲਣ 'ਤੇ ਸੀ ਆਈ ਏ ਸਟਾਫ਼ ਫ਼ਿਰੋਜ਼ਪੁਰ ਦੀ ਟੀਮ ਬਦਮਾਸ਼ਾਂ ਦਾ ਪਿੱਛਾ ਕਰ ਰਹੀ ਸੀ ਤਾਂ ਕੈਨਾਲ ਕਲੋਨੀ ਨਜ਼ਦੀਕ ਬਦਮਾਸ਼ਾਂ ਵਲੋਂ ਪੁਲਸ ਪਾਰਟੀ 'ਤੇ ਫ਼ਾਇਰਿੰਗ ਕੀਤੀ ਗਈ, ਪੁਲਸ ਵਲੋਂ ਜਵਾਬੀ ਫ਼ਾਇਰਿੰਗ ਵਿਚ ਇਕ ਬਦਮਾਸ਼ ਜ਼ਖ਼ਮੀ ਹੋ ਗਿਆ, ਜਿਸ ਨੂੰ ਹਿਰਾਸਤ ਵਿਚ ਲੈ ਕੇ ਸਿਵਲ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਪੁਲਸ ਵਲੋਂ ਅਗਲੀ ਕਾਰਵਾਈ ਜਾਰੀ ਹੈ।

# ਪੰਜਾਬ ਨੰਬਰਦਾਰ ਯੂਨੀਅਨ ਸਮਰਾ ਗਰੁੱਪ ਦੀ ਜ਼ਿਲ੍ਹਾ ਪੱਧਰੀ ਮੀਟਿੰਗ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪੰਜਾਬ ਨੰਬਰਦਾਰ ਯੂਨੀਅਨ 643 (ਸਮਰਾ ਗਰੁੱਪ) ਦੀ ਜ਼ਿਲ੍ਹਾ ਪੱਧਰੀ ਮੀਟਿੰਗ ਪਟਿਆਲਾ ਦੇ ਕਾਰਜਕਾਰੀ ਪ੍ਰਧਾਨ ਅਤੇ ਪੰਜਾਬ ਕਮੇਟੀ ਮੈਂਬਰ ਪ੍ਰਧਾਨ ਗੁਰਦੇਵ ਸਿੰਘ ਆਲਮਪੁਰ (ਗੁੱਜਰ) ਦੀ ਅਗਵਾਈ ਹੇਠ ਅਗਰਵਾਲ ਧਰਮਸ਼ਾਲਾ ਸਮਾਣਾ ਵਿਖੇ ਹੋਈ, ਜਿਸ 'ਚ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਸੁਰਜੀਤ ਸਿੰਘ ਨਨੇਹੜਾ, ਪੰਜਾਬ ਦੇ ਚੀਫ ਪੈਟਰਨ ਗੁਰਦਰਸ਼ਨ ਸਿੰਘ ਗਲੋਲੀ, ਜ਼ਿਲ੍ਹਾ ਸੰਗਰੂਰ ਪ੍ਰਧਾਨ ਕੁਲਦੀਪ ਸਿੰਘ ਬੇਲੇਵਾਲ, ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਗੁਰਦਰਸ਼ਨ ਸਿੰਘ ਗਲੋਲੀ ਅਤੇ ਜ਼ਿਲ੍ਹਾ ਪਟਿਆਲਾ ਦੇ ਜਰਨਲ ਸਕੱਤਰ ਯਾਦਵਿੰਦਰ ਸਿੰਘ ਨਿਆਲ ਆਦਿ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਸਮੂਹ ਨੰਬਰਦਾਰਾਂ ਨੇ ਕਾਫੀ ਚਿਰਾਂ ਤੋਂ ਲਟਕਦੀਆਂ ਆ ਰਹੀਆਂ ਆਪਣੀਆਂ ਮੰਗਾਂ 'ਤੇ ਵਿਚਾਰ ਵਟਾਂਦਰਾ ਕੀਤਾ। ਉਨ੍ਹਾਂ ਦੱਸਿਆ ਕਿ ਵੋਟਾਂ ਤੋਂ ਪਹਿਲਾਂ ਭਗਵੰਤ ਮਾਨ ਨੂੰ ਮੰਗ ਪੱਤਰ ਦਿੱਤਾ ਸੀ ਜਿਸ 'ਚ ਕੇਜਰੀਵਾਲ ਤੇ ਭਗਵੰਤ ਮਾਨ ਨੇ ਗਰੰਟੀ ਦਿੱਤੀ ਸੀ ਕਿ ਅਸੀਂ ਸਰਕਾਰ ਚੁਣਨ ਨਾਲ ਹੀ ਨੰਬਰਦਾਰਾਂ ਦੇ ਵਾਅਦੇ ਪੂਰੇ ਕਰਾਂਗੇ ਜਿਨ੍ਹਾਂ 'ਚ ਪਹਿਲਾ ਵਾਅਦਾ ਨੰਬਰਦਾਰਾਂ ਦੀ ਜੱਦੀ ਪੁਸ਼ਤੀ ਕਰਨਾ ਕਿ ਨੰਬਰਦਾਰ ਦੇ ਲੜਕੇ ਨੂੰ ਹੀ ਨੰਬਰਦਾਰੀ ਦਿੱਤੀ ਜਾਵੇ ਤੇ ਨੰਬਰਦਾਰਾਂ ਦਾ ਮਾਨ ਭੱਤਾ 1500 ਤੋਂ 5100 ਰੁਪਏ ਕਰਾਂਗੇ ਤੇ ਤੀਜਾ ਨੰਬਰਦਾਰਾਂ ਦਾ ਬੱਸ ਸਫਰ ਤੇ ਟੋਲ ਪਲਾਜਾ ਫਰੀ ਕਰਾਂਗੇ ਤੇ ਹੋਰ ਮੰਗਾਂ ਕੁਝ ਸਮੇਂ ਬਾਅਦ ਮਨਜੂਰ ਕਰਾਂਗੇ। ਜਿਵੇਂ ਕਿ ਅੱਜ ਤੱਕ ਸਰਕਾਰ ਨੇ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ। ਉਕਤ ਮੰਗਾਂ ਨੂੰ ਲੈ ਕੇ ਉਨ੍ਹਾਂ ਨੇ ਰੋਸ ਜ਼ਾਹਿਰ ਕਰਦਿਆਂ ਸਖਤ ਸ਼ਬਦਾਂ 'ਚ ਸੂਬੇ ਦੀ ਆਪ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਮਾਨ ਸਰਕਾਰ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨਦੀ ਤਾਂ ਨੰਬਰਦਾਰਾਂ ਸੜਕਾਂ 'ਤੇ ਉਤਰਨਗੇ। ਇਸ ਮੌਕੇ ਗੁਰਪ੍ਰੀਤ ਸਿੰਘ ਦਗਾਲ, ਅਜਮੇਰ ਸਿੰਘ ਪੈਂਦ, ਅਮਰਜੀਤ ਸਿੰਘ, ਹਰਬੰਸ ਸਿੰਘ, ਜਤਿੰਦਰ ਸਿੰਘ, ਸੁਖਪ੍ਰੀਤ ਸਿੰਘ,ਚੌਮਕਰ ਸਿੰਘ,ਗੁਰਪ੍ਰੀਤ ਸਿੰਘ, ਗੁਰਸੇਵਕ ਸਿੰਘ, ਜਸਮੀਰ ਸਿੰਘ, ਬਲਜਿੰਦਰ ਸਿੰਘ, ਗੁਰਦੇਵ ਸਿੰਘ, ਰਾਮਪਾਲ, ਬੰਤ ਸਿੰਘ, ਹਰਮਿੰਦਰ ਸਿੰਘ, ਜਗਰੂਪ ਸਿੰਘ, ਜਸਵਿੰਦਰ ਸਿੰਘ ਨਿਆਲ , ਗੁਰਦੀਪ ਸਿੰਘ ਬੰਮਣਾ, ਹੇਮ ਰਾਜ ਚੁੱਪਕੀ, ਮਹਿੰਦਰ ਕੁਮਾਰ ਸਮਾਣਾ, ਹਰੀ ਸਿੰਘ ਪ੍ਰੇਮ ਸਿੰਘਵਾਲਾ, ਭਜਨ ਸਿੰਘ ਕੁਲਬੁਰਛਾਂ, ਅਮਰ ਸਿੰਘ ਕਾਨਗੜ੍ਹ, ਸ਼ਮਿੰਦਰ ਸਿੰਘ ਮਾਜਰੀ, ਕਰਮਜੀਤ ਸਿੰਘ ਤਰਖਾਣ ਮਾਜਰਾ, ਨੰਬਰਦਾਰ ਜਰਨੈਲ ਸਿੰਘ ਕਾਦਰਾਬਾਦ, ਮਨਜੀਤ ਸਿੰਘ ਚੁਰਾਲ, ਕਰਨੈਲ ਸਿੰਘ, ਮੇਜਰ ਸਿੰਘ, ਵਾਸਦੇਵ ਸਿੰਘ ਸੱਤਪਾਲ ਸਿੰਘ, ਹਰਵੀਰ ਸਿੰਘ, ਜੋਗਿੰਦਰ ਸਿੰਘ ਆਦਿ ਨੰਬਰਦਾਰ ਵੀ ਹਾਜ਼ਰ ਰਹੇ।

## ਰੂਹਾਨੀ ਕੀਰਤਨ ਦਰਬਾਰ 25 ਤੋਂ

**ਸੰਗਰੂਰ (ਪ੍ਰਵੀਨ ਸਿੰਘ)**-ਪ੍ਰਬੰਧਕ ਕਮੇਟੀ ਅਤੇ ਸੇਵਾ ਦਲ ਨਗਨ ਬਾਬਾ ਸ੍ਰੀ ਸਾਹਿਬ ਦਾਸ ਨਾਭਾ ਗੇਟ ਸੰਗਰੂਰ ਵੱਲੋਂ ਬਾਬਾ ਜੀ ਬਰਸੀ ਪ੍ਰਥਾਇ ਦੇ ਸਬੰਧ 'ਚ ਰੂਹਾਨੀ ਕੀਰਤਨ ਦਰਬਾਰ 25 ਤੋਂ 27 ਅਕਤੂਬਰ ਨੂੰ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। 25 ਅਕਤੂਬਰ ਦਿਨ ਬੁੱਧਵਾਰ ਨੂੰ ਬਾਬਾ ਜੀ ਦੀ ਪਾਲਕੀ ਯਾਤਰਾ ਸਵੇਰੇ 10.00 ਵਜੇ ਤਪ ਅਸਥਾਨ ਤੋਂ ਸ਼ਾਨੋ ਸ਼ੌਕਤ ਨਾਲ ਚਲੇਗੀ ਅਤੇ 26 ਅਤੇ 27 ਅਕਤੂਬਰ ਨੂੰ ਦੁਪਹਿਰ 1.00 ਵਜੇ ਤੋਂ ਸ਼ਾਮ 4.00 ਵਜੇ ਤੱਕ ਸੰਤ ਬਾਬਾ ਸੁਖਵਿੰਦਰ ਸਿੰਘ ਟਿੱਬੇ ਵਾਲੇ, ਸੰਤ ਬਾਬਾ ਦਰਸ਼ਨ ਸਿੰਘ ਬਾਠਾਂ ਵਾਲੇ ਅਤੇ ਤਪ ਅਸਥਾਨ ਦੇ ਮੁੱਖ ਗ੍ਰੰਥੀ ਭਾਈ ਨਿਰਮਲ ਸਿੰਘ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਸੇਵਾ ਦੱਲ ਦੇ ਪ੍ਰਧਾਨ ਹਰੀਸ਼ ਕੁਮਾਰ ਅਰੋੜਾ ਅਤੇ ਸੰਜੀਵ ਕੁਮਾਰ, ਬਲਜਿੰਦਰ ਸ਼ਰਮਾ, ਪੰਡਤ ਅਤੇ ਮੈਨੇਜਰ ਸੰਤੋਸ਼ ਮਿਸ਼ਰਾ, ਹੈਡ ਗ੍ਰੰਥੀ ਭਾਈ ਨਿਰਮਲ ਸਿੰਘ ਅਤੇ ਸੇਵਾ ਦੱਲ ਦੇ ਮੈਂਬਰ ਮੌਜੂਦ ਰਹੇ।


**YES BANK**

Registered & Corporate Office : YES BANK House, Off Western Express Highway, Santacruze East, Mumbai-400055, CIN: L65190MH2003PLC143249, Email: communications@yesbank.in, Website: www.yesbank.in

**ਰੂਲ-8 (1) ਕਬਜ਼ਾ ਨੋਟਿਸ**

ਜਦੋਂ ਕਿ ਨਿਮਨਹਸਤਾਖਰੀ ਨੇ ਯੈੱਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਵੱਲੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 (2002 ਦਾ 54) ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ (1) ਮੈਸ: ਰਣਜੀਤ ਇਲੈਕਟ੍ਰਾਨਿਕਸ ਰਾਹੀਂ ਇਸ ਦੇ ਮਾਲਕ ਸ੍ਰੀ ਰਣਜੀਤ ਸਿੰਘ ਪੁੱਤਰ ਪ੍ਰਗਟ ਸਿੰਘ, ਦਫਤਰੀ ਪਤਾ : ਜੀ ਟੀ ਰੋਡ, ਪਿੰਡ ਡੱਲੀ, ਭੋਗਪੁਰ, ਜਲੰਧਰ-144201, ਨਾਲ ਹੀ : ਵਾਰਡ ਨੰ. 11 ਪਿੰਡ ਡੱਲਾ, ਭੋਗਪੁਰ, ਜਲੰਧਰ-144201 (ਕਰਜ਼ਦਾਰ) (2) ਸ੍ਰੀ ਰਣਜੀਤ ਸਿੰਘ ਪੁੱਤਰ ਪ੍ਰਗਟ ਸਿੰਘ ਦਫਤਰੀ ਪਤਾ ਜੀ ਟੀ ਰੋਡ ਵਾਸੀ ਵਾਰਡ ਨੰ. 11, ਪਿੰਡ ਡੱਲਾ, ਭੋਗਪੁਰ, ਜਲੰਧਰ-144201 (ਸਹਿ-ਕਰਜ਼ਦਾਰ ਅਤੇ ਰਹਿਨਕਾਰ) (3) ਸ੍ਰੀ ਗੁਰਜੀਤ ਸਿੰਘ ਪੁੱਤਰ ਪ੍ਰਗਟ ਸਿੰਘ ਪਿੰਡ ਡੱਲੀ, ਭੋਗਪੁਰ, ਜਲੰਧਰ-144201, ਨਾਲ ਹੀ : ਵਾਰਡ ਨੰ. 11, ਪਿੰਡ ਡੱਲਾ, ਭੋਗਪੁਰ, ਜਲੰਧਰ-144201 (ਸਹਿ-ਕਰਜ਼ਦਾਰ, ਗਰੰਟਰ ਅਤੇ ਰਹਿਨਕਾਰ) ਨੂੰ ਨੋਟਿਸ 'ਚ ਦਰਸਾਈ ਰਕਮ 08 ਜੂਨ 2023 ਨੂੰ ਆਈ ਐੱਨ ਆਰ 12,72,642/- (ਬਾਰਾਂ ਲੱਖ ਬਹੱਤਰ ਹਜ਼ਾਰ ਛੇ ਸੌ ਬਤਾਲੀ ਰੁਪਏ ਕੇਵਲ) ਸਮੇਤ ਇਸ ਉਪਰ 05 ਅਕਤੂਬਰ 2023 ਤੋਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ ਮਿਤੀ 29 ਜੂਨ 2023 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ ਅਤੇ ਪਹਿਲੀ ਜੁਲਾਈ 2023 ਨੂੰ ਭੇਜਿਆ ਸੀ। ਕਰਜ਼ਦਾਰ ਅਤੇ ਗਰੰਟਰ ਮੁਕੰਮਲ ਬਕਾਇਆ ਅਦਾ ਕਰਨ 'ਚ ਅਸਫਲ ਰਹੇ ਹਨ। ਕਰਜ਼ਦਾਰ, ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਰੂਲ ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈਆਂ ਜਾਇਦਾਦਾਂ ਦਾ 05 ਅਕਤੂਬਰ 2023 ਨੂੰ ਕਬਜ਼ਾ ਹਾਸਲ ਕਰ ਲਿਆ ਹੈ। ਕਰਜ਼ਦਾਰ ਅਤੇ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਉਕਤ ਜਾਇਦਾਦ ਸੰਬੰਧੀ ਸੌਦੇਬਾਜ਼ੀ ਕਰਨ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਉਕਤ ਜਾਇਦਾਦਾਂ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਯੈੱਸ ਬੈਂਕ ਲਿਮਟਿਡ ਦੀ 08 ਜੂਨ 2023 ਨੂੰ ਬਕਾਇਆ ਰਕਮ ਆਈ ਐੱਨ ਆਰ 12,72, 642/- (ਬਾਰਾਂ ਲੱਖ ਬਹੱਤਰ ਹਜ਼ਾਰ ਛੇ ਸੌ ਬਤਾਲੀ ਰੁਪਏ ਕੇਵਲ) ਅਤੇ ਇਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਦੀ ਵਸੂਲੀ ਹੇਠ ਹੋਵੇਗੀ।

ਉਪਲੱਬਧ ਸਮੇਂ 'ਚ ਸਕਿਉਰਡ ਐਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸਨ 13 ਦੇ ਸਬ-ਸੈਕਸ਼ਨ 8 ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

**ਰਹਿਣ ਕੀਤੀ ਅਚੱਲ ਜਾਇਦਾਦ ਦਾ ਵੇਰਵਾ**

| ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਰਹਿਨਕਾਰ |
|---|---|
| ਵਪਾਰਕ ਜਾਇਦਾਦ ਗੋਦਾਮ, ਰਕਬਾ ਡੱਲੀ ਜਮ੍ਹਾਂਬੰਦੀ ਸਾਲ 2004-2005, ਖੱਤਾ ਨੰ. 440/472, ਖਸਰਾ ਨੰ. 26//3/3 (0-13), 6-1, ਪਿੰਡ ਡੱਲੀ, ਭੋਗਪੁਰ, ਜਲੰਧਰ-ਪੰਜਾਬ-144201 | ਸ੍ਰੀ ਰਣਜੀਤ ਸਿੰਘ ਪੁੱਤਰ ਪ੍ਰਗਟ ਸਿੰਘ ਅਤੇ ਸ੍ਰੀ ਗੁਰਜੀਤ ਸਿੰਘ ਪੁੱਤਰ ਪ੍ਰਗਟ ਸਿੰਘ |

ਮਿਤੀ : 05 ਅਕਤੂਬਰ 2023
ਸਥਾਨ : ਜਲੰਧਰ

ਸ੍ਰੀ ਅਮਿਤ ਸ਼ਰਮਾ, ਅਧਿਕਾਰਤ ਅਫਸਰ
ਵਾਸਤੇ ਯੈੱਸ ਬੈਂਕ ਲਿਮਟਿਡ



**G20 — ਉੱਤਰ ਰੇਲਵੇ — ਆਜ਼ਾਦੀ ਕਾ ਅੰਮ੍ਰਿਤ ਮਹੋਤਸਵ**

**ਈ-ਨਿਵਿਦਾ ਸੂਚਨਾ**

ਨਿਵਿਦਾ ਸੂਚਨਾ ਨੰ. 433-ਸਿਗ- ਟੀ-22-23-24 ਬੰਦ ਹੋਣ ਦੀ ਮਿਤੀ/ਸਮਾਂ : 16.10.2023 ਨੂੰ 15:00 ਵਜੇ

ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜਿਨੀਅਰ, ਉਤਰ ਰੇਲਵੇ, ਫਿਰੋਜ਼ਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਟੈਂਡਰ ਨੰ. 433-ਸਿਗ/ਟੀ-22-23-24 ਈ ਟੈਂਡਰਿੰਗ ਦੇ ਮਾਧਿਅਮ ਨਾਲ ਮਿਤੀ 16.10.2023 ਨੂੰ 15:00 ਵਜੇ ਤਕ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੰਸ਼ੋਧਿਤ ਤੈਅ ਕੀਤੇ ਗਏ ਸਮੇਂ ਅਤੇ ਮਿਤੀ ਤਕ ਜ਼ਰੂਰ ਜਮ੍ਹਾ ਕਰਾਉਣ ਇਸ ਟੈਂਡਰ ਦੇ ਤਹਿਤ ਮੈਨੂੰਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂੰਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ। ਠੇਕੇਦਾਰਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਵੇਂ ਕਿ ਨੈਟ ਬੈਂਕਿੰਗ, ਡੈਬਿਟ ਕਾਰਡ, ਕਰੈਡਿਟ ਕਾਰਡ ਆਦਿ ਦੁਆਰਾ ਸਵੀਕ੍ਰਿਤ ਕੀਤੀ ਜਾਵੇਗੀ ਇਸ ਦੇ ਇਲਾਵਾ ਡਿਮਾਂਡ ਡ੍ਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਦੁਆਰਾ ਜਮ੍ਹਾ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।

ਐਨ ਆਈ ਟੀ।

ਕੰਮ ਦਾ ਨਾਮ : ਫਿਰੋਜ਼ਪੁਰ ਡਵੀਜਨ ਵਿਚ ਤਿੰਨ (03) ਸਾਲਾਂ ਦੇ ਲਈ ਅਮਾਰਾ ਰਾਜਾ ਮੇਕ ਏਕੀਕ੍ਰਿਤ ਬਿਜਲੀ ਸਪਲਾਈ (ਆਈਪੀਐਸ) ਸਿਸਟਮ ਦੇ ਵਿਆਪਕ ਸਲਾਨਾ ਰਖਰਖਾਅ ਕਾਂਟਰੈਕਟ (ਏਐਮਸੀ) ਦਾ ਕੰਮ।

| ਟਾਈਪ ਆਫ ਟੈਂਡਰ | ਖੁਲ੍ਹੀ (ਈ ਟੈਂਡਰਿੰਗ) | ਟੈਂਡਰ ਪਾਉਣ ਦਾ ਸਿਸਟਮ | ਸਿੰਗਲ ਪੈਕਟ ਸਿਸਟਮ |
|---|---|---|---|
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 16.10.2023 15.00 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 21.09.2023 18.58 |
| ਅੰਦਾਜਨ ਲਾਗਤ | 20876712.45 | ਬਿਡਿੰਗ ਸ਼ੁਰੂ ਦੀ ਮਿਤੀ ਆਈਆਰਈਪੀਐਸ | 02.10.2023 |
| ਟੈਂਡਰ ਡਾਕੂਮੈਂਟ ਦੀ ਕੀਮਤ (ਰੁ.) | ਜੀਰੋ | ਟੈਂਡਰਿੰਗ ਸੈਕਸ਼ਨ | ਸੰਕੇਤ |
| ਬਿਆਨਾ ਰਾਸ਼ੀ (ਰੁ.) | 254400.00 | ਟੈਂਡਰ ਦੀ ਵੈਲੇਡਿਟੀ ਅਤੇ ਦਿਨ | 60 ਦਿਨ |
| | | ਕੰਮ ਪੂਰਾ ਕਰਨ ਦਾ ਸਮਾਂ | 36 ਮਹੀਨੇ |

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 3142/23



**G20 — ਉੱਤਰ ਰੇਲਵੇ — ਆਜ਼ਾਦੀ ਕਾ ਅੰਮ੍ਰਿਤ ਮਹੋਤਸਵ**

**ਈ-ਟੈਂਡਰ ਸੂਚਨਾ**

ਸੀਨੀਅਰ ਮੰਡਲ ਇੰਜੀਨੀਅਰ - ਮੁੱਖਯਾ, ਫਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰਾ, ਆਖਰੀ ਮਿਤੀ 20.10.2023 ਵਕਤ 15.00 ਵਜੇ ਤਕ www.ireps.gov.in ਉਤੇ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਅਤੇ ਇਸਤਰ੍ਹਾਂ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਪੱਤਰ ਦੀ ਬਿਆਨਾ ਰਾਸ਼ੀ ਦੀ ਜਗ੍ਹਾਂ "ਟੈਂਡਰ ਸੁਰੱਖਿਆ ਘੋਸ਼ਣਾ ਪੱਤਰ" ਨਿਰਧਾਰਿਤ ਪ੍ਰਾਰੂਪ ਵਿਚ ਟੈਂਡਰ ਦੇ ਨਾਲ ਈ-ਪੋਰਟਲ ਉਤੇ ਨਥੀ ਕਰੇਗਾ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲੀ | ਕੰਮ | ਏਕਲ ਬੋਲੀ ਪ੍ਰਣਾਲੀ |
| ਟੈਂਡਰ ਅਪਲੋਡ ਕਰਨ ਦੀ ਮਿਤੀ | ਟੈਂਡਰ ਸ਼ੁਰੂ ਦੀ ਮਿਤੀ | ਟੈਂਡਰ ਪੂਰਾ ਕਰਨ ਦੀ ਮਿਤੀ ਅਤੇ ਸਮਾਂ |
| 04.09.2023 | 13.09.2023 | 27.09.2023/ 15:00 ਵਜੇ |

ਲ.ਨੰ: 1. ਟੈਂਡਰ ਨੰਬਰ : 177-2023-24-ADEN-2-FZR

ਟੈਂਡਰ ਦਾ ਵੇਰਵਾ : ਵਿਵਿਧ ਕੰਮ ਸਹਾਇਕ ਮੰਡਲ ਇੰਜੀਨੀਅਰ - ਦੂਸਰੀ/ਫਿਰੋਜ਼ਪੁਰ ਦੇ ਤਹਿਤ ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ ਦੇ ਅੰਤਰਗਤ ਫਿਰੋਜ਼ਪੁਰ ਸਿਟੀ ਤੋਂ ਫਾਜਿਲਕਾ ਖੰਡ ਉਤੇ ਫਾਜਿਲਕਾ ਰੇਲਵੇ ਸਟੇਸ਼ਨ ਉਤੇ ਦਿਵਯਾਂਗਜਨਾਂ ਦੇ ਲਈ 12.00 ਮੀਟਰ ਚੋੜੇ ਫੁਟ ਓਵਰ ਬ੍ਰਿਜ ਇੰਟਰ ਪਲੇਟਫਾਰਮ ਦੇ ਪ੍ਰਾਵਧਾਨ ਦੇ ਸਬੰਧ ਵਿਚ ਕੰਮ।

| ਵਿਗਿਆਪਨ ਮੁਲ (ਰੁ:) | ਬਿਆਨਾ ਰਾਸ਼ੀ (ਰੁ:) | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
|---|---|---|---|
| 2,52,62,147.76/- | 2,76,300/- | 60 ਦਿਨ | 06 ਮਹੀਨੇ |

ਸਮਾਨ ਪ੍ਰਕ੍ਰਿਤੀ ਦਾ ਕੰਮ :- ਕੋਈ ਵੀ ਸਿਵਿਲ ਕੰਮ ਟ੍ਰੈਕ ਦੇ ਇਲਾਵਾ।

ਲ.ਨੰ: 2. ਟੈਂਡਰ ਨੰਬਰ : 178-2023-24-ADEN-2-FZR

ਟੈਂਡਰ ਦਾ ਵੇਰਵਾ : ਵਿਵਿਧ ਕੰਮ ਸਹਾਇਕ ਮੰਡਲ ਇੰਜੀਨੀਅਰ - ਦੂਸਰੀ/ਫਿਰੋਜ਼ਪੁਰ ਦੇ ਤਹਿਤ ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ ਦੇ ਅੰਤਰਗਤ ਜਲੰਧਰ ਸ਼ਹਿਰ-ਫਿਰੋਜ਼ਪੁਰ ਖੰਡ ਉਤੇ ਕਪੂਰਥਲਾ ਰੇਲਵੇ ਸਟੇਸ਼ਨ ਉਤੇ ਦਿਵਯਾਂਗਜਨਾਂ ਦੇ ਲਈ 12.00 ਮੀਟਰ ਚੋੜੇ ਫੁਟ ਓਵਰ ਬ੍ਰਿਜ ਇੰਟਰ ਪਲੇਟਫਾਰਮ ਦੇ ਪ੍ਰਾਵਧਾਨ ਦੇ ਸਬੰਧ ਵਿਚ ਕੰਮ।

| ਵਿਗਿਆਪਨ ਮੁਲ (ਰੁ:) | ਬਿਆਨਾ ਰਾਸ਼ੀ (ਰੁ:) | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
|---|---|---|---|
| 4,61,01,787.94/- | 3,80,500/- | 60 ਦਿਨ | 06 ਮਹੀਨੇ |

ਸਮਾਨ ਪ੍ਰਕ੍ਰਿਤੀ ਦਾ ਕੰਮ :- ਕੋਈ ਵੀ ਸਿਵਿਲ ਕੰਮ ਟ੍ਰੈਕ ਦੇ ਇਲਾਵਾ।

ਲ.ਨੰ: 3. ਟੈਂਡਰ ਨੰਬਰ : 256-2023-24-ADEN-1-FZR

ਟੈਂਡਰ ਦਾ ਵੇਰਵਾ : ਦੋ ਸਾਲ ਦੀ ਅਵੱਧੀ ਦੇ ਲਈ ਉਨ੍ਹਾਂ ਦੀ ਜ਼ਰੂਰਤਾਂ ਦੇ ਅਨੁਸਾਰ ਵੱਖ-ਵੱਖ ਸ਼ਾਖਾਵਾਂ ਦੇ ਦੈਨਿਕ ਫੋਟੋਸਟੇਟ ਕੰਮ ਕਰਨ ਦੇ ਲਈ ਮੰਡਲ ਦਫਤਰ, ਫਿਰੋਜ਼ਪੁਰ ਵਿਚ ਜੀਰੋਕਸ ਮਸ਼ੀਨ ਦੀ ਸਥਾਪਨਾ।

| ਵਿਗਿਆਪਨ ਮੁਲ (ਰੁ:) | ਬਿਆਨਾ ਰਾਸ਼ੀ (ਰੁ:) | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
|---|---|---|---|
| 12,57,459.55/- | 25,200/- | 60 ਦਿਨ | 24 ਮਹੀਨੇ |

ਸਮਾਨ ਪ੍ਰਕ੍ਰਿਤੀ ਦਾ ਕੰਮ :- ਕੋਈ ਵੀ ਲਾਗੂ ਨਹੀਂ।

ਨੋਟ:- 1. ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਣਗੇ। 2. ਹਿੰਦੀ ਵਿਚ ਕਿਸੀ ਵੀ ਗਲਤੀ ਲਈ ਅੰਗਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗਰੇਜੀ ਵਰਜਨ ਹੀ ਮਾਨਯ ਹੋਣਗੇ।

ਨੰ: 177 &178-2023-24-ADEN-2-FZR & 256-2023-24-ADEN-1-FZR | ਮਿਤੀ : 09.10.2023 3140/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134**

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

11--Otc-PAGE- 3 qxd.qxd 10/10/2023 10:29 PM Page 1



# ਆਪਣੇ-ਆਪਣੇ ਅਦਾਰਿਆਂ ਦਾ ਚੱਕਾ ਜਾਮ ਕਰ ਕੇ ਮੋਹਾਲੀ ਪਹੁੰਚੋ : ਕਾਮਰੇਡ ਕਰਮਪੁਰਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਪੰਜਾਬ ਸਰਕਾਰ ਵੱਲੋਂ ਮਜ਼ਦੂਰਾਂ ਦੀ ਦਿਹਾੜੀ 12 ਘੰਟੇ ਕਰ ਦੇਣ, 2012 ਤੋਂ ਮਜ਼ਦੂਰਾਂ ਦੀਆਂ ਤਨਖਾਹ ਰਿਵਾਈਜ਼ ਨਾ ਕਰਨ, ਮਨਰੇਗਾ ਮਜ਼ਦੂਰਾਂ ਦੀ ਦਿਹਾੜੀ 700 ਰੁਪਏ ਕਰਨ ਅਤੇ ਸਾਲ ਵਿੱਚ ਘੱਟੋ-ਘੱਟ 200 ਦਿਨ ਕੰਮ ਦੇਣ, 4 ਲੇਬਰ ਕੋਡ ਰੱਦ ਕਰਨ ਅਤੇ ਲੇਬਰ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਕਰਾਉਣ ਆਦਿ ਮਜ਼ਦੂਰਾਂ/ਮੁਲਾਜ਼ਮਾਂ ਦੀਆਂ ਮੰਗਾਂ ਨੂੰ ਲੈ ਕੇ ਸੀ. ਟੀ. ਯੂ. (ਪੰਜਾਬ) ਅੰਮ੍ਰਿਤਸਰ ਵੱਲੋਂ 28 ਅਲਬਰਟ ਰੋਡ ਜਥੇਬੰਦੀ ਦੇ ਦਫ਼ਤਰ ਵਿਖੇ ਮੀਟਿੰਗ ਕਰਨ ਤੋਂ ਬਾਅਦ ਵਧੀਕ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਨੂੰ ਕਾਮਰੇਡ ਜਗਤਾਰ ਸਿੰਘ ਕਰਮਪੁਰਾ, ਪਲਵਿੰਦਰ ਸਿੰਘ ਮੱਟੂ, ਬਲਵਿੰਦਰ ਸਿੰਘ ਗੁੱਗ ਦੀ ਅਗਵਾਈ ਵਿੱਚ ਮੰਗ ਪੱਤਰ ਦਿੱਤਾ ਗਿਆ। ਮੀਟਿੰਗ ਵਿੱਚ ਜੁੜੇ ਸਾਥੀਆਂ ਨੂੰ ਸੰਬੋਧਨ ਕਰਦਿਆ ਸੂਬਾਈ ਜਾਇੰਟ ਸਕੱਤਰ ਕਾਮਰੇਡ ਕਰਮਪੁਰਾ ਨੇ ਕਿਹਾ ਕਿ ਇਸ ਮਹਿੰਗਾਈ ਦੇ ਯੁੱਗ ਵਿੱਚ ਮਜ਼ਦੂਰ ਜੱਥੇਬੰਦੀਆਂ ਦੀ ਮੰਗ ਅਨੁਸਾਰ ਮਜ਼ਦੂਰਾਂ ਦੀ ਘੱਟੋ ਘੱਟ ਤਨਖਾਹ 26000 ਰੁਪਏ ਕਰਨ ਦੀ ਬਜਾਏ ਮਜ਼ਦੂਰ ਦੀ ਡਿਊਟੀ 12 ਘੰਟੇ ਕਰਕੇ ਪੰਜਾਬ ਸਰਕਾਰ ਨੇ ਅਡਾਨੀਆ ਅੰਬਾਨੀਆ ਤੇ ਆਰਐੱਸਐੱਸ ਦੀ ਸੇਵਾ ਕਰਦਿਆ ਪੰਜਾਬ ਸਰਕਾਰ ਨੇ ਮਜ਼ਦੂਰਾਂ ਦੀ ਪੱਗ ਨੂੰ ਹੱਥ ਪਾਇਆ ਹੈ ਜੋ ਕਿ ਅੱਤ ਨਿੰਦਣਯੋਗ ਹੈ। ਇਨ੍ਹਾਂ ਉਪਰੋਕਤ ਮੰਗਾਂ ਨੂੰ ਲੈ ਕੇ 3 ਨਵੰਬਰ ਸ਼ੁੱਕਰਵਾਰ ਨੂੰ ਫੇਜ਼ 10, ਸੈਕਟਰ 64 ਮੋਹਾਲੀ ਲੇਬਰ ਕਮਿਸ਼ਨਰ ਪੰਜਾਬ ਦੇ ਦਫ਼ਤਰ ਸਾਂਝੇ ਤੌਰ ਤੇ ਏਟਕ, ਸੀਟੀਯੂ (ਪੰਜਾਬ) ਐੱਚਐੱਮਐੱਸ ਅਤੇ ਇੰਟਕ ਵੱਲੋਂ ਇਕ ਵਿਸ਼ਾਲ ਇਕੱਠ ਪੰਜਾਬ ਸਰਕਾਰ ਦੀਆਂ ਮਜ਼ਦੂਰ ਮੁਲਾਜ਼ਮ ਵਿਰੋਧੀ ਨੀਤੀਆਂ ਦੇ ਖਿਲਾਫ਼ ਕੀਤਾ ਜਾ ਰਿਹਾ ਹੈ। ਕਾਮਰੇਡ ਕਰਮਪੁਰਾ ਨੇ ਵਰਕਰਾਂ ਨੂੰ ਅਪੀਲ ਕੀਤੀ ਕਿ ਆਪਣੇ ਆਪਣੇ ਅਦਾਰਿਆ ਦਾ ਚੱਕਾ ਜਾਮ ਕਰਕੇ 3 ਨਵੰਬਰ ਨੂੰ ਮੋਹਾਲੀ ਵੱਡੀ ਗਿਣਤੀ ਵਿੱਚ ਪਹੁੰਚੋ ਤਾਂ ਕਿ ਪੰਜਾਬ ਸਰਕਾਰ ਨੂੰ ਵੱਡਾ ਹਲੂਣਾ ਦੇ ਕੇ 12 ਘੰਟੇ ਡਿਊਟੀ ਦਾ ਨੋਟੀਫਿਕੇਸ਼ਨ ਰੱਦ ਕਰਨ ਲਈ ਮਜਬੂਰ ਕਰੀਏ ਅਤੇ ਹੋਰ ਮੰਗਾਂ ਵੀ ਮਨਵਾਈਆਂ ਜਾਣ। ਇਸ ਸਮੇਂ, ਧਰਮ ਸਿੰਘ ਪੱਟੀ, ਬਿੱਕਰ ਸਿੰਘ ਅਤੇ ਮਨਦੀਪ ਸਿੰਘ ਬੱਬਲੂ ਵੀ ਮੌਜੂਦ ਸਨ।

# ਕੁਸ਼ਤੀ ਮੁਕਾਬਲਿਆਂ 'ਚ ਝਬਾਲ ਸਕੂਲ ਦਾ ਨਾਂਅ ਚਮਕਿਆ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਦੇ ਵਿਦਿਆਰਥੀਆਂ ਨੇ ਪੰਜਾਬ ਸਰਕਾਰ ਖੇਡ ਵਿਭਾਗ ਵੱਲੋਂ ਕਰਵਾਈਆਂ ਗਈਆਂ ਖੇਡਾਂ ਖੇਡਾਂ ਵਤਨ ਪੰਜਾਬ ਦੀਆਂ 2023 ਵਿੱਚ ਭਾਗ ਲਿਆ ਅਤੇ ਖੇਡਾਂ ਵਿੱਚ ਵਧੀਆ ਪ੍ਰਦਰਸ਼ਨ ਕਰਕੇ ਆਪਣੇ ਸਕੂਲ ਦਾ ਨਾਮ ਰੌਸ਼ਨ ਕੀਤਾ। ਸਕੂਲ ਦੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀ ਸਿਮਰਨਪ੍ਰੀਤ ਸਿੰਘ ਨੇ ਅੰਡਰ- 21 ਵੇਟ ਕੈਟੇਗਰੀ 57 ਕਿਲੋ' ਕੁਸ਼ਤੀ ਮੁਕਾਬਲਿਆਂ ਵਿੱਚ ਭਾਗ ਲੈ ਕੇ ਜ਼ਿਲ੍ਹਾ ਪੱਧਰ 'ਤੇ ਬ੍ਰੌਂਜ਼ ਮੈਡਲ ਹਾਸਲ ਕੀਤਾ। ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਸੇਠੀ, ਜਤਿੰਦਰਬੀਰ ਸਿੰਘ ਬਹਿਲ, ਰਮਣੀਕ ਸਿੰਘ ਫਰੀਡਮ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਪ੍ਰਿੰ. ਅਨੂਰੀਤ ਬਾਵਾ ਨੇ ਵਿਦਿਆਰਥੀਆਂ ਨੂੰ ਖੇਡਾਂ ਦੀ ਮਹੱਤਤਾ ਬਾਰੇ ਜਾਣੂ ਕਰਵਾਉਂਦਿਆਂ ਹੋਇਆਂ ਕਿਹਾ ਕਿ ਖੇਡਾਂ ਨਾਲ ਅਸੀਂ ਆਪਣੇ ਸਰੀਰ ਨੂੰ ਤੰਦਰੁਸਤ ਰੱਖਣ ਦੇ ਨਾਲ-ਨਾਲ ਆਪਣੇ ਜੀਵਨ ਵਿੱਚ ਉੱਚੀਆਂ ਬੁਲੰਦੀਆਂ ਨੂੰ ਛੂਹ ਸਕਦੇ ਹਾਂ। ਇਸ ਲਈ ਹਰ ਬੱਚੇ ਨੂੰ ਕਿਸੇ ਨਾ ਕਿਸੇ ਖੇਡ ਵਿੱਚ ਜ਼ਰੂਰ ਭਾਗ ਲੈਣਾ ਚਾਹੀਦਾ ਹੈ।

# ਪਰਾਲੀ ਨੂੰ ਅੱਗ ਦੀ ਭੇਟ ਕਰਨਾ ਪ੍ਰਦੂਸ਼ਿਤ ਵਾਤਾਵਰਨ ਨੂੰ ਸੱਦਾ ਦੇਣਾ : ਡਾ. ਗੁਰਬਰਿੰਦਰ ਸਿੰਘ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਨਾਲ ਫਸਲਾਂ ਦੇ ਜ਼ਰੂਰੀ ਤੱਤ ਨਸ਼ਟ ਹੋ ਜਾਂਦੇ ਹਨ ਜਿਸ ਨਾਲ ਬੀਜੀ ਜਾਣ ਵਾਲੀ ਅਗਲੀ ਫਸਲ ਨੂੰ ਵਾਧੂ ਰਸਾਇਣਕ ਖਾਦਾਂ ਦੀ ਲੋੜ ਪੈਂਦੀ ਹੈ ਜਿਸ 'ਤੇ ਬਹੁਤ ਖਰਚਾ ਹੁੰਦਾ ਹੈ। ਨਾਲ ਦੀ ਨਾਲ ਜੈਵਿਕ ਮਾਦਾ ਜ਼ਮੀਨ ਵਿੱਚੋਂ ਘਟਣ ਅਤੇ ਤਾਪਮਾਨ ਵੱਧਣ ਨਾਲ ਫਸਲ ਦਾ ਝਾੜ ਘੱਟ ਜਾਂਦਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਾ. ਭੁਪਿੰਦਰ ਸਿੰਘ ਏਓ, ਪੱਟੀ ਨੇ ਪਿੰਡ ਲੌਹਕਾ ਵਿਖੇ ਕਿਸਾਨ ਸਿਖਲਾਈ ਕੈਂਪ ਅਤੇ ਖੇਤ ਨਿਰੀਖਣ ਮੌਕੇ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰ ਤਰਨ ਤਰਨ ਸੰਦੀਪ ਕੁਮਾਰ ਆਈਏਐੱਸ ਦੇ ਦਿਸ਼ਾ ਨਿਰਦੇਸ਼ ਅਤੇ ਮੁੱਖ ਖੇਤੀਬਾੜੀ ਅਫਸਰ ਤਰਨ ਤਾਰਨ ਡਾ. ਹਰਪਾਲ ਸਿੰਘ ਪੰਨੂ ਦੀ ਦੇਖ-ਰੇਖ ਹੇਠ ਜ਼ਿਲੇ ਦੇ ਵੱਖ-ਵੱਖ ਵਿਭਾਗ ਦੇ ਅਧਿਕਾਰੀ, ਕਰਮਚਾਰੀ ਕਿਸਾਨਾਂ ਨਾਲ ਤਾਲਮੇਲ ਕਰਕੇ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਗੰਭੀਰਤਾ ਨਾਲ ਲੈ ਰਹੇ ਹਨ ਕਿਉਂਕਿ ਫਸਲਾਂ ਦੇ ਸਾੜੇ ਜਾ ਰਹੇ ਨਾੜ ਤੋਂ ਭਾਰੀ ਮਾਤਰਾ ਵਿੱਚ ਪੈਦਾ ਹੋਈਆਂ ਜ਼ਹਿਰੀਲੀਆਂ ਗੈਸਾਂ ਵਾਤਾਵਰਨ ਵਿੱਚ ਮਿਲ ਕੇ ਵੱਖ-ਵੱਖ ਤਰ੍ਹਾਂ ਦੀਆਂ ਸਾਹ ਦੀਆਂ ਬਿਮਾਰੀਆਂ, ਅੱਖਾਂ ਦੀ ਜਲਨ ਅਤੇ ਕਈ ਵਾਰੀ ਸੜਕੀ ਦੁਰਘਟਨਾਵਾਂ ਦਾ ਵੀ ਕਾਰਨ ਬਣਦੀਆਂ ਹਨ। ਇਸ ਵਰਤਾਰੇ ਨੂੰ ਰੋਕਣ ਲਈ ਉਨ੍ਹਾਂ ਸਮਾਜ ਸੇਵੀ ਸੰਸਥਾਵਾਂ ਅਤੇ ਉੱਦਮੀ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਅੱਗ ਲੱਗਣ ਦੀਆਂ ਘਟਨਾਵਾਂ ਖਤਮ ਕਰਨ ਲਈ ਅੱਗੇ ਆਉਣ ਅਤੇ ਉਪਯੋਗੀ ਪਰਾਲੀ ਨੂੰ ਖੇਤ ਵਿੱਚ ਹੀ ਰਲਾਉਣ ਜਾਂ ਪਸ਼ੂ ਚਾਰੇ ਵਿੱਚ ਵਰਤਣ ਲਈ ਸਹਿਯੋਗ ਕਰਨ। ਇਸ ਮੌਕੇ ਡਾ. ਗੁਰਬਰਿੰਦਰ ਸਿੰਘ ਏਡੀਓ ਨੇ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਤਹਿਤ ਜ਼ੀਰੋ ਡਰਿਲ, ਹੈਪੀ ਸੀਡਰ, ਸੁਪਰ ਸੀਡਰ, ਸਰਫੇਸ ਸੀਡਰ ਆਦਿ ਤਕਨੀਕਾਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਕਣਕ ਦੀ ਬਿਜਾਈ ਵੇਲੇ ਬੀਜ ਨੂੰ ਉੱਲੀਨਾਸ਼ਕ ਅਤੇ ਕੀਟਨਾਸ਼ਕ ਦਵਾਈਆਂ ਨਾਲ ਸੋਧ ਲੈਣਾ ਲਾਹੇਵੰਦ ਰਹਿੰਦਾ ਹੈ।

ਇਸ ਮੌਕੇ ਸੂਝਵਾਨ ਕਿਸਾਨ ਬਲਕਾਰ ਸਿੰਘ, ਕੁਲਦੀਪ ਸਿੰਘ, ਮਨਦੀਪ ਸਿੰਘ, ਚਰਨਜੀਤ ਸਿੰਘ, ਜੰਗਰਾਜ ਸਿੰਘ ਨੇ ਮਹਿਕਮੇ ਦੁਆਰਾ ਦਿੱਤੀ ਜਾ ਰਹੀ ਜਾਣਕਾਰੀ ਦਾ ਧੰਨਵਾਦ ਕਰਦਿਆਂ ਤਜਰਬਾ ਸਾਂਝਾ ਕੀਤਾ ਕਿ ਪਰਾਲੀ ਪ੍ਰਬੰਧਨ ਨਾਲ ਚੰਗੇ ਨਤੀਜੇ ਮਿਲੇ ਹਨ। ਉਹ ਭਵਿੱਖ ਵਿੱਚ ਸਾਥੀ ਕਿਸਾਨਾਂ ਨੂੰ ਇਸ ਕੰਮ ਲਈ ਪ੍ਰੇਰਿਤ ਅਤੇ ਸਹਿਯੋਗ ਕਰਨਗੇ।

# ਗੁ. ਸੰਤ ਨਿਵਾਸ ਬੀੜ ਸਾਹਿਬ ਵਿਖੇ ਲੱਗਾ ਦੋ ਰੋਜ਼ਾ ਸਾਲਾਨਾ ਜੋੜ ਮੇਲਾ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਗੁਰਦੁਆਰਾ ਸੰਤ ਨਿਵਾਸ ਬੀੜ ਸਾਹਿਬ ਵਿਖੇ ਕਾਰ ਸੇਵਕ ਬਾਬਾ ਸੰਤੋਖ ਸਿੰਘ ਬੀੜ ਸਾਹਿਬ ਵਾਲਿਆਂ ਦੀ ਅਗਵਾਈ ਵਿੱਚ ਦੂਸਰੇ ਦਿਨ ਵੀ ਸਾਲਾਨਾ ਜੋੜ ਮੇਲਾ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸਜਾਏ ਗਏ ਧਾਰਮਿਕ ਦੀਵਾਨਾਂ ਵਿੱਚ ਗੁਰੂ ਘਰ ਦੇ ਪ੍ਰਸਿੱਧ ਰਾਗੀ ਤੇ ਕਵੀਸ਼ਰ ਸਿੰਘਾਂ ਨੇ ਗੁਰੂ ਕਾ ਇਤਿਹਾਸ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮੇਂ ਪਹੁੰਚੀਆਂ ਸ਼ਖਸੀਅਤਾਂ ਨੂੰ ਬਾਬਾ ਸੰਤੋਖ ਸਿੰਘ ਬੀੜ ਸਾਹਿਬ ਵਾਲਿਆਂ ਤੇ ਸੇਵਾਦਾਰ ਜਥੇਦਾਰ ਬਾਬਾ ਭੋਲਾ ਸਿੰਘ ਨੇ ਸਨਮਾਨਿਤ ਕਰਦਿਆ ਸੰਗਤਾਂ ਨੂੰ ਗੁਰਬਾਣੀ ਤੇ ਬਾਣੇ ਨਾਲ ਜੁੜਨ ਦੀ ਅਪੀਲ ਕੀਤੀ। ਇਸ ਸਮੇਂ ਚੇਅਰਮੈਨ ਗੁਰਬਖਸ਼ ਸਿੰਘ ਬੁਰਜ, ਸਾਬਕਾ ਚੇਅਰਮੈਨ ਲਖਬੀਰ ਸਿੰਘ ਬੁਰਜ, ਖਾਲੜਾ ਕਮੇਟੀ ਚੇਅਰਮੈਨ ਬਲਵਿੰਦਰ ਸਿੰਘ ਝਬਾਲ, ਪ੍ਰਿੰਸੀਪਲ ਰਾਜਵਿੰਦਰ ਸਿੰਘ ਖਹਿਰਾ, ਰਜਵੰਤ ਸਿੰਘ ਜੱਜ ਕਸੇਲ, ਸਰਪੰਚ ਰਛਪਾਲ ਸਿੰਘ ਦੂਹਲਨੋ, ਕੁਲਵੰਤ ਸਿੰਘ ਮਸਤਗੜ੍ਹ, ਬਿੱਟੂ ਠੱਠਗੜ੍ਹ, ਡਾ. ਨਰਿੰਦਰ ਸਿੰਘ, ਸਰਪੰਚ ਮੋਤਾ ਸਿੰਘ, ਹੈੱਡ ਗ੍ਰੰਥੀ ਗਿਆਨੀ ਨੱਥਾ ਸਿੰਘ, ਤੇਜਿੰਦਰ ਸਿੰਘ ਸੁਪਰਡੈਂਟ ਕਾਲਜ, ਸੈਕਟਰੀ ਦਵਿੰਦਰ ਸਿੰਘ, ਲੱਖਾ ਸਿੰਘ, ਬਾਬਾ ਜੱਜ ਕਸੇਲ, ਭਾਈ ਕਸ਼ਮੀਰ ਸਿੰਘ ਬਘਿਆੜੀ, ਸੈਕਟਰੀ ਹਰਜੀਤ ਸਿੰਘ, ਬੀਰ ਸਿੰਘ ਕਲਸੀਆਂ, ਕਰਨੈਲ ਸਿੰਘ ਮਸਤਗੜ੍ਹ, ਲੱਖਾ ਸਿੰਘ ਬਘਿਆੜੀ, ਜੋਗਿੰਦਰ ਸਿੰਘ, ਕਾਲਾ ਕਲਸ, ਨੰਬਰਦਾਰ ਬਲਦੇਵ ਸਿੰਘ, ਬਾਬਾ ਚੜ੍ਹਦੀ ਕਲਾ, ਕੁਲਵੰਤ ਸਿੰਘ, ਬਹਾਲ ਸਿੰਘ ਗੱਗੋਬੂਹਾ, ਗੁਰਵੇਲ ਸਿੰਘ ਤੇ ਹੋਰ ਸੰਤ ਮਹਾਂਪੁਰਸ਼ ਹਾਜ਼ਰ ਸਨ।

# ਨਸ਼ੀਲੀਆਂ ਗੋਲੀਆਂ ਤੇ ਡਰੱਗ ਮਨੀ ਸਮੇਤ ਨੌਜਵਾਨ ਕਾਬੂ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਥਾਣਾ ਘੁੰਮਣ ਕਲਾਂ ਦੀ ਪੁਲਸ ਨੇ 4500 ਨਸ਼ੀਲੀਆਂ ਗੋਲੀਆਂ ਅਤੇ 17,800 ਰੁਪਏ ਡਰੱਗ ਮਨੀ ਸਮੇਤ ਇਕ ਨੌਜਵਾਨ ਨੂੰ ਕਾਬੂ ਕੀਤਾ ਹੈ। ਇਸ ਸੰਬੰਧੀ ਥਾਣਾ ਘੁੰਮਣ ਕਲਾਂ ਦੇ ਐੱਸਐੱਚਓ ਜਸਬੀਰ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਤਿਉਹਾਰਾਂ ਦੇ ਮੱਦੇਨਜ਼ਰ ਅਤੇ ਨਸ਼ਿਆਂ ਅਤੇ ਲੁੱਟਾਂ-ਖੋਹਾਂ ਨੂੰ ਠੱਲ੍ਹ ਪਾਉਣ ਲਈ ਥਾਣੇ ਅਧੀਨ ਆਉਂਦੇ ਇਲਾਕੇ ਅੰਦਰ ਚੌਕਸੀ ਵਧਾ ਦਿੱਤੀ ਹੈ। ਇਸ ਤਹਿਤ ਭੈੜੇ ਪੁਰਸ਼ਾਂ ਦੀ ਤਲਾਸ਼ ਵਿੱਚ ਸਬ ਇੰਸਪੈਕਟਰ ਸਤਨਾਮ ਸਿੰਘ ਸਮੇਤ ਪੁਲਸ ਪਾਰਟੀ ਗਸ਼ਤ ਕਰਦੇ ਸਮੇਂ ਜਦੋਂ ਪਿੰਡ ਭੋਜਰਾਜ ਨੇੜੇ ਪਹੁੰਚੇ ਤਾਂ ਆ ਰਹੇ ਇਕ ਨੌਜਵਾਨ ਨੂੰ ਸ਼ੱਕ ਦੀ ਬਨਾਹ ਤੇ ਰੋਕ ਜਦੋਂ ਉਸਦੀ ਤਲਾਸ਼ੀ ਲਈ ਤਾਂ ਉਸ ਕੋਲੋਂ 4500 ਨਸ਼ੀਲੀਆਂ ਗੋਲੀਆਂ ਬਿਨਾਂ ਮਾਰਕਾ ਰੰਗ ਚਿੱਟਾ ਅਤੇ 17800 ਰੁਪਏ ਡਰੱਗ ਮਨੀ ਬਰਾਮਦ ਹੋਈ ਹੈ।

ਮੁਲਜ਼ਮ ਦੀ ਪਛਾਣ ਦਲੇਰ ਕੁਮਾਰ ਉਰਫ਼ ਮੱਸੂ ਪੁੱਤਰ ਬੂਟਾ ਰਾਮ ਵਾਸੀ ਭੋਜਰਾਜ ਵਜੋਂ ਹੋਈ। ਪੁਲਸ ਨੇ ਮੁਲਜ਼ਮ ਦਲੇਰ ਕੁਮਾਰ ਨੂੰ ਡਰੱਗ ਮਨੀ ਅਤੇ ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫਤਾਰ ਕਰਕੇ ਉਸ ਵਿਰੁੱਧ ਮੁਕੱਦਮਾ ਦਰਜ ਕਰ ਲਿਆ ਹੈ।

# ਹੈਂਡਬਾਲ ਖੇਡ ਮੁਕਾਬਲੇ 'ਚ ਆਰ ਡੀ ਖੋਸਲਾ ਡੀ ਏ ਵੀ ਸਕੂਲ ਵੱਲੋਂ ਸ਼ਾਨਦਾਰ ਪ੍ਰਦਰਸ਼ਨ



**ਬਟਾਲਾ (ਤਰਲੋਕ ਬੱਗਾ)**-ਖੇਡ ਅਤੇ ਯੁਵਕ ਸੇਵਾਵਾਂ ਵਿਭਾਗ ਪੰਜਾਬ ਵੱਲੋਂ ਖੇਡਾਂ ਵਨ ਪੰਜਾਬ ਦੀਆਂ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਜ਼ਿਲ੍ਹਾ ਪੱਧਰੀ ਹੈਂਡਬਾਲ ਖੇਡ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ। ਸਕੂਲ ਦੀਆਂ ਅੰਡਰ-17 ਅਤੇ ਅੰਡਰ-21 ਟੀਮਾਂ ਰਾਜ ਪੱਧਰੀ ਹੈਂਡਬਾਲ ਖੇਡ ਮੁਕਾਬਲੇ ਲਈ ਚੁਣੀਆਂ ਗਈਆਂ। ਅੰਡਰ-17 ਹੈਂਡਬਾਲ ਟੀਮ ਵਿੱਚ ਗਗਨ ਯੁਵਰਾਜ ਸਿੰਘ, ਕਰਮਜੀਤ ਸਿੰਘ, ਸਵਿੰਦਰ, ਗੁਰਵੀਰ ਸਿੰਘ, ਹਰਮਨਦੀਪ ਸਿੰਘ, ਕੁੰਵਰ, ਅਰਮਾਨ ਦੀਪ ਸਿੰਘ, ਆਰੁਸ਼, ਰਾਘਵ, ਆਦੀਸ, ਕੁੰਵਰ ਅਤੇ ਕੁੰਵਰ ਪ੍ਰੀਤ ਸਿੰਘ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ ਅਤੇ ਉਹ ਰਾਜ ਪੱਧਰ 'ਤੇ ਹੋਣ ਵਾਲੇ ਹੈਂਡਬਾਲ ਮੁਕਾਬਲੇ ਲਈ ਚੁਣੇ ਗਏ। ਅੰਡਰ-21 ਹੈਂਡਬਾਲ ਟੀਮ ਵਿੱਚ ਰਾਜਨ ਦੀਪ ਸਿੰਘ, ਰਮਨਦੀਪ ਸਿੰਘ, ਤਨਵੀਰ ਸਿੰਘ, ਅਨਮੋਲਪ੍ਰੀਤ ਸਿੰਘ, ਦਾਸ ਰੁਦਰਾ, ਅਕਾਸ਼ਦੀਪ ਸਿੰਘ, ਹਰਲੀਨ ਸਿੰਘ, ਰਾਹੁਲ ਸ਼ਰਮਾ, ਜਸਨਪ੍ਰੀਤ ਸਿੰਘ, ਗੁਰ ਅੰਮ੍ਰਿਤਪਾਲ ਸਿੰਘ, ਹਰਸਾਹਿਲ ਦੀਪ ਸਿੰਘ ਅਤੇ ਪਵਨਦੀਪ ਸਿੰਘ ਦੀ ਟੀਮ ਨੂੰ ਵੀ ਪਹਿਲਾ ਸਥਾਨ ਪ੍ਰਾਪਤ ਹੋਇਆ। ਇਹ ਟੀਮ ਰਾਜ ਪੱਧਰੀ ਖੇਡ ਮੁਕਾਬਲੇ ਲਈ ਚੁਣੀ ਗਈਆਂ ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਅਤੇ ਪ੍ਰਿੰ. ਡਾ: ਬਿੰਦੂ ਭੱਲਾ ਨੇ ਖੇਡ ਮੁਕਾਬਲਿਆਂ ਵਿੱਚ ਸਫਲਤਾ ਹਾਸਲ ਕਰਨ ਵਾਲੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਕੋਚ ਰਾਜਬੀਰ ਸਿੰਘ ਨੂੰ ਤਹਿ ਦਿਲੋਂ ਵਧਾਈ ਦਿੱਤੀ ਅਤੇ ਉਨ੍ਹਾਂ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਆਪਣੀ ਪ੍ਰਤਿਭਾ ਦਿਖਾਉਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਨੂੰ ਖੇਡਾਂ ਵਿੱਚ ਸਰਗਰਮੀ ਨਾਲ ਭਾਗ ਲੈਣ ਲਈ ਪ੍ਰੇਰਿਤ ਕੀਤਾ ਜਾਵੇ ਤਾਂ ਜੋ ਉਹ ਨਸ਼ਿਆਂ ਤੋਂ ਦੂਰ ਰਹਿਣ ਅਤੇ ਉਨ੍ਹਾਂ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਸਹੀ ਢੰਗ ਨਾਲ ਹੋ ਸਕੇ।

## ਸਰਹੱਦ 'ਤੇ ਪਾਕਿ ਡਰੋਨ ਦੀ ਕੋਸ਼ਿਸ਼ ਨਾਕਾਮ

**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਪਾਕਿਸਤਾਨ ਆਪਣੀਆਂ ਨਾਪਾਕ ਹਰਕਤਾਂ ਤੋਂ ਬਾਜ਼ ਨਹੀਂ ਆ ਰਿਹਾ। ਬੀਤੀ ਰਾਤ ਵੀ ਬੀਓਪੀ ਚੌਂਤਰਾ ਦੀ ਭਾਰਤੀ ਸੀਮਾ 'ਚ ਇਕ ਵਾਰ ਫਿਰ ਪਾਕਿਸਤਾਨੀ ਡਰੋਨ ਨੇ ਦਾਖਲ ਹੋਣ ਦੀ ਕੋਸ਼ਿਸ਼ ਕੀਤੀ, ਜਿਸ 'ਤੇ ਸੀਮਾ ਸੁਰੱਖਿਆ ਬਲ ਦੇ ਜਵਾਨਾਂ ਨੇ ਫਾਇਰਿੰਗ ਕਰਕੇ ਵਾਪਸ ਭੇਜਿਆ। ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਬੀਐੱਸਐੱਫ ਦੀ ਚੌਂਤਰਾ 58 ਬਟਾਲੀਅਨ ਚੌਕੀ ਦੇ ਜਵਾਨਾਂ ਨੇ ਭਾਰਤੀ ਸਰਹੱਦ 'ਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਪਾਕਿਸਤਾਨੀ ਡਰੋਨਾਂ 'ਤੇ ਗੋਲੀਬਾਰੀ ਕੀਤੀ ਅਤੇ ਵਾਪਸ ਭੇਜ ਦਿੱਤਾ। ਬੀਐੱਸਐੱਫ ਅਧਿਕਾਰੀਆਂ ਅਨੁਸਾਰ ਜਵਾਨਾਂ ਨੇ ਕਰੀਬ 19:30 ਵਜੇ ਡਰੋਨ ਦੀ ਆਵਾਜ਼ ਸੁਣੀ। ਇਸ ਤੋਂ ਬਾਅਦ ਉਨ੍ਹਾਂ ਤੁਰੰਤ ਉੱਚ ਅਧਿਕਾਰੀਆਂ ਨੂੰ ਸੂਚਿਤ ਕੀਤਾ ਅਤੇ ਫਿਰ ਜਵਾਨਾਂ ਨੇ 3 ਰਾਊਂਡ ਫਾਇਰ ਕੀਤੇ। ਜਾਣਕਾਰੀ ਮੁਤਾਬਕ ਜਵਾਨਾਂ ਵੱਲੋਂ 1 ਰੌਸ਼ਨੀ ਵਾਲਾ ਗੋਲਾ ਵੀ ਦਾਗਿਆ ਗਿਆ ਜੋ ਕਿ ਕੁੱਲ 3 ਰਾਊਂਡ ਫਾਇਰ ਕਰਨ ਉਪਰੰਤ ਡਰੋਨ ਆਖਰਕਾਰ ਪਾਕਿਸਤਾਨ ਵੱਲ ਪਰਤ ਗਿਆ। ਇਸ ਮੌਕੇ ਡੀਐੱਸਪੀ ਰਾਜਬੀਰ ਸਿੰਘ, ਥਾਣਾ ਮੁਖੀ ਦੋਰਾਂਗਲਾ ਜਤਿੰਦਰ ਪਾਲ ਸਿੰਘ ਵੱਲੋਂ ਭਾਰੀ ਫੋਰਸ ਨਾਲ ਪਹੁੰਚ ਕੇ ਬੀਐੱਸਐੱਫ ਅਤੇ ਪੁਲਸ ਵੱਲੋਂ ਇਲਾਕੇ ਅੰਦਰ ਸਰਚ ਅਭਿਆਨ ਸ਼ੁਰੂ ਕਰ ਦਿੱਤਾ ਗਿਆ ਹੈ।

# ਕੇਂਦਰੀ ਖੇਤਰੀ ਕੌਂਸਲ 'ਚ ਸ਼ਾਮਲ ਰਾਜ ਦੇਸ਼ 'ਚ ਜਲ ਸਪਲਾਈ ਦੇ ਮੁੱਖ ਕੇਂਦਰ : ਸ਼ਾਹ

**ਲੁਧਿਆਣਾ/ਜਲੰਧਰ :** ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਦੀ ਪ੍ਰਧਾਨਗੀ ਹੇਠ ਕੇਂਦਰੀ ਖੇਤਰੀ ਕੌਂਸਲ ਦੀ 24ਵੀਂ ਮੀਟਿੰਗ ਨਰੇਂਦਰ ਨਗਰ, ਟਿਹਰੀ ਵਿੱਚ ਹੋਈ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਸ਼ਾਹ ਨੇ ਕਿਹਾ ਕਿ ਕੇਂਦਰੀ ਖੇਤਰੀ ਪ੍ਰੀਸ਼ਦ ਵਿੱਚ ਸ਼ਾਮਲ ਮੱਧ ਪ੍ਰਦੇਸ, ਉੱਤਰ ਪ੍ਰਦੇਸ, ਉੱਤਰਾਖੰਡ ਅਤੇ ਛੱਤੀਸਗੜ੍ਹ ਰਾਜਾਂ ਦਾ ਦੇਸ਼ ਦੇ ਜੀਡੀਪੀ ਅਤੇ ਵਿਕਾਸ ਵਿੱਚ ਬਹੁਤ ਵੱਡਾ ਯੋਗਦਾਨ ਹੈ। ਕੇਂਦਰੀ ਖੇਤਰੀ ਕੌਂਸਲ ਵਿੱਚ ਸ਼ਾਮਲ ਰਾਜਾਂ ਦੇ ਯੋਗਦਾਨ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਸੂਬੇ ਦੇਸ਼ ਵਿੱਚ ਜਲ ਸਪਲਾਈ ਦੇ ਮੁੱਖ ਕੇਂਦਰ ਹਨ। ਇਨ੍ਹਾਂ ਰਾਜਾਂ ਤੋਂ ਬਿਨਾਂ ਜਲ ਸਪਲਾਈ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਕੌਂਸਲ ਵਿੱਚ ਸ਼ਾਮਲ ਰਾਜਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਅੱਗੇ ਕਿਹਾ ਕਿ ਇਹ ਰਾਜ ਦੇਸ਼ ਵਿੱਚ ਖੇਤੀਬਾੜੀ, ਪਸ਼ੂ ਪਾਲਣ, ਅਨਾਜ ਉਤਪਾਦਨ, ਮਾਈਨਿੰਗ, ਜਲ ਸਪਲਾਈ ਅਤੇ ਸੈਰ-ਸਪਾਟੇ ਦੇ ਪ੍ਰਮੁੱਖ ਕੇਂਦਰ ਹਨ। ਸ਼ਾਹ ਦਾ ਸਪੱਸ਼ਟ ਮੰਨਣਾ ਹੈ ਕਿ ਇਨ੍ਹਾਂ ਸੂਬਿਆਂ ਤੋਂ ਬਿਨਾਂ ਪਾਣੀ ਦੀ ਸਪਲਾਈ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

# ਬਿਰਧ ਆਸ਼ਰਮ 'ਚ ਰਹਿੰਦੇ ਬਜ਼ੁਰਗ ਬਾਪੂ ਦੀ ਘਰ ਵਾਪਸੀ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਬਜ਼ੁਰਗ ਮਹਾਸੂ ਰਾਮ ਵਾਸੀ ਪਿੰਡ ਥਰਿਆਲ ਜ਼ਿਲ੍ਹਾ/ਤਹਿਸੀਲ ਪਠਾਨਕੋਟ ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਵਿਖੇ ਰਹਿ ਰਹੇ ਸਨ। ਆਸ਼ਰਮ ਪ੍ਰਬੰਧਕਾਂ ਨੇ ਬਾਪੂ ਦੇ ਪਰਿਵਾਰਕ ਮੈਂਬਰਾਂ ਤੇ ਰਿਸ਼ਤੇਦਾਰਾਂ ਨੂੰ ਬੁਲਾ ਕੇ ਸਮਝਾਇਆ ਅਤੇ ਕਿਹਾ ਕਿ ਸਾਨੂੰ ਆਪਣੇ ਬਜ਼ੁਰਗਾਂ ਨੂੰ ਘਰੋਂ ਨਹੀਂ ਕੱਢਣਾ ਚਾਹੀਦਾ। ਬਾਪੂ ਦੇ ਪੁੱਤਰ ਨਰੇਸ਼ ਕੁਮਾਰ ਨੇ ਆਸ਼ਰਮ ਪ੍ਰਬੰਧਕਾਂ ਨੂੰ ਦੱਸਿਆ ਕਿ ਸਾਡੇ ਪਿਤਾ ਸਾਨੂੰ ਬਿਨਾਂ ਕੁਝ ਦੱਸੇ ਹੀ ਘਰ ਤੋਂ ਬਾਹਰ ਚਲੇ ਜਾਂਦੇ ਹਨ। ਅਸੀਂ ਦੋ ਭਰਾ ਹਾਂ। ਬਾਪੂ ਜੀ ਮੇਰੇ ਛੋਟੇ ਭਰਾ ਤੇ ਮੇਰੀ ਮਾਤਾ ਨਾਲ ਰਹਿੰਦੇ ਹਨ ਤੇ ਮਾਤਾ ਨਾਲ ਛੋਟੀ-ਮੋਟੀ ਗੱਲ 'ਤੇ ਹੀ ਬਹਿਸ ਪੈਂਦੇ ਹਨ। ਨਰੇਸ਼ ਕੁਮਾਰ ਆਪਣੇ ਪਿਤਾ ਨੂੰ ਘਰ ਲੈ ਗਿਆ ਤੇ ਉਸਨੇ ਆਸ਼ਰਮ ਪ੍ਰਬੰਧਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਪਿੰਡ ਦੇ ਪੰਚਾਇਤ ਮੈਂਬਰ ਰਾਜੇਸ਼ ਕੁਮਾਰ, ਆਸ਼ਰਮ ਪ੍ਰਧਾਨ ਸਤਨਾਮ ਸਿੰਘ, ਸੁਪਰਡੈਂਟ ਮਿਸ ਅੰਜਲੀ ਸ਼ਰਮਾ, ਸਵਿਤਾ, ਅੰਜੂ ਬਾਲਾ, ਕੁਲਵਿੰਦਰ ਕੌਰ, ਅੰਜੂ, ਤਰਸੇਮ ਲਾਲ ਅਤੇ ਆਰਤੀ ਆਦਿ ਮੌਜੂਦ ਸਨ।

# ਚੇਅਰਮੈਨ ਰਮਨ ਬਹਿਲ ਵੱਲੋਂ ਡਾ. ਬੀ ਐੱਸ ਬਾਜਵਾ ਦਾ ਸਨਮਾਨ



**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਪੰਜਾਬ ਮੈਡੀਕਲ ਕੌਂਸਲ ਦੇ ਨਵੇਂ ਚੁਣੇ ਗਏ ਮੈਂਬਰ ਡਾ. ਬੀ. ਐੱਸ. ਬਾਜਵਾ ਦਾ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਵੱਲੋਂ ਆਪਣੇ ਗ੍ਰਹਿ ਵਿਖੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਬੀਤੇ ਦਿਨੀਂ ਪੰਜਾਬ ਮੈਡੀਕਲ ਕੌਂਸਲ ਦੀ ਚੋਣ ਹੋਈ ਸੀ ਜਿਸ ਦੀਆਂ 10 ਸੀਟਾਂ ਲਈ 23 ਮੈਂਬਰਾਂ ਨੇ ਚੋਣ ਵਿੱਚ ਹਿੱਸਾ ਲਿਆ ਸੀ ਅਤੇ ਜ਼ਿਲ੍ਹਾ ਗੁਰਦਾਸਪੁਰ ਦੇ ਡਾ. ਬੀ. ਐੱਸ. ਬਾਜਵਾ ਨੇ ਚੋਣ ਜਿੱਤ ਕੇ 10 ਮੈਂਬਰਾਂ ਵਿੱਚ ਸਥਾਨ ਹਾਸਲ ਕੀਤਾ ਹੈ।

ਇਸ ਮੌਕੇ ਡਾ. ਬੀ. ਐੱਸ. ਬਾਜਵਾ ਨੇ ਕਿਹਾ ਕਿ ਉਹ ਆਪਣੀ ਇਸ ਨਵੀਂ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ ਅਤੇ ਨਿੱਜੀ ਤੇ ਸਰਕਾਰੀ ਡਾਕਟਰਾਂ ਦੇ ਜੋ ਵੀ ਪੰਜਾਬ ਮੈਡੀਕਲ ਕੌਂਸਲ ਨਾਲ ਸਬੰਧਤ ਮਸਲੇ ਹੋਣਗੇ ਉਨ੍ਹਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਉਨ੍ਹਾਂ ਚੇਅਰਮੈਨ ਰਮਨ ਬਹਿਲ ਦਾ ਇਸ ਸਨਮਾਨ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਉਨ੍ਹਾਂ ਨਾਲ ਡਾ. ਕੇ. ਐੱਸ. ਬੱਬਰ, ਡਾ. ਹਰਜਿੰਦਰ ਕਲੇਰ, ਡਾ. ਜੀ. ਐੱਸ. ਕਲਸੀ, ਡਾ. ਸਤਿੰਦਰ ਮਹਾਜਨ, ਡਾ. ਭੁਪਿੰਦਰ ਸਿੰਘ, ਡਾ. ਸੰਧੂ, ਡਾ. ਜੀ. ਐੱਸ. ਪੰਨੂੰ, ਡਾ. ਰਾਜਨ ਅਰੋੜਾ, ਗੁਰਮਿੰਦਰ ਸਿੰਘ ਤੇ ਹੋਰ ਵੀ ਮੋਹਤਬਰ ਹਾਜ਼ਰ ਸਨ।

# ਰਿਟਾਇਰਡ ਇੰਪਲਾਈਜ਼ ਯੂਨੀਅਨ ਦੀ ਸਹਾਇਕ ਕਮਿਸ਼ਨਰ ਨਾਲ ਮਹੀਨਾਵਾਰ ਮੀਟਿੰਗ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਰਿਟਾਇਰਡ ਇੰਪਲਾਈਜ਼ ਯੂਨੀਅਨ ਦੀ ਵਿਸ਼ੇਸ਼ ਮੀਟਿੰਗ ਪ੍ਰਧਾਨ ਲਾਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਕੁਲਵੰਤ ਸਿੰਘ ਸੈਣੀ ਚੇਅਰਮੈਨ ਅਤੇ ਸੰਜੀਵ ਅਰੋੜਾ ਸਰਪ੍ਰਸਤ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਹਰ ਮਹੀਨੇ ਦੀ ਤਰ੍ਹਾਂ ਰਿਟਾਇਰਡ ਅਧਿਕਾਰੀਆਂ/ਕਰਮਚਾਰੀਆਂ ਦੀ ਬੈਠਕ ਜੋ ਸੰਦੀਪ ਤਿਵਾੜੀ ਸਹਾਇਕ ਕਮਿਸ਼ਨਰ ਨਾਲ ਕੀਤੀ ਜਾਂਦੀ ਹੈ ਉਸ ਵਿੱਚ ਨਗਰ ਨਿਗਮ ਤੋਂ ਰਿਟਾਇਰ ਸਵਰਗੀ ਰਵਿੰਦਰ ਠਾਕੁਰ ਇੰਸਪੈਕਟਰ ਜਿੰਨ੍ਹਾਂ ਦੀ ਪਿਛਲੇ ਦਿਨੀ ਮੌਤ ਹੋ ਗਈ ਸੀ, ਉਹਨਾਂ ਨੂੰ 2 ਮਿੰਟ ਦਾ ਮੌਨ ਧਾਰਣ ਕਰਕੇ ਸ਼ਰਧਾਂਜਲੀ ਦਿੱਤੀ ਗਈ। ਇਸ ਦੌਰਾਨ ਜੋ ਮੁਲਾਜ਼ਮਾਂ ਦੀਆਂ ਮੰਗਾਂ ਸਨ ਉਸ ਬਾਰੇ ਸਹਾਇਕ ਕਮਿਸ਼ਨਰ ਸੰਦੀਪ ਤਿਵਾੜੀ ਨੂੰ ਜਾਣੂ ਕਰਵਾਇਆ ਗਿਆ ਅਤੇ ਉਹਨਾਂ ਵਿਸ਼ਵਾਸ਼ ਦੁਆਇਆ ਕਿ ਜਲਦੀ ਹੀ ਮੰਗਾਂ ਤੇ ਵਿਚਾਰ ਕਰਕੇ ਪੂਰਾ ਕੀਤਾ ਜਾਵੇਗਾ ਅਤੇ ਜੋ ਮੰਗਾਂ ਸਰਕਾਰ ਦੇ ਲੈਵਲ ਦੀਆਂ ਹਨ ਉਹਨਾਂ ਨੂੰ ਲਿਖ ਦਿੱਤਾ ਜਾਵੇਗਾ। ਇਸ ਮੌਕੇ 'ਤੇ ਅਵਤਾਰ ਸਿੰਘ ਏ.ਡੀ.ਐਫ.ਓ, ਅਸ਼ਵਨੀ ਸ਼ਰਮਾ, ਕੇਵਲ ਸਿੰਘ ਹੀਰ, ਸੀਤਾ ਰਾਮ, ਜੋਗਿੰਦਰ ਪਾਲ ਆਦਿਆ ਜਨਰਲ ਸਕੱਤਰ, ਬਲਵਿੰਦਰ ਸਿੰਘ, ਸੁਰਿੰਦਰ ਕੁਮਾਰ, ਮਦਨ ਲਾਲ, ਬੋਧ ਰਾਜ, ਨਰੇਸ਼ ਕੁਮਾਰ, ਸੁਰਿੰਦਰ ਕੁਮਾਰ, ਸੁਰਜੀਤ ਲਾਲ, ਅਮਰਜੀਤ ਸਿੰਘ, ਨਛੱਤਰ ਲਾਲ, ਦਸ਼ਰਥ, ਹਰੀਸ਼ ਕੁਮਾਰ, ਹਰਜਿੰਦਰ ਸਿੰਘ, ਵਿਜੈ ਕੁਮਾਰ ਆਦਿ ਮੌਜੂਦ ਸਨ।

# 4 ਤੇ 5 ਨਵੰਬਰ ਨੂੰ ਹਰ ਪੋਲਿੰਗ ਸਟੇਸ਼ਨ 'ਤੇ ਲੱਗਣਗੇ ਵਿਸ਼ੇਸ਼ ਕੈਂਪ

## * ਬੀ.ਐੱਲ.ਓਜ਼ ਵੱਲੋਂ ਨਵੀਆਂ ਵੋਟਾਂ ਬਣਾਉਣ ਦੇ ਨਾਲ ਵੋਟਰਾਂ ਪਾਸੋਂ ਦਾਅਵੇ/ਇਤਰਾਜ਼ ਵੀ ਲਏ ਜਾਣਗੇ



**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਮੁੱਖ ਚੋਣ ਅਫ਼ਸਰ, ਪੰਜਾਬ ਦੀਆਂ ਹਦਾਇਤਾਂ ਤਹਿਤ ਯੋਗਤਾ ਮਿਤੀ 1 ਜਨਵਰੀ 2024 ਦੇ ਆਧਾਰ 'ਤੇ ਵੋਟਰ ਸੂਚੀ ਦੀ ਸਪੈਸ਼ਲ ਸੁਧਾਈ ਸਬੰਧੀ ਫਾਰਮ ਪ੍ਰਾਪਤ ਕਰਨ ਲਈ ਮਿਤੀ 4 ਤੇ 5 ਨਵੰਬਰ (ਸ਼ਨੀਵਾਰ ਤੇ ਐਤਵਾਰ) ਨੂੰ ਸਵੇਰੇ 9:00 ਵਜੇ ਤੋਂ ਸ਼ਾਮ 5:00 ਵਜੇ ਤੱਕ ਬੂਥ ਲੈਵਲ ਅਫ਼ਸਰਾਂ (ਬੀ.ਐੱਲ.ਓ.) ਦੁਆਰਾ ਪੋਲਿੰਗ ਸਟੇਸ਼ਨਾਂ ਵਿਖੇ ਵਿਸ਼ੇਸ਼ ਕੈਂਪ ਲਗਾਏ ਜਾਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਸਮੂਹ ਈਆਰਓਜ਼ ਵੱਲੋਂ ਆਪਣੇ ਵਿਧਾਨ ਸਭਾ ਹਲਕਿਆਂ ਵਿੱਚ ਇਨ੍ਹਾਂ ਕੈਂਪਾਂ ਦੀ ਨਿਗਰਾਨੀ ਕੀਤੀ ਜਾਵੇਗੀ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਹਰ ਪੋਲਿੰਗ ਸਟੇਸ਼ਨ ਉੱਪਰ ਦੋਵੇਂ ਦਿਨ ਇਹ ਵਿਸ਼ੇਸ਼ ਕੈਂਪ ਲੱਗਣ। ਉਨ੍ਹਾਂ ਕਿਹਾ ਕਿ ਸਪੈਸ਼ਲ ਕੈਂਪ ਦੌਰਾਨ ਬੀਐੱਲਓਜ਼ ਪੋਲਿੰਗ ਸਟੇਸ਼ਨ ਵਿੱਚ ਨਾਗਰਿਕਾਂ/ਵੋਟਰਾਂ ਪਾਸੋਂ ਦਾਅਵੇ/ਇਤਰਾਜ਼ (ਫਾਰਮ 6, 6-ਏ, 7, 8) ਪ੍ਰਾਪਤ ਕਰਨਗੇ। ਇਸ ਤੋਂ ਇਲਾਵਾ ਆਧਾਰ ਕਾਰਡ ਨੂੰ ਵੋਟਰ ਕਾਰਡ ਨਾਲ ਲਿੰਕ ਕਰਨ ਦੇ ਟੀਚੇ ਨੂੰ ਵੀ ਪੂਰਾ ਕੀਤਾ ਜਾਵੇਗਾ। ਜ਼ਿਲ੍ਹਾ ਚੋਣ ਅਧਿਕਾਰੀ ਨੇ ਅੱਗੇ ਦੱਸਿਆ ਕਿ 18-19 ਸਾਲ ਦੇ ਯੁਵਕਾਂ ਅਤੇ ਦਿਵਿਆਂਗਜਨਾਂ ਦੀਆਂ ਵੋਟਾਂ ਬਣਾਉਣ ਲਈ ਵੀ ਵਿਸ਼ੇਸ਼ ਅਭਿਆਨ ਚਲਾਇਆ ਜਾ ਰਿਹਾ ਹੈ।

ਉਨ੍ਹਾਂ 1 ਜਨਵਰੀ 2024 ਨੂੰ 18 ਸਾਲ ਦੀ ਉਮਰ ਪੂਰੀ ਕਰਨ ਵਾਲੇ ਸਮੂਹ ਨੌਜਵਾਨ ਲੜਕੇ-ਲੜਕੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀਆਂ ਵੋਟਾਂ ਜ਼ਰੂਰ ਬਣਵਾਉਣ। ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲ੍ਹਾ ਵਾਸੀਆਂ ਨੂੰ ਵੀ ਅਪੀਲ ਕੀਤੀ ਹੈ ਕਿ 4 ਤੇ 5 ਨਵੰਬਰ ਨੂੰ ਹਰ ਪੋਲਿੰਗ ਸਟੇਸ਼ਨ 'ਤੇ ਲੱਗ ਰਹੇ ਵਿਸ਼ੇਸ਼ ਕੈਂਪ ਵਿੱਚ ਬੀਐੱਲਓਜ਼ ਤੇ ਅਧਿਕਾਰੀਆਂ ਦਾ ਪੂਰਾ ਸਹਿਯੋਗ ਕਰਨ।

# ਐੱਸ ਡੀ ਐੱਮ ਨੇ ਮਜੀਠਾ ਦਾਣਾ ਮੰਡੀ 'ਚ ਖ਼੍ਰੀਦ ਪ੍ਰਬੰਧਾਂ ਦਾ ਲਿਆ ਜਾਇਜ਼ਾ



**ਮਜੀਠਾ (ਸੋਹਿਮ ਆਨੰਦ)**-ਐੱਸਡੀਐੱਮ ਮਜੀਠਾ ਡਾ. ਹਰਨੂਰ ਕੌਰ ਢਿੱਲੋਂ ਨੇ ਦਾਣਾ ਮੰਡੀ ਮਜੀਠਾ 'ਚ ਕਿਸਾਨਾਂ ਵਲੋਂ ਲਿਆਂਦੀ ਜਾਂ ਰਹੀ ਝੋਨੇ ਦੀ ਜਿਣਸ ਦੇ ਖ਼੍ਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਮੌਕੇ ਬੀਬੀ ਢਿੱਲੋਂ ਨੇ ਕਿਹਾ ਅੱਜ ਮੰਡੀ 'ਚ ਆਉਣ ਦਾ ਉਨ੍ਹਾਂ ਦਾ ਮਕਸਦ ਕਿਸਾਨਾਂ ਵੱਲੋ ਮੰਡੀ ਵਿੱਚ ਲਿਆਂਦੀ ਜਾ ਰਹੀ ਝੋਨੇ ਦੀ ਫਸਲ ਦਾ ਸੁਚੱਜੇ ਢੰਗ ਨਾਲ ਮੰਡੀਕਰਨ ਕਰਾਉਣਾ ਹੈ। ਉਨ੍ਹਾਂ ਖ਼੍ਰੀਦ ਏਜੰਸੀ ਅਧਿਕਾਰੀਆਂ ਮਾਰਕਫੈੱਡ ਦੇ ਮੈਨੇਜਰ ਹਰਵਿੰਦਰ ਸਿੰਘ ਹੰਜਰਾ, ਪਨਗ੍ਰੇਨ ਦੇ ਇੰਸਪੈਕਟਰ ਹਰਮਨਜੀਤ ਸਿੰਘ, ਇੰਸਪੈਕਟਰ ਆਸ਼ੀਸ਼ ਮਹਾਜਨ ਨੂੰ ਹਦਾਇਤ ਕੀਤੀ ਕਿ ਮੰਡੀ ਵਿੱਚ ਸਮੇਂ ਸਿਰ ਬੋਲੀ ਸ਼ੁਰੂ ਕਰਵਾਈ ਜਾਵੇ ਤਾਂ ਜੋ ਕਿਸਾਨਾਂ ਨੂੰ ਮੰਡੀ ਵਿੱਚ ਖੱਜਲ-ਖੁਆਰ ਨਾ ਹੋਣਾ ਪਵੇ। ਉਨ੍ਹਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੀ ਜਿਣਸ ਮੰਡੀ ਵਿੱਚ ਸੁਕਾ ਕੇ ਲਿਆਉਣ ਤੇ ਕੋਸ਼ਿਸ਼ ਕਰਨ ਕਿ ਕੰਬਾਇਨ ਨਾਲ ਫਸਲ ਦੀ ਕਟਾਈ ਦਿਨ ਨੂੰ 11 ਵਜੇ ਤੋਂ ਬਾਅਦ ਸ਼ੁਰੂ ਕਰਵਾਈ ਜਾਵੇ ਕਿਉਂਕਿ ਝੋਨੇ ਦੇ ਬੂਟਿਆਂ ਤੇ ਪਈ ਤਰੇਲ 11 ਵਜੇ ਤੱਕ ਸੁੱਕ ਜਾਂਦੀ ਹੈ ਤੇ ਇਸ ਨਾਲ ਝੋਨੇ ਦੇ ਦਾਣਿਆਂ ਵਿੱਚ ਨਮੀ ਘੱਟ ਆਉਂਦੀ ਹੈ। ਇਸ ਮੌਕੇ ਸਕੱਤਰ ਮਾਰਕੀਟ ਕਮੇਟੀ ਮਜੀਠਾ ਨੇ ਦੱਸਿਆ ਕਿ ਹੁਣ ਤੱਕ ਪਰਮਲ 1000 ਕੁਵਿੰਟਲ ਤੇ ਕਿਸਮ 1509 ਬਾਸਮਤੀ 1 ਲੱਖ 61 ਹਜ਼ਾਰ ਕਵਿੰਟਲ ਦੇ ਕਰੀਬ ਦੇ ਮੰਡੀ ਵਿੱਚ ਆਈ ਹੈ ਜਿਸ ਦੀ ਤੁਰੰਤ ਖ਼੍ਰੀਦ ਕੀਤੀ ਗਈ ਹੈ। ਇਸ ਮੌਕੇ ਉਕਤ ਤੋਂ ਇਲਾਵਾ ਆੜ੍ਹਤੀਆਂ ਐਸੋਸੀਏਸ਼ਨ ਦੇ ਪ੍ਰਧਾਨ ਜਸਕਰਨ ਸਿੰਘ ਭੰਗੂ, ਸਰਪ੍ਰਸਤ ਅਨੂਪ ਸਿੰਘ ਸੰਧੂ, ਮੰਡੀ ਇੰਚਾਰਜ ਕੁਲਦੀਪ ਸਿੰਘ ਕਾਹਲੋਂ, ਅਮਰਪਾਲ ਸਿੰਘ ਬੱਲ, ਲਖਵਿੰਦਰ ਸਿੰਘ ਗਿੱਲ, ਪ੍ਰਧਾਨ ਸੁਭਾਸ਼ ਚੰਦਰ, ਮੀਤ ਪ੍ਰਧਾਨ ਮੋਹਨ ਸਿੰਘ, ਹਰਦੀਪ ਸਿੰਘ, ਹਰਜਿੰਦਰ ਸਿੰਘ, ਰਾਜਕੁਮਾਰ ਲੇਖਾਕਾਰ ਤੇ ਹੋਰ ਵੀ ਕਿਸਾਨ ਤੇ ਮਜ਼ਦੂਰ ਹਾਜ਼ਰ ਸਨ।

# ਵਿਦਾਇਗੀ ਪਾਰਟੀ ਦੇ ਨਾਂਅ 'ਚ ਕਰਮਚਾਰੀਆਂ 3 ਵਜੇ ਹੀ ਮਾਰੇ ਬੈਂਕ ਨੂੰ ਤਾਲੇ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਜ਼ਿਲ੍ਹਾ ਤਰਨ ਤਾਰਨ ਅਧੀਨ ਪੈਂਦੇ ਕਸਬਾ ਦਿਆਲਪੁਰ 'ਚ ਸਥਿਤ ਕੋਆਪਰੇਟਿਵ ਬੈਂਕ ਦੇ ਕਰਮਚਾਰੀਆਂ ਵੱਲੋਂ ਬੀਤੇ ਸ਼ਨੀਵਾਰ ਕਿਸੇ ਵਿਦਾਇਗੀ ਪਾਰਟੀ 'ਚ ਸ਼ਾਮਲ ਹੋਣ ਲਈ ਬੈਂਕ ਨੂੰ 3 ਵਜੇ ਤਾਲੇ ਲਗਾ ਕੇ ਸ਼ਰੇਆਮ ਨਿਯਮਾਂ ਦੀ ਉਲੰਘਣਾ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜ਼ਿਕਰਯੋਗ ਹੈ ਕਿ 3 ਵਜੇ ਬੈਂਕ ਬੰਦ ਹੋਣ ਲੋਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਉਪਰੋਕਤ ਮਾਮਲੇ ਸਬੰਧੀ ਜਾਣਕਾਰੀ ਮਿਲਣ ਤੋਂ ਬਾਅਦ ਜਦੋਂ ਪੱਤਰਕਾਰਾਂ ਦੀ ਟੀਮ ਮੌਕੇ ਬੈਂਕ ਪਹੁੰਚੀ ਤਾਂ ਬ੍ਰਾਂਚ ਅੱਗੇ ਖੜ੍ਹੇ ਇੱਕ ਵਿਅਕਤੀ ਨੇ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਜਦੋਂ ਉਹ ਬੀਤੇ ਸ਼ਨੀਵਾਰ ਨੂੰ ਕਿਸੇ ਕੰਮ ਦੇ ਸਿਲਸਿਲੇ 'ਚ ਸਮਾਂ ਕਰੀਬ 3 ਵਜੇ ਬੈਂਕ ਆਇਆ ਤਾਂ ਬੈਂਕ ਨੂੰ ਤਾਲਾ ਲੱਗਾ ਹੋਇਆ ਸੀ। ਉਪਰੋਕਤ ਵਿਅਕਤੀ ਦਾ ਕਹਿਣਾ ਸੀ ਕਿ ਉਸ ਦੇ ਵਾਂਗ ਅਨੇਕਾਂ ਹੋਰ ਲੋਕ ਵੀ ਬੈਂਕ ਬੰਦ ਹੋਣ ਕਾਰਨ ਖੱਜਲ-ਖੁਆਰ ਹੋ ਕੇ ਘਰਾਂ ਨੂੰ ਵਾਪਸ ਪਰਤ ਗਏ। ਉਪਰੋਕਤ ਵਿਅਕਤੀ ਨੇ ਦੱਸਿਆ ਕਿ ਉਸ ਨੇ ਇਸ ਮਾਮਲੇ ਸੰਬੰਧੀ ਇੱਕ ਲਿਖਤੀ ਦਰਖਾਸਤ ਮਾਣਯੋਗ ਡਿਪਟੀ ਕਮਿਸ਼ਨਰ ਤਰਨ ਤਾਰਨ ਸੰਦੀਪ ਕੁਮਾਰ ਨੂੰ ਦੇ ਕੇ ਉਪਰੋਕਤ ਬੈਂਕ ਮੁਲਾਜ਼ਮਾਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਹੈ। ਉੱਧਰ ਜਦੋਂ ਇਸ ਮਾਮਲੇ ਸੰਬੰਧੀ ਕੋਆਪਰੇਟਿਵ ਬੈਂਕ ਦਿਆਲਪੁਰ ਦੇ ਮੈਨੇਜਰ ਜਸਵਿੰਦਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਉਹ ਵਿਦਾਇਗੀ ਪਾਰਟੀ 'ਚ ਸ਼ਾਮਲ ਹੋਣ ਲਈ ਬੈਂਕ ਬੰਦ ਕਰਕੇ ਗਏ ਸਨ। ਇਸ ਮੌਕੇ ਜਦੋਂ ਪੱਤਰਕਾਰਾਂ ਵੱਲੋਂ ਉਪਰੋਕਤ ਮੈਨੇਜਰ ਨੂੰ ਨਿਰਧਾਰਿਤ ਸਮੇਂ ਤੋਂ ਪਹਿਲਾਂ ਬੈਂਕ ਬੰਦ ਕਰਨ ਲਈ ਆਪਣੇ ਹੈੱਡ ਆਫਿਸ ਜਾਂ ਉੱਚ-ਅਧਿਕਾਰੀ ਪਾਸੋਂ ਮਨਜ਼ੂਰੀ ਲੈਣ ਬਾਰੇ ਸਵਾਲ ਪੁੱਛਿਆ ਗਿਆ ਤਾਂ ਤਾਂ ਮੈਨੇਜਰ ਕੋਲ ਇਸ ਸਵਾਲ ਦਾ ਕੋਈ ਵੀ ਜਵਾਬ ਨਹੀਂ ਸੀ। ਜ਼ਿਕਰਯੋਗ ਹੈ ਕਿ ਕੋਆਪਰੇਟਿਵ ਬੈਂਕ ਦਿਆਲਪੁਰ ਅਧੀਨ ਕਰੀਬ 20 ਪਿੰਡ ਆਉਂਦੇ ਹਨ ਅਤੇ ਸ਼ਨੀਵਾਰ ਨੂੰ ਬੈਂਕ ਅਧਿਕਾਰੀਆਂ ਵੱਲੋਂ ਤਿੰਨ ਵਜੇ ਹੀ ਆਪਣੀ ਮਨਮਰਜ਼ੀ ਨਾਲ ਬੈਂਕ ਬੰਦ ਕਰਨ ਨਾਲ ਲੋਕਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਇਸ ਮਾਮਲੇ ਸੰਬੰਧੀ ਜਦੋਂ ਡਿਪਟੀ ਕਮਿਸ਼ਨਰ ਤਰਨ ਤਾਰਨ ਸੰਦੀਪ ਕੁਮਾਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਇਸ ਮਾਮਲੇ ਸੰਬੰਧੀ ਉਨ੍ਹਾਂ ਕੋਲ ਇੱਕ ਲਿਖਤੀ ਦਰਖਾਸਤ ਆਈ ਹੈ। ਡਿਪਟੀ ਕਮਿਸ਼ਨਰ ਤਰਨ ਤਾਰਨ ਦਾ ਕਹਿਣਾ ਸੀ ਕਿ ਜਾਂਚ ਸਾਹਮਣੇ ਆਏ ਤੱਥਾਂ ਦੇ ਆਧਾਰ 'ਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

# ਐੱਸਵਾਈਐੱਲ ਮੁੱਦੇ 'ਤੇ ਬਵਾਲ ਖੜਾ ਕਰਨ ਦੀ ਬਜਾਏ ਪੰਜਾਬ ਦੇ ਪਾਣੀ 'ਤੇ ਹੱਕ ਮਜ਼ਬੂਤ ਕੀਤੇ ਜਾਣ : ਗਿੱਲ





**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਘੱਟ ਗਿਣਤੀ ਲੋਕ ਭਲਾਈ ਸੰਸਥਾ (ਰਜਿ:) ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਨੇ ਸਤਲੁਜ਼ ਯੁਮਨਾ ਲਿੰਕ ਨਹਿਰ ਮਾਮਲੇ 'ਚ ਪੰਜਾਬ ਦੀ ਸਿਆਸਤ 'ਚ ਉਠੇ ਬਵਾਲ ਤੇ ਆਪਣੀ ਪ੍ਰਤੀਕਿਰਿਆ ਜ਼ਾਹਰ ਕਰਦਿਆਂ ਕਿਹਾ ਕਿ ਇਹ ਆਪਸੀ ਬਹਿਸ ਦੇ ਨਾਲ ਹੱਲ ਹੋਣ ਵਾਲਾ ਮੁੱਦਾ ਨਹੀਂ ਹੈ, ਬਲਕਿ ਇਸ ਤੇ ਸਟੇਟ ਨੂੰ ਇਕ ਇਕਸੁਰਤਾ ਦਿਖਾਉਣੀ ਚਾਹੀਦੀ ਹੈ। ਉਨ੍ਹਾਂ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵਲੋਂ ਸਰਕਾਰ ਦੇ ਵਿਰੋਧੀ ਖੇਮੇ 'ਚ ਵਿਚਰਨ ਵਾਲੀਆਂ ਸਮੂਹ ਰਾਜਸੀ ਧਿਰਾਂ ਦੇ ਲੀਡਰਾਂ ਨੂੰ ਕੀਤੇ ਖੁੱਲ੍ਹੇ ਚੈਲੰਜ ਦੌਰਾਨ ਸਿਆਸੀ ਪਾਰਟੀਆਂ ਦੀਆਂ ਕਮੀਆਂ/ਕਮਜ਼ੋਰੀਆਂ ਨੂੰ ਜੱਗ ਜ਼ਾਹਰ ਕਰਨ ਤੋਂ ਇਲਾਵਾ ਹੋਰ ਕੋਈ ਟੀਚਾ ਨਹੀਂ ਹੈ। ਪੰਜਾਬ ਦੇ ਸਮੂਹ ਰਾਜਨੀਤਕ ਦਲਾਂ ਨੂੰ ਕੋਈ ਅਜਿਹਾ ਫੈਸਲਾ ਐੱਸਵਾਈਐੱਲ ਦੇ ਮੁੱਦੇ 'ਤੇ ਦੇਣਾ ਚਾਹੀਦਾ ਹੈ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਰਾਹ ਦਸੇਰਾ ਬਣ ਸਕੇ ਅਤੇ ਪੰਜਾਬ ਦੇ ਪਾਣੀਆਂ 'ਤੇ ਰਿਪੇਰੀਅਨ ਲਾਅ ਦਾ ਅਸਰ ਨਾ ਹੋ ਸਕੇ। ਉਨ੍ਹਾਂ ਨੇ ਕਿਹਾ ਕਿ ਹਰ ਰਾਜਨੀਤਕ ਪਾਰਟੀ ਨੂੰ ਕਾਨੂੰਨਦਾਨਾਂ, ਵਿਸ਼ੇ ਨਾਲ ਸਬੰਧਿਤ ਮਾਹਿਰਾਂ ਦੀ ਕਮੇਟੀ ਬਣਾ ਕੇ ਮਾਣਯੋਗ ਸਰਵਉਚ ਅਦਾਲਤ ਦੇ ਫੈਸਲੇ ਦਾ ਤੋੜ ਲੱਭਣ ਵੱਲ ਤਰਜੀਹ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਮੌਜੂਦਾ ਹਾਕਮ ਪਿਛਲੀਆਂ ਸਰਕਾਰਾਂ ਦੇ ਫੈਸਲਿਆਂ ਤੋਂ ਨਾਖੁਸ਼ ਹਨ ਤਾਂ ਪੰਜਾਬ ਦੀ ਪ੍ਰਭੂਸੱਤਾ ਅਤੇ ਖੁਦਮੁਖਤਿਆਰੀ ਨੂੰ ਕਮਜ਼ੋਰ ਕਰਦੇ ਫੈਸਲੇ ਪ੍ਰਸਤਾਵ ਲਿਆ ਕੇ ਰੱਦ ਕਰ ਦੇਣੇ ਚਾਹੀਦੇ ਹਨ।

# ਉਬੋਕੇ 'ਚ ਸੱਤ ਰੋਜ਼ਾ ਲੰਗਰ ਤੇ ਕੀਰਤਨ ਦਰਬਾਰ ਸਮਾਗਮ ਸਮਾਪਤ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਪਿੰਡ ਉਬੋਕੇ ਵਿਖੇ ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਬੁੱਢਾ ਸਾਹਿਬ ਦੇ ਸਾਲਾਨਾ ਜੋੜ ਮੇਲੇ ਨੂੰ ਸਮਰਪਿਤ ਸੰਗਤਾਂ ਦੇ ਸਹਿਯੋਗ ਨਾਲ ਸੱਤ ਦਿਨ ਲਗਾਤਾਰ ਵੱਖ-ਵੱਖ ਪਕਵਾਨਾਂ ਦੇ ਲੰਗਰ ਵਰਤਾਏ ਗਏ। ਬਾਬਾ ਬੁੱਢਾ ਸਾਹਿਬ ਲੰਗਰ ਕਮੇਟੀ ਉਬੋਕੇ ਦੇ ਪ੍ਰਧਾਨ ਬਾਬਾ ਬਲਜੀਤ ਸਿੰਘ ਨੇ ਦੱਸਿਆ ਕਿ ਸੱਤ ਸਾਲਾਂ ਤੋਂ ਬਾਬਾ ਬੁੱਢਾ ਸਾਹਿਬ ਦੇ ਜੋੜ ਮੇਲੇ 'ਤੇ ਉਬੋਕੇ ਤੇ ਬਾਹਮਣੀਵਾਲਾ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਉਬੋਕੇ ਵਿਖੇ ਦੋ ਅਕਤੂਬਰ ਤੋਂ ਨੌਂ ਅਕਤੂਬਰ ਤੱਕ ਨਿਰੰਤਰ ਲੰਗਰ ਚਲਾਏ ਜਾਂਦੇ ਹਨ। ਰਾਤ ਨੂੰ ਕਥਾ ਕੀਰਤਨ ਦੇ ਦਰਬਾਰ ਸਜਾਏ ਜਾਂਦੇ ਹਨ। ਇਸ ਵਾਰ ਬਾਬਾ ਤਰਸੇਮ ਸਿੰਘ ਨੇ ਕਥਾ ਕੀਰਤਨ ਕਰਕੇ ਸੰਗਤਾਂ ਨੂੰ ਬਾਬਾ ਬੁੱਢਾ ਸਾਹਿਬ ਜੀ ਦਾ ਇਤਿਹਾਸ ਤੇ ਗੁਰਬਾਣੀ ਦਾ ਗਾਇਨ ਕੀਤਾ। ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰ ਕੇ ਕਥਾ ਕੀਰਤਨ ਸਰਵਣ ਕੀਤਾ। ਇਸ ਵਾਰੀ ਛੇ ਅਖੰਡ ਪਾਠ ਸਾਹਿਬ ਦੀ ਲੜੀ ਚੱਲੀ। ਸੰਗਤਾਂ ਨੇ ਗੁਰਬਾਣੀ ਸੁਣ ਕੇ ਅਨੰਦ ਮਾਣਿਆ। ਬਾਬਾ ਬਲਜੀਤ ਸਿੰਘ ਨੇ ਉਬੋਕੇ ਤੇ ਬਾਹਮਣੀਵਾਲਾ ਦੀਆਂ ਸੰਗਤਾਂ ਦਾ ਤਨ ਮਨ ਧਨ ਨਾਲ ਸਹਿਯੋਗ ਦੇਣ ਲਈ ਤੇ ਵੱਡੀ ਗਿਣਤੀ ਵਿੱਚ ਸਮਾਗਮਾਂ ਵਿਚ ਹਾਜ਼ਰੀ ਭਰਨ ਤੇ ਧੰਨਵਾਦ ਕੀਤਾ । ਸਮਾਗਮਾਂ ਵਿਚ ਬਾਬਾ ਮਿਲਖਾ ਸਿੰਘ ਸੰਪਰਦਾਇ ਸਰਹਾਲੀ ਸਾਹਿਬ, ਸਰਪੰਚ ਸੁਖਵਿੰਦਰ ਸਿੰਘ ਉਬੋਕੇ, ਹੀਰਾ ਸਿੰਘ ਢਿੱਲੋਂ, ਗੁਰ ਸਾਹਿਬ ਸਿੰਘ ਮੈਂਬਰ, ਕਾਬਲ ਸਿੰਘ ਮੈਂਬਰ, ਹਰਪਿੰਦਰ ਸਿੰਘ ਗਿੱਲ, ਬਾਬਾ ਮਹਿੰਦਰ ਸਿੰਘ, ਸੁਖਦੇਵ ਸਿੰਘ ਨੰਬਰਦਾਰ, ਸੁਖਚੈਨ ਸਿੰਘ, ਬੂਟਾ ਸਿੰਘ, ਕੁਲਵੰਤ ਸਿੰਘ, ਬਾਬਾ ਕਾਲਾ ਸਿੰਘ ਬਾਹਮਣੀਵਾਲਾ, ਸਰਪੰਚ ਦਲਜੀਤ ਸਿੰਘ ਬਾਹਮਣੀਵਾਲਾ, ਬਾਬਾ ਸੁਖਦੇਵ ਸਿੰਘ, ਸਵਰਨ ਸਿੰਘ ਡਰਾਈਵਰ, ਦਿਲਬਾਗ ਸਿੰਘ, ਸੁੱਖਾ ਸਿੰਘ ਮੈਂਬਰ, ਹਰਜੀਤ ਸਿੰਘ ਮੈਂਬਰ, ਗੁਰਨਾਮ ਸਿੰਘ ਮੈਂਬਰ, ਜਗਜੀਤ ਸਿੰਘ ਗਿੱਲ, ਬਾਬਾ ਸੁੱਖਾ ਸਿੰਘ, ਆਦਿ ਵੱਡੀ ਗਿਣਤੀ ਵਿੱਚ ਸੰਗਤਾਂ ਤੇ ਸੇਵਾਦਾਰ ਹਾਜ਼ਰ ਸਨ।

# ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵੱਲੋਂ ਪ੍ਰੋਫੈਸਰ ਸੁਨੇਤ ਸਨਮਾਨਤ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਚੰਡੀਗੜ੍ਹ ਅਤੇ ਪੰਥਕ ਤਾਲਮੇਲ ਸੰਗਠਨ ਵੱਲੋਂ ਸਿੰਘ ਸਭਾ ਲਹਿਰ ਦੇ 150ਵੇਂ ਸਥਾਪਨਾ ਦਿਵਸ ਮਨਾਉਣ ਸਬੰਧੀ ਦੇਸ਼ ਅਤੇ ਵਿਦੇਸ਼ਾਂ ਵਿੱਚ ਸਮਾਗਮ ਕਰਵਾਏ ਗਏ ਹਨ। ਇਸ ਸਥਾਪਨਾ ਦਿਵਸ ਸਬੰਧੀ ਮੁੱਖ ਸਮਾਗਮ ਗਿਆਨੀ ਦਿੱਤ ਸਿੰਘ ਐਡੀਟੋਰੀਅਮ, ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ, ਫਤਿਹਗੜ੍ਹ ਸਾਹਿਬ ਵਿਖੇ ਕਰਵਾਇਆ ਗਿਆ ਜਿਸ ਵਿੱਚ ਉਘੇ ਧਾਰਮਿਕ , ਬੁੱਧੀਜੀਵੀ , ਲੇਖਕ, ਸਮਾਜ ਸੇਵੀ ਸ਼ਖਸੀਅਤਾਂ ਨੇ ਭਾਗ ਲਿਆ। ਇਸ ਮੌਕੇ ਹੁਸ਼ਿਆਰਪੁਰ ਦੇ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ ਨੂੰ ਸਨਮਾਨਿਤ ਕੀਤਾ ਗਿਆ। ਪ੍ਰੋਫੈਸਰ ਸੁਨੇਤ ਵੱਲੋਂ ਆਪਣੇ ਖੋਜ ਕਾਰਜਾਂ ਰਾਹੀਂ ਭਾਈ ਘਨੱਈਆ ਜੀ ਦੀਆਂ ਮਹਾਨ ਸੇਵਾਵਾਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪਹੁੰਚਾਉਣ ਵਿੱਚ ਵੱਡਮੁੱਲਾ ਯੋਗਦਾਨ ਪਾਇਆ ਗਿਆ ਹੈ । ਇਨ੍ਹਾਂ ਵੱਲੋਂ ਸਰਬ ਸਾਂਝੀਵਾਲਤਾ , ਇਨਸਾਨੀਅਤ ਅਤੇ ਆਪਸੀ ਭਾਈਚਾਰਕ ਸਾਂਝ ਦੀ ਮਜਬੂਤੀ ਲਈ ਕਾਰਜ ਕਰਨ ਅਤੇ ਲੰਮੇ ਸਮੇਂ ਤੋਂ ਖੂਨ ਦਾਨ ਅਤੇ ਨੇਤਰ ਦਾਨ ਸੇਵਾ ਵਿੱਚ ਵੱਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ ਅਤੇ ਗਰੀਬੀ ਰੇਖਾ ਤੋਂ ਹੇਠਾਂ ਤਰਸਯੋਗ ਹਾਲਤ ਵਿੱਚ ਰਹਿ ਰਹੇ ਲੋਕਾਂ ਬੱਚਿਆਂ ਨੂੰ ਵਿਦਿਆ ਪ੍ਰਾਪਤ ਕਰਵਾਉਣ ਲਈ ਅਤੇ ਇਨ੍ਹਾਂ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਸ ਸਨਮਾਨ ਸਮਾਰੋਹ ਮੌਕੇ 'ਤੇ ਭਾਈ ਕੇਵਲ ਸਿੰਘ, ਸਾਬਕਾ ਜਥੇਦਾਰ, ਪ੍ਰੋਫੈਸਰ ਸ਼ਾਮ ਸਿੰਘ ਪ੍ਰਧਾਨ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ , ਡਾਕਟਰ ਖੁਸ਼ਹਾਲ ਸਿੰਘ ਸਕੱਤਰ, ਐਡਵੋਕੇਟ ਜਸਵਿੰਦਰ ਸਿੰਘ ਮੁੱਖੀ ਅਕਾਲ ਪੁਰਖ ਕੀ ਫੌਜ, ਰਸ਼ਪਾਲ ਸਿੰਘ ਅਤੇ ਹੋਰ ਸ਼ਤਾਬਦੀ ਕਮੇਟੀ ਦੀਆਂ ਪ੍ਰਮੁੱਖ ਸ਼ਖਸੀਅਤਾਂ ਹਾਜਰ ਸਨ।

11-oct-PAGE-4-2.qxd 10/10/2023 10:39 PM Page 1

ਨਵਾਂ ਜ਼ਮਾਨਾ
ਬੁੱਧਵਾਰ, 11 ਅਕਤੂਬਰ 2023

# ਯੁੱਧ ਵੀ ਇੱਕ ਧੰਦਾ

*ਹਮਾਸ ਤੇ ਇਜ਼ਰਾਈਲ ਵਿਚਕਾਰ ਯੁੱਧ ਲਗਾਤਾਰ ਜਾਰੀ ਹੈ। ਇਸ ਨੂੰ ਸਭ ਤੋਂ ਵੱਧ ਦੋਵਾਂ ਪਾਸਿਆਂ ਦੇ ਆਮ ਨਾਗਰਿਕ, ਔਰਤਾਂ ਤੇ ਬੱਚੇ ਭੁਗਤ ਰਹੇ ਹਨ। ਇਸ ਸਮੇਂ ਬਾਕੀ ਦੁਨੀਆ ਤਮਾਸ਼ਾ ਦੇਖ ਰਹੀ ਹੈ। ਹਰ ਜੰਗ ਦਾ ਜੇਕਰ ਕਿਸੇ ਨੂੰ ਲਾਭ ਹੁੰਦਾ ਹੈ ਤਾਂ ਉਹ ਹਥਿਆਰ ਬਣਾਉਣ ਵਾਲੀਆਂ ਕੰਪਨੀਆਂ ਹੁੰਦੀਆਂ ਹਨ। ਸਾਰੀ ਦੁਨੀਆ ਜਾਣਦੀ ਹੈ ਕਿ ਹਥਿਆਰਾਂ ਦਾ ਸਭ ਤੋਂ ਵੱਡਾ ਨਿਰਮਾਤਾ ਅਮਰੀਕਾ ਹੈ। ਸਾਰੀ ਦੁਨੀਆ ਵਿੱਚ ਅੱਤਵਾਦੀਆਂ ਦੇ ਹੱਥਾਂ ਵਿੱਚ ਅਮਰੀਕੀ ਹਥਿਆਰ ਹੁੰਦੇ ਹਨ। ਇਹ ਕਸ਼ਮੀਰ ਵਿਚਲੇ ਅੱਤਵਾਦੀ ਹੋਣ ਜਾਂ ਤਾਲਿਬਾਨੀ ਅੱਤਵਾਦੀ, ਸਭ ਕੋਲ ਅਮਰੀਕਾ ਦੇ ਆਧੁਨਿਕ ਹਥਿਆਰ ਮੌਜੂਦ ਹੁੰਦੇ ਹਨ। ਅਸਲ ਵਿੱਚ ਹਰ ਯੁੱਧ ਅਮਰੀਕਾ ਲਈ ਇੱਕ ਧੰਦਾ ਹੁੰਦਾ ਹੈ।*

*ਹਮਾਸ ਤੇ ਇਜ਼ਰਾਈਲ ਨੇ ਇੱਕ-ਦੂਜੇ ਉੱਤੇ ਹੋਏ ਹਮਲਿਆਂ ਦੇ ਜਿਹੜੇ ਵੀਡੀਓ ਜਾਰੀ ਕੀਤੇ ਹਨ, ਉਨ੍ਹਾਂ ਵਿੱਚ ਹਮਲਾਵਰਾਂ ਪਾਸ ਅਮਰੀਕਾ ਦੀਆਂ ਬਣੀਆਂ ਐੱਮ-14 ਅਸਾਲਟਾਂ ਦੇਖੀਆਂ ਜਾ ਸਕਦੀਆਂ ਹਨ। ਸਵਾਲ ਇਹ ਹੈ ਕਿ ਇਜ਼ਰਾਈਲ ਨਾਲ ਤਾਂ ਅਮਰੀਕਾ ਦੇ ਨੇੜਲੇ ਸੰਬੰਧ ਹਨ, ਪਰ ਹਮਾਸ ਨੂੰ ਤਾਂ ਉਸ ਨੇ ਅੱਤਵਾਦੀ ਗਰਦਾਨਿਆ ਹੋਇਆ ਹੈ, ਫਿਰ ਉਸ ਕੋਲ ਇਹ ਹਥਿਆਰ ਕਿਵੇਂ ਆਏ। ਇਸ ਸੰਬੰਧੀ 'ਇੰਡੀਆ ਟੂਡੇ' ਨੇ ਇੱਕ ਰਿਪੋਰਟ ਨਸ਼ਰ ਕੀਤੀ ਹੈ।*

*ਅਮਰੀਕੀ ਸੈਨੇਟਰ ਮਾਰਜ਼ੋਰੀ ਟੇਲਰ ਗਰੀਨ ਨੇ ਟਵਿੱਟਰ ਉੱਤੇ ਲਿਖਿਆ ਹੈ ਕਿ ਹਮਾਸ ਨੇ ਇਜ਼ਰਾਈਲ ਉੱਤੇ ਹਮਲੇ ਲਈ ਅਮਰੀਕੀ ਹਥਿਆਰ ਵਰਤੇ ਹਨ, ਇਸ ਦੀ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ। ਬਰਤਾਨਵੀ ਸਿਆਸੀ ਆਗੂ ਫਰਗਿਊਸਨ ਨੇ ਵੀ ਅਮਰੀਕੀ ਬੰਦੂਕਾਂ ਨਾਲ ਤਾਲਿਬਾਨੀ ਅੱਤਵਾਦੀਆਂ ਦੀ ਇੱਕ ਫੋਟੋ ਸਾਂਝੀ ਕਰਕੇ ਇਸ ਨੂੰ ਹਮਾਸ ਦੇ ਇਜ਼ਰਾਈਲ ਉੱਤੇ ਹਮਲੇ ਨਾਲ ਜੋੜਿਆ ਹੈ। ਫਰਗਿਊਸਨ ਨੇ ਲਿਖਿਆ ਹੈ ਕਿ ਇਜ਼ਰਾਈਲੀ ਫੌਜਾਂ ਦੇ ਕਮਾਂਡਰ ਨੇ ਕਿਹਾ ਹੈ ਕਿ ਅਮਰੀਕੀ ਪ੍ਰਸ਼ਾਸਨ ਵੱਲੋਂ ਅਫ਼ਗਾਨਿਸਤਾਨ ਵਿੱਚ ਛੱਡੇ ਗਏ ਹਥਿਆਰ ਗਾਜ਼ਾ ਪੱਟੀ ਦੇ ਫਲਸਤੀਨੀਆਂ ਦੇ ਹੱਥਾਂ ਵਿੱਚ ਪਹੁੰਚ ਗਏ ਹਨ। 5 ਅਕਤੂਬਰ ਨੂੰ ਇਜ਼ਰਾਈਲ ਨੇ ਐੱਮ-16 ਰਾਈਫਲ ਦੀ ਤਸਵੀਰ ਟਵੀਟ ਕੀਤੀ ਸੀ, ਜੋ ਹਮਲਾ ਕਰਨ ਆਏ ਹਮਾਸ ਦੇ ਲੜਾਕਿਆਂ ਕੋਲੋਂ ਬਰਾਮਦ ਕੀਤੀ ਗਈ ਸੀ। ਐੱਮ-16 ਅਮਰੀਕਾ ਵਿੱਚ ਬਣਦੀ ਅਤਿ ਆਧੁਨਿਕ ਅਸਾਲਟ ਹੈ।*

*ਮੀਡੀਆ ਰਿਪੋਰਟਾਂ ਅਨੁਸਾਰ ਕਸ਼ਮੀਰੀ ਅੱਤਵਾਦੀਆਂ ਕੋਲੋਂ ਵੀ ਅਮਰੀਕੀ ਹਥਿਆਰ ਬਰਾਮਦ ਹੁੰਦੇ ਰਹੇ ਹਨ। ਇਜ਼ਰਾਈਲ ਵਾਂਗ ਭਾਰਤੀ ਹਾਕਮ ਵੀ ਹੁਣ ਤਾਂ ਅਮਰੀਕਾ ਦੇ ਗੂੜ੍ਹੇ ਮਿੱਤਰ ਹਨ। ਸਵਾਲ ਪੈਦਾ ਹੁੰਦਾ ਹੈ ਕਿ ਅਮਰੀਕੀ ਹਥਿਆਰ ਜੈਸ਼-ਏ-ਮੁਹੰਮਦ ਤੇ ਲਸ਼ਕਰ-ਏ-ਤੋਇਬਾ ਤੇ ਹਮਾਸ ਵਰਗੇ ਸੰਗਠਨਾਂ ਕੋਲ ਕਿਵੇਂ ਤੇ ਕਿਉਂ ਪੁੱਜ ਰਹੇ ਹਨ। ਅਮਰੀਕਾ ਵਿੱਚ 9/11 ਦੇ ਹਮਲੇ ਤੋਂ ਬਾਅਦ ਅਮਰੀਕਾ ਨੇ ਅਫ਼ਗਾਨਿਸਤਾਨ ਵਿਰੁੱਧ ਜੰਗ ਛੇੜ ਦਿੱਤੀ ਸੀ। ਅਮਰੀਕਾ ਦੀ ਅਗਵਾਈ ਵਿੱਚ ਨਾਟੋ ਦੇਸ਼ਾਂ ਦੀ ਇਹ ਮੁਹਿੰਮ ਨਾਕਾਮ ਹੋ ਗਈ ਸੀ। ਅਮਰੀਕੀ ਫੌਜਾਂ ਨੂੰ ਥੱਕ-ਹਾਰ ਕੇ ਆਖਰ ਉਥੋਂ ਨਿਕਲਣਾ ਪਿਆ ਸੀ। ਅਫ਼ਗਾਨਿਸਤਾਨ ਛੱਡਣ ਸਮੇਂ ਅਮਰੀਕੀ ਫੌਜੀ ਆਪਣੇ 7 ਅਰਬ ਡਾਲਰ ਦੇ ਹਥਿਆਰ ਉਥੇ ਹੀ ਛੱਡ ਆਏ। ਇਨ੍ਹਾਂ ਵਿੱਚ ਫੌਜੀ ਜਹਾਜ਼, ਹੈਲੀਕਾਪਟਰਾਂ ਸਮੇਤ ਐੱਮ-16 ਅਸਾਲਟਾਂ ਤੇ ਐੱਮ-4 ਕਾਰਬਾਈਨਾਂ ਵਰਗੇ ਆਧੁਨਿਕ ਹਥਿਆਰ ਵੀ ਸਨ। ਇਹੋ ਹਥਿਆਰ ਹੁਣ ਸੰਸਾਰ ਅਮਨ ਨੂੰ ਅੱਗ ਲਾ ਰਹੇ ਹਨ। ਇਹ ਅਮਰੀਕਾ ਜਾਣਦਾ ਹੋਵੇਗਾ ਕਿ ਇਹ ਹਥਿਆਰ ਛੱਡ ਕੇ ਜਾਣ ਪਿੱਛੇ ਉਸ ਦੀ ਕੀ ਮਨਸ਼ਾ ਸੀ।*

*ਪਿਛਲੇ ਸਾਲ ਸਾਡੇ ਵੇਲੇ ਦੇ ਫੌਜ ਮੁਖੀ ਜਨਰਲ ਐੱਮ ਐੱਮ ਨਰਵਣੇ ਨੇ ਕਿਹਾ ਸੀ ਕਿ ਕਸ਼ਮੀਰ ਵਿੱਚ ਵਿਦੇਸ਼ੀ ਹਥਿਆਰਾਂ ਦਾ ਵਾਧਾ ਹੋ ਰਿਹਾ ਹੈ। ਪਾਕਿਸਤਾਨੀ ਹਮਾਇਤ ਪ੍ਰਾਪਤ ਅੱਤਵਾਦੀਆਂ ਕੋਲ ਅਮਰੀਕੀ ਸੈਨਿਕਾਂ ਵੱਲੋਂ ਅਫ਼ਗਾਨਿਸਤਾਨ ਵਿੱਚ ਛੱਡੇ ਹਥਿਆਰ ਪੁੱਜ ਗਏ ਹਨ। ਇਨ੍ਹਾਂ ਵਿੱਚ ਸਟੀਲ-ਕੋਰ ਬੁਲੇਟ ਤੇ ਨਾਈਟ ਵਿਜ਼ਨ ਐਨਕਾਂ ਤੱਕ ਸ਼ਾਮਲ ਹਨ। ਸਟੀਲ-ਕੋਰ-ਬੁਲੇਟ ਬੁਲੇਟ ਪਰੂਫ਼ ਜੈਕਟਾਂ ਨੂੰ ਵੀ ਪਾਰ ਕਰ ਜਾਂਦੇ ਹਨ।*

*ਜੰਗ ਇੱਕ ਵੱਡਾ ਕਾਰੋਬਾਰ ਹੈ, ਜੋ ਇੱਕ ਖ਼ੂਨੀ ਧੰਦਾ ਬਣ ਚੁੱਕਾ ਹੈ। ਇਹ ਅਸੀਂ ਯੂਕਰੇਨ, ਇਜ਼ਰਾਈਲ ਤੇ ਗਾਜ਼ਾ ਵਿੱਚ ਦੇਖ ਰਹੇ ਹਾਂ। ਹਥਿਆਰਾਂ ਦਾ ਸਭ ਤੋਂ ਵੱਡਾ ਸੌਦਾਗਰ ਇਸ ਧੰਦੇ ਦੇ ਕੇਂਦਰ ਵਿੱਚ ਹੈ। ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਦੀ ਇੱਕ ਰਿਪੋਰਟ ਮੁਤਾਬਕ 2013 ਤੋਂ 2022 ਵਿਚਕਾਰ ਅਮਰੀਕੀ ਹਥਿਆਰਾਂ ਦੀ ਬਰਾਮਦ ਵਿੱਚ 14 ਫ਼ੀਸਦੀ ਦਾ ਵਾਧਾ ਹੋਇਆ ਹੈ। ਇਸ ਸਮੇਂ ਸੰਸਾਰ ਵਿਆਪੀ ਹਥਿਆਰਾਂ ਦੀ ਬਰਾਮਦ ਵਿੱਚ ਅਮਰੀਕਾ ਦੀ ਹਿੱਸੇਦਾਰੀ 40 ਫ਼ੀਸਦੀ ਹੋ ਚੁੱਕੀ ਹੈ। ਅਸਲ ਵਿੱਚ ਅਮਰੀਕਾ ਦੀ ਸੰਸਾਰ ਪੱਧਰੀ ਚੌਧਰ ਹੀ ਹਥਿਆਰਾਂ ਦੇ ਬਲਬੂਤੇ ਉੱਤੇ ਹੈ।*

**-ਚੰਦ ਫਤਿਹਪੁਰੀ**

## ਡੁੱਬਣ ਲੱਗਾ ਸੂਰਜ ?

*ਦਿਸਣ ਲਗਦੀ ਏ ਗੱਡੀ ਨੂੰ ਝੋਲ ਪੈਂਦੀ,*
*ਜਦ ਕਮਜ਼ੋਰ ਹੋ ਜਾਣ ਕਮਾਨੀਆਂ ਜੀ ।*
*ਹੁੰਦੀ ਚਾਰ ਕੁ ਦਿਨਾਂ ਦੀ 'ਚਾਂਦਨੀ' ਵੀ,*
*ਸਦਾ ਚਲਦੀਆਂ ਨਹੀਂ ਸ਼ੈਤਾਨੀਆਂ ਜੀ।*
*ਪੰਜਾਂ ਸਾਲਾਂ ਦਾ ਗੁੱਸਾ ਜਦ ਕੱਢਦੇ ਐ,*
*ਵੋਟਰ ਯਾਦ ਕਰਾਉਂਦੇ ਨੇ ਨਾਨੀਆਂ ਜੀ।*
*'ਗੋਦੀ' ਕਿਸੇ ਦੀ ਕਦੇ ਵੀ ਬਹਿੰਦੀਆਂ ਨਾ,*
*ਅਣਖੀ ਪਾਣ ਵਿੱਚ ਡੁੱਬੀਆਂ ਕਾਨੀਆਂ ਜੀ।*
*ਦਿਨ ਢਲਦਿਆਂ ਸਾਹਮਣੇ ਦਿਸਦੀਆਂ ਨੇ,*
*'ਸੂਰਜ ਡੁੱਬਣੇ' ਦੀਆਂ ਨਿਸ਼ਾਨੀਆਂ ਜੀ।*

*-ਤਰਲੋਚਨ ਸਿੰਘ 'ਦੁਪਾਲਪੁਰ', 001-408-915-1268*

# ਐਮਰਜੈਂਸੀ ਤੋਂ ਅਣਐਲਾਨੀ ਐਮਰਜੈਂਸੀ



ਡਾ. ਅਰੁਣ ਮਿੱਤਰਾ

ਜਿਸ ਢੰਗ ਨਾਲ 4 ਅਕਤੂਬਰ ਨੂੰ ਮਹਿਲਾ ਪੱਤਰਕਾਰਾਂ ਸਮੇਤ 46 ਪੱਤਰਕਾਰਾਂ ਦੇ ਘਰਾਂ 'ਤੇ ਛਾਪੇ ਮਾਰ ਕੇ ਉਹਨਾਂ ਤੋਂ ਪੁਛਤਾਛ ਕੀਤੀ ਗਈ ਤੇ ਗ੍ਰਿਫ਼ਤਾਰ ਕੀਤਾ ਗਿਆ ਅਤੇ ਨਿਊਜ਼ ਕਲਿੱਕ ਦੇ ਦਫਤਰ ਨੂੰ ਸੀਲ ਕਰਕੇ ਉਸ ਦੇ ਮੁੱਖ ਪ੍ਰਬੰਧਕਾਂ ਨੂੰ ਯੂ ਏ ਪੀ ਏ ਦੇ ਅਧੀਨ ਕੇਸ ਦਰਜ ਕੀਤਾ ਗਿਆ, ਇਕ ਸਿੱਧਮ ਸਿੱਧਾ ਚੁਣੌਤੀ ਹੈ ਕਿ ਕਿੰਤੂ-ਪਰੰਤੂ ਕਰਨਾ ਬੰਦ ਕਰੋ, ਨਹੀਂ ਤਾਂ ਅੰਦਰ ਜਾਓਗੇ। ਉਂਝ ਤਾਂ ਇਹ ਕਾਫੀ ਚਿਰ ਤੋਂ ਚੱਲ ਰਿਹਾ ਸੀ, ਪਰ ਹੁਣ ਇਹ ਸਾਫ ਹੋ ਗਿਆ ਕਿ ਜਿਹੜਾ ਕੋਈ ਵੀ ਸਰਕਾਰ 'ਤੇ ਕਿੰਤੂ ਪਰੰਤੂ ਕਰੇਗਾ, ਉਸ ਦੀ ਖ਼ੈਰ ਨਹੀਂ। ਕਿਸੇ ਕਾਨੂੰਨ ਦੀ ਜ਼ਰੂਰਤ ਨਹੀਂ, ਕਿਸੇ ਕਚਹਿਰੀ ਦੀ ਜ਼ਰੂਰਤ ਨਹੀਂ, ਬਸ ਪੁਲਸ ਆਏਗੀ ਤੇ ਬਿਨਾਂ ਕੋਈ ਵਾਰੰਟ, ਨੋਟਿਸ ਜਾਂ ਗੱਲਬਾਤ ਦੇ ਤੁਹਾਨੂੰ ਚੁੱਕ ਕੇ ਲੈ ਜਾਏਗੀ। ਤੁਸੀਂ ਕਿੱਥੇ ਹੋਵੋਗੇ, ਕਿਹੜੇ ਕੇਸਾਂ 'ਚ ਦਰਜ ਹੋਵੋਗੇ, ਇਸ ਦਾ ਕਿਸੇ ਨੂੰ ਕੋਈ ਪਤਾ ਨਹੀਂ ਲੱਗੇਗਾ। ਇਹ ਹੁਣ ਸਰੇਆਮ ਧਮਕੀ ਹੋ ਗਈ ਹੈ। ਇਸਤਰੀ ਪਹਿਲਵਾਨਾਂ ਦੇ ਯੌਨ ਸ਼ੋਸ਼ਣ ਦੇ ਦੋਸ਼ੀ ਬ੍ਰਿਜ ਭੂਸ਼ਣ ਸ਼ਰਨ ਸਿੰਘ, ਲਖੀਮਪੁਰ ਖੀਰੀ ਦੇ ਦੋਸ਼ੀ ਕੇਂਦਰੀ ਮੰਤਰੀ ਅਜੇ ਮਿਸ਼ਰਾ ਤੇ ਹੁਣ ਸੰਸਦ ਵਿੱਚ ਸ਼ਰੇਆਮ ਨਫਰਤੀ ਫਿਰਕੂ ਜ਼ਹਿਰ ਉਗਲਣ ਵਾਲੇ ਰਮੇਸ਼ ਬਿਧੂੜੀ ਆਦਿ ਨੂੰ ਖੁਲ੍ਹਮ ਖੁਲ੍ਹਾ ਸਰਪਰਸਤੀ ਦੇਣਾ ਵੀ ਇਸੇ ਗੱਲ ਦਾ ਸੂਚਕ ਹੈ। ਤੁਸੀਂ ਕੁਝ ਵੀ ਕਹਿ ਲਓ, ਕੁਝ ਵੀ ਮੰਗ ਲਓ, ਤੁਹਾਡੀ ਹੁਣ ਕੋਈ ਜਗ੍ਹਾ ਨਹੀਂ। ਮਹਾਂ ਮਾਨਵ ਪ੍ਰਧਾਨ ਮੰਤਰੀ ਜੋ ਫੈਸਲਾ ਕਰਨਗੇ, ਉਹ ਹੀ ਅੰਤਿਮ ਵਾਕ ਹੋਵੇਗਾ ਤੇ ਲਾਗੂ ਹੋਏਗਾ।

ਜੂਨ 1975 ਵਿੱਚ ਵੀ ਐਮਰਜੈਂਸੀ ਲੱਗੀ ਸੀ। ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਇਕੋ ਹੀ ਝਟਕੇ ਨਾਲ ਸਭ ਰਾਜਨੇਤਾਵਾਂ ਨੂੰ ਜੇਲ੍ਹਾਂ ਵਿੱਚ ਸੁੱਟ ਦਿੱਤਾ, ਪੱਤਰਕਾਰਾਂ 'ਤੇ ਰੋਕ ਲਾ ਦਿੱਤੀ, ਅਖ਼ਬਾਰਾਂ 'ਤੇ ਪਾਬੰਦੀਆਂ ਲਾ ਦਿੱਤੀਆਂ ਤੇ ਅਪਾਤ ਕਲੀਨ ਸਥਿਤੀ ਦੀ ਕਾਨੂੰਨੀ ਤੌਰ 'ਤੇ ਘੋਸ਼ਣਾ ਕੀਤੀ। ਇਹ ਉਹ ਸਮਾਂ ਸੀ ਜਦੋਂ ਸੱਜ-ਪਿਛਾਖੜੀ ਸ਼ਕਤੀਆਂ ਦਨਦਨਾ ਰਹੀਆਂ ਸਨ, ਇੱਥੋਂ ਤੱਕ ਕਿ ਸੈਨਾ ਨੂੰ ਵੀ ਬਗਾਵਤ ਕਰਨ ਲਈ ਆਖ ਰਹੀਆਂ ਸਨ; ਉਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਐਮਰਜੰਸੀ ਦਾ ਐਲਾਨ ਕੀਤਾ ਗਿਆ। ਇਸ ਦੀ ਹਰ ਪਾਸਿਓਂ ਨਿੰਦਾ ਹੋਈ। ਕੁਝ ਸਮੇਂ ਦੇ ਬਾਅਦ ਹੀ ਇੰਦਰਾ ਗਾਂਧੀ ਨੂੰ ਸਮਝ ਆ ਗਿਆ ਕਿ ਹੁਣ ਐਮਰਜੰਸੀ ਨਹੀਂ ਰੱਖੀ ਜਾ ਸਕਦੀ ਤੇ ਉਸ ਨੂੰ 21 ਮਹੀਨਿਆਂ ਬਾਅਦ ਹਟਾ ਦਿੱਤਾ। ਨਤੀਜੇ ਵਜੋਂ ਇੰਦਰਾ ਗਾਂਧੀ ਖੁਦ ਚੋਣ ਹਾਰ ਗਏ ਤੇ ਸਰਕਾਰ ਬਦਲ ਗਈ।

ਜਿਹੜੇ ਅੱਜ ਹਾਕਮ ਬਣੇ ਬੈਠੇ ਹਨ, ਉਹ ਉਸ ਵੇਲੇ ਪੂਰੇ ਜ਼ੋਰ ਸ਼ੋਰ ਨਾਲ ਇੰਦਰਾ ਗਾਂਧੀ ਵੱਲੋਂ ਲਏ ਗਏ ਫੈਸਲੇ ਦੇ ਵਿਰੋਧ ਵਿੱਚ ਅੰਦੋਲਨ ਕਰ ਰਹੇ ਸਨ। ਅੱਜ ਇਹੋ ਹਾਕਮ ਜੋ ਉਦੋਂ ਐਮਰਜੈਂਸੀ ਦਾ ਵਿਰੋਧ ਕਰਦੇ ਸਨ, ਖੁਦ ਅਣਐਲਾਨੀ ਗੈਰ-ਕਾਨੂੰਨੀ ਐਮਰਜੈਂਸੀ ਲਾਗੂ ਕਰ ਰਹੇ ਹਨ। ਇਹਨਾਂ ਹਾਲਾਤਾਂ ਤੇ ਉਹਨਾਂ ਹਾਲਤਾਂ ਵਿੱਚ ਇੱਕ ਮੁਢਲਾ ਫਰਕ ਇਹ ਹੈ ਕਿ ਉਹ ਅਪਾਤ ਕਾਲੀਨ ਸਥਿਤੀ ਕਾਨੂੰਨੀ ਪ੍ਰਕਿਰਿਆ ਨਾਲ ਲਿਆਂਦੀ ਗਈ ਸੀ, ਜੋ ਕਿ ਸਮਾਂਬੱਧ ਸੀ, ਪਰ ਹੁਣ ਜੋ ਕੁਝ ਕੀਤਾ ਜਾ ਰਿਹਾ ਹੈ ਇਸ ਲਈ ਕੀਤਾ ਜਾ ਰਿਹਾ ਹੈ ਕਿ ਆਉਣ ਵਾਲੇ ਸਮੇਂ ਵਿੱਚ 2024 ਦੀਆਂ ਚੋਣਾਂ ਵਿੱਚ ਮੁੜ ਸੱਤਾ ਵਿੱਚ ਆਉਣਾ ਯਕੀਨੀ ਬਣਾਇਆ ਜਾਏ ਅਤੇ 'ਭਾਰਤ ਇੱਕ ਵਿਚਾਰ' ਜੋ ਕਿ ਲੋਕਤੰਤਰ ਤੇ ਧਰਮ ਨਿਰਪੱਖਤਾ ਤੇ ਅਧਾਰਿਤ ਹੈ, ਨੂੰ ਖਤਮ ਕਰਕੇ ਇਕ ਕੱਟੜਪੰਥੀ ਹਿੰਦੂਤਵਵਾਦੀ ਰਾਜ ਸੱਤਾ ਕਾਇਮ ਕੀਤੀ ਜਾਏ, ਜੋ ਕਿ ਨੰਗੇ-ਚਿੱਟੇ ਰੂਪ ਵਿੱਚ ਕਾਰਪੋਰੇਟ ਘਰਾਣਿਆਂ ਦੀ ਸੇਵਾ ਵਿੱਚ ਲੱਗੀ ਹੋਵੇ। ਇਸ ਲਈ ਇਹਨਾਂ ਦੇ ਵਿੱਚ ਸਿੱਧਾ ਫਰਕ ਇਹ ਹੈ ਕਿ ਉਹ ਕੇਵਲ ਲੋਕਤੰਤਰਿਕ ਢੰਗ ਨਾਲ ਸੱਤਾ ਵਿੱਚ ਰਹਿਣ ਦੀ ਇੱਕ ਗੱਲ ਸੀ ਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸੋਚ ਮੁਤਾਬਕ ਸੱਜ ਪਿਛਾਖੜ ਨੂੰ ਹਰਾਉਣ ਦਾ ਉਹੀ ਇੱਕ ਤਰੀਕਾ ਸੀ, ਪਰ ਹੁਣ ਤਾਂ ਸਮੁੱਚੇ ਤੌਰ 'ਤੇ ਦੇਸ਼ ਨੂੰ ਵੰਡਣ ਦੀ ਸਾਜ਼ਿਸ ਹੈ। ਅੱਜ ਹਿੰਦੂਆਂ ਦੀ ਗੱਲ ਹੋ ਰਹੀ ਹੈ, ਜੋ ਕਿ ਆਉਣ ਵਾਲੇ ਸਮੇਂ ਵਿੱਚ ਕੇਵਲ ਸਵਰਨ ਜਾਤੀ ਬ੍ਰਾਹਮਣਾਂ ਤੱਕ ਸੀਮਤ ਹੋ ਕੇ ਰਹਿ ਜਾਏਗੀ। ਦਲਿਤ ਵਰਗ ਵੀ ਉਸੇ ਦਾਇਰੇ ਵਿੱਚ ਆ ਜਾਏਗਾ, ਜਿਸ ਦਾਇਰੇ ਵਿੱਚ ਅੱਜ ਘੱਟਗਿਣਤੀ ਆਬਾਦੀ ਵਾਲੇ ਫਿਰਕੇ ਹਨ।

ਹੁਣ ਸਮਝ ਲੈਣਾ ਚਾਹੀਦਾ ਹੈ ਕਿ ਇਹ ਸਮੁੱਚੇ ਢਾਂਚੇ ਨੂੰ ਪਰਿਵਰਤਨ ਕਰਨ ਦੀ ਸਾਜ਼ਿਸ਼ ਹੈ ਤੇ ਸਮਾਜ ਨੂੰ ਪੁਰਾਤਨ ਯੁਗੀ ਮਾਨਸਿਕਤਾ ਵੱਲ ਧੱਕਣ ਤੇ ਵੱਡੀ ਅਬਾਦੀ ਨੂੰ ਖੜਾਵਾਂ ਪਵਾ ਕੇ ਤੋਰਨ ਦੀ ਚਾਲ ਹੈ। ਗਿਆਨ ਨੂੰ ਖੁੰਡਾ ਕਰਕੇ ਅੰਧ-ਵਿਸ਼ਵਾਸਾਂ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ ਤੇ ਵਿੱਦਿਆ ਨੂੰ ਇੱਕ ਵਰਗ ਤੱਕ ਸੀਮਤ ਕੀਤਾ ਜਾ ਰਿਹਾ ਹੈ। ਝੂਠ ਮੂਠ ਦੇ ਮਨਘੜਤ ਵਿਚਾਰ ਫੈਲਾਏ ਜਾ ਰਹੇ ਹਨ, ਜਿਵੇਂ ਕਿ- ਭਾਰਤ ਕੋਲ ਪੁਰਾਤਨ ਯੁੱਗ ਵਿੱਚ ਇੰਨੀ ਵਿਕਸਿਤ ਟੈਕਨਾਲੋਜੀ ਸੀ ਕਿ ਅਸੀਂ ਹਾਥੀ ਦਾ ਸਿਰ ਕੱਟ ਕੇ ਬੰਦੇ ਦੇ ਸਿਰ 'ਤੇ ਲਾ ਸਕਦੇ ਸੀ; ਸਟੈਮ ਸੈੱਲ ਦੀ ਵਿਧੀ ਨਾਲ 100 ਕੌਰਵ ਪੈਦਾ ਕਰ ਸਕਦੇ ਸੀ; ਅਖੌਤੀ ਬ੍ਰਹਮ ਅਸਤਰ ਪਰਮਾਣੂ ਅਸਤਰਾਂ ਦੇ ਬਰਾਬਰ ਸੀ ਆਦਿ। ਕੋਰੋਨਾ ਨੂੰ ਭਜਾਉਣ ਲਈ ਤਾੜੀਆਂ ਵਜਾਓ ਜਾਂ ਦੀਵੇ ਜਲਾਓ ਵਰਗੀਆਂ ਊਲ-ਜਲੂਲ ਗੱਲਾਂ ਵੀ ਕੀਤੀਆਂ ਗਈਆਂ ਤੇ ਲੋਕਾਂ 'ਤੇ ਪ੍ਰਭਾਵ ਛੱਡਿਆ। ਅਸਲ 'ਚ ਤਾਂ ਇਸ ਸਭ ਦੀ ਤਿਆਰੀ 1995 ਵਿੱਚ ਹੋ ਗਈ ਸੀ, ਜਦੋਂ ਕਿ ਗਣੇਸ਼ ਦੀਆਂ ਮੂਰਤੀਆਂ ਨੂੰ ਦੁੱਧ ਪਿਲਾ ਕੇ ਜਨਤਕ ਪ੍ਰਤੀਕਿਰਿਆ ਦੀ ਜਾਂਚ ਕੀਤੀ ਗਈ।

ਹੁਣ ਸਮਾਂ ਬਹੁਤ ਕਠਿਨ ਹੈ। ਲੜਾਈ ਬਹੁਤ ਤਿੱਖੀ ਤੇ ਲੰਮੀ ਹੈ ਕਿਉਂਕਿ ਸਾਰੇ ਸੰਵਿਧਾਨਕ ਅਦਾਰਿਆਂ 'ਤੇ ਕੱਟੜਪੰਥੀ ਵਿਚਾਰ ਵਾਲਿਆਂ ਦਾ ਕਬਜ਼ਾ ਹੋ ਚੁੱਕਿਆ ਹੈ।

ਪਰ ਇਹ ਗੱਲ ਸਮਝੋ ਕਿ ਦੁਸ਼ਮਣ ਗਲਤੀਆਂ ਕਰਦਾ ਹੈ ਤੇ ਜਦੋਂ ਬੁਖਲਾਇਆ ਹੁੰਦਾ ਹੈ, ਹੋਰ ਵੀ ਜ਼ਿਆਦਾ ਗਲਤੀਆਂ ਕਰਦਾ ਹੈ। ਅੱਜ ਮਹਾਂਮਾਨਵ ਨੂੰ ਲੱਗਣ ਲੱਗ ਗਿਆ ਹੈ ਕਿ ਉਸ ਦੇ ਪੈਰ ਉੱਖੜ ਰਹੇ ਹਨ। ਡਿੱਗਦਾ ਹੋਇਆ ਤਾਨਾਸ਼ਾਹ ਹਮੇਸ਼ਾ ਵੱਧ ਕਰੂਰ ਹੁੰਦਾ ਹੈ। ਪਹਿਲਾਂ ਘਰਾਂ ਵਿੱਚ ਰਾਜਨੀਤਕ ਚਰਚਾ ਹੁੰਦੀ ਸੀ, ਹੁਣ ਘਰਾਂ ਤੱਕ ਨਫਰਤੀ ਮਾਹੌਲ ਬਣਾ ਦਿੱਤਾ ਗਿਆ ਹੈ।

ਇੱਕ ਗੱਲ ਚੰਗੀ ਇਹ ਹੋਈ ਹੈ ਕਿ ਹੁਣ ਲੋਕਤੰਤਰ 'ਤੇ ਵਿਸ਼ਵਾਸ ਰੱਖਣ ਵਾਲੀਆਂ ਪਾਰਟੀਆਂ ਅਤੇ ਖੱਬੀ ਸੋਚ ਰੱਖਣ ਵਾਲੇ ਲੋਕਾਂ ਨੂੰ ਵੀ ਲੋਕਤੰਤਰ ਤੇ ਫਾਸ਼ੀਵਾਦ ਵਿੱਚ ਫਰਕ ਦੀ ਅਸਲੀਅਤ ਸਮਝ ਆ ਰਹੀ ਹੈ ਤੇ ਉਹ ਇਸ ਨੂੰ ਮਹਿਸੂਸ ਕਰ ਰਹੇ ਹਨ। ਭਾਰਤੀ ਕਮਿਊਨਿਸਟ ਪਾਰਟੀ ਨੇ ਇੰਦਰਾ ਗਾਂਧੀ ਦੀ ਐਮਰਜੰਸੀ ਬਾਰੇ ਸਹੀ ਨਿਰਣਾ ਲਿਆ ਸੀ ਕਿ ਉਹ ਲੜਾਈ ਇੰਦਰਾ ਗਾਂਧੀ ਨੂੰ ਪ੍ਰਸ਼ਾਸਨਿਕ ਤੌਰ 'ਤੇ ਨਹੀਂ, ਥੱਲੜੇ ਪੱਧਰ ਤੱਕ ਰਾਜਨੀਤਕ ਤੌਰ 'ਤੇ ਲੜਨੀ ਚਾਹੀਦੀ ਸੀ। ਐਮਰਜੈਂਸੀ ਲਗਾਉਣ ਨੇ ਤਾਂ ਸੱਜ ਪਿਛਾਕੜ ਨੂੰ ਹੋਰ ਲਾਭ ਦੇ ਦਿੱਤਾ। ਚਲੋ ਜੇ ਹੁਣ ਵੀ ਖੱਬੀ ਸੋਚ ਦੇ ਧਾਰਨੀ ਇਸ ਗੱਲ ਨੂੰ ਸਮਝ ਜਾਣ, ਫਿਰ ਵੀ ਠੀਕ ਹੈ, ਭਾਵੇਂ ਕਿ ਪਿਛਲੇ ਸਮੇਂ ਵਿੱਚ ਗਲਤੀਆਂ ਦੇ ਨਾਲ ਬਹੁਤ ਨੁਕਸਾਨ ਹੋਇਆ ਹੈ; ਹਾਲੇ ਵੀ ਕਿੰਨੀਆਂ ਕੁਰਬਾਨੀਆਂ ਹੋਰ ਦੇਣੀਆਂ ਪੈਣਗੀਆਂ, ਇਸ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ, ਕਿਉਂਕਿ ਇਹ ਮਹਾਂ ਮਾਨਵ ਆਪਣੀ ਸੱਤਾ ਕਾਇਮ ਰੱਖਣ ਲਈ ਦੰਗੇ ਵੀ ਕਰਵਾ ਸਕਦੇ ਹਨ, ਮੰਦਰਾਂ 'ਤੇ ਹਮਲੇ ਵੀ ਆਪ ਹੀ ਕਰਵਾ ਸਕਦੇ ਹਨ ਜਾਂ ਫਿਰ ਗੁਆਂਢੀ ਮੁਲਕਾਂ ਨਾਲ ਜੰਗ ਦੀ ਵੀ ਕੋਸ਼ਿਸ਼ ਕਰ ਸਕਦੇ ਹਨ ਤਾਂ ਜੋ ਦੇਸ਼ ਵਿੱਚ ਸੌੜਾ ਰਾਸ਼ਟਰਵਾਦ ਫੈਲਾਇਆ ਜਾ ਸਕੇ। ਇਹ ਵੀ ਸੰਭਵ ਹੈ ਕਿ ਦੇਸ਼ ਵਿੱਚ ਅਰਾਜਕਤਾ ਫੈਲਾਈ ਜਾ ਰਹੀ ਹੈ, ਦਾ ਬਹਾਨਾ ਬਣਾ ਕੇ ਪ੍ਰਚਾਰ ਕੀਤਾ ਜਾਏ ਕਿ ਚੋਣਾਂ ਦੀ ਕੋਈ ਲੋੜ ਹੀ ਨਹੀਂ, ਸਾਡੇ ਕੋਲ ਮਹਾਂਮਾਨਵ ਤੇ ਮਹਾਂ ਗਿਆਨੀ ਵਿਅਕਤੀ ਹੈ, ਜੋ ਦੇਸ਼ ਨੂੰ ਸਹੀ ਦਿਸ਼ਾ ਨਾਲ ਚਲਾ ਰਿਹਾ ਹੈ ਤੇ ਅੱਗੇ ਵੀ ਤਰੱਕੀਆਂ ਦੇ ਸਿਖਰਾਂ 'ਤੇ ਲੈ ਜਾਏਗਾ।

ਅੱਜ ਸਾਡੇ ਸਾਹਮਣੇ ਬਹੁਤ ਵੱਡੀ ਚੁਣੌਤੀ ਹੈ। ਆਜ਼ਾਦ ਭਾਰਤ ਨੂੰ ਬਚਾਉਣਾ ਹੈ, ਸੰਵਿਧਾਨ ਨੂੰ ਬਚਾਉਣਾ ਹੈ ਤੇ ਸਮਾਜਿਕ ਸਦਭਾਵਨਾ ਤੇ ਭਾਈਚਾਰੇ ਨੂੰ ਮਜ਼ਬੂਤ ਕਰਨਾ ਹੈ। ਇਸ ਲਈ ਲੋਕਾਂ ਨੂੰ ਸਮਝ-ਬੂਝ ਨਾਲ ਆਪਸੀ ਏਕਾ ਮਜ਼ਬੂਤ ਕਰਨਾ ਪਏਗਾ।

ਇੱਥੇ ਚੀ ਗੁਵੇਰਾ ਦਾ ਇਕ ਕਥਨ ਯਾਦ ਰੱਖਣਾ ਜ਼ਰੂਰੀ ਹੈ 'ਮੈਂ ਉਹਨਾਂ ਦੀਆਂ ਕਬਰਾਂ ਵੀ ਦੇਖੀਆਂ ਹਨ, ਜੋ ਕਬਰਾਂ ਵਿੱਚ ਜਾਣ ਦੇ ਡਰ ਤੋਂ ਸੰਘਰਸ਼ ਤੋਂ ਭੱਜਦੇ ਰਹੇ।

*# ਸੰਪਰਕ : 94170-00360*

# ਗੂਗਲ ਮੈਪਸ 'ਤੇ ਅੱਖਾਂ ਬੰਦ ਕਰਕੇ ਵਿਸ਼ਵਾਸ ਨਾ ਕਰੋ

ਪ੍ਰੋ. ਕੁਲਬੀਰ ਸਿੰਘ

ਗੂਗਲ ਮੈਪਸ ਨੇ ਦੱਸਿਆ ਮੌਤ ਦਾ ਰਸਤਾ, ਟੁੱਟੇ ਪੁਲ ਤੋਂ 20 ਫੁੱਟ ਹੇਠਾਂ ਡਿੱਗੀ ਕਾਰ। ਜੀ.ਪੀ.ਐੱਸ. ਨੇ ਦੱਸਿਆ ਗ਼ਲਤ ਰਸਤਾ, ਨਹਿਰ ਵਿਚ ਡੁੱਬ ਗਏ ਦੋ ਨੌਜਵਾਨ ਡਾਕਟਰ। ਅਜਿਹੀਆਂ ਸੁਰਖੀਆਂ ਸੋਸ਼ਲ ਮੀਡੀਆ ਅਤੇ ਅਖ਼ਬਾਰਾਂ ਦੇ ਪੰਨਿਆਂ 'ਤੇ ਅਕਸਰ ਪੜ੍ਹਨ-ਵੇਖਣ ਨੂੰ ਮਿਲਦੀਆਂ ਹਨ।

ਭਾਵੇਂ ਗੂਗਲ ਮੈਪਸ ਨੇ ਧਰਤੀ 'ਤੇ ਜੀਵਨ ਸੁਖਾਲਾ ਕਰ ਦਿੱਤਾ ਹੈ। ਘੁੰਮਣਾ-ਫਿਰਨਾ ਅਤੇ ਅਨਜਾਣ ਥਾਵਾਂ 'ਤੇ ਪਹੁੰਚਣਾ ਆਸਾਨ ਹੋ ਗਿਆ ਹੈ। ਇਕ ਥਾਂ ਤੋਂ ਦੂਸਰੀ ਥਾਂ ਪਹੁੰਚਣ ਵਿਚ ਸਮਾਂ ਘੱਟ ਲੱਗਦਾ ਹੈ। ਰੁਕ-ਰੁਕ ਕੇ ਵਾਰ-ਵਾਰ ਰਾਹ-ਰਸਤਾ ਪੁੱਛਣਾ ਨਹੀਂ ਪੈਂਦਾ, ਪਰ ਕਹਿੰਦੇ ਹਨ ਮਨੁੱਖ ਗਲਤੀਆਂ ਦਾ ਪੁਤਲਾ ਹੈ ਅਤੇ ਗੂਗਲ ਮੈਪਸ ਐਪ ਮਨੁੱਖ ਨੇ ਹੀ ਬਣਾਇਆ ਹੈ। ਪੂਰੀ ਦੁਨੀਆ ਦੇ, ਹਰੇਕ ਥਾਂ ਦੇ ਨਕਸ਼ਿਆਂ ਨੂੰ ਹਰ ਵੇਲੇ ਅਪਡੇਟ ਰੱਖਣਾ ਸੰਭਵ ਨਹੀਂ ਹੈ। ਕਿੱਥੇ ਕੀ ਤਬਦੀਲੀ ਹੋ ਗਈ ਹੈ, ਕਿੱਥੇ ਕਿਹੜਾ ਨੁਕਸਾਨ ਹੋ ਗਿਆ ਹੈ, ਕਿਹੜੀ ਸੜਕ ਖ਼ਰਾਬ ਹੈ, ਕਿਹੜਾ ਪੁਲ ਵਰਤੋਂ ਵਿਚ ਨਹੀਂ ਹੈ, ਕਿਹੜਾ ਪੁਲ ਢਹਿ ਗਿਆ ਹੈ, ਗੂਗਲ ਮੈਪਸ ਨੂੰ ਸਭ ਜਾਣਕਾਰੀ ਨਹੀਂ ਹੁੰਦੀ। ਜਾਣਕਾਰੀ ਹੋਵੇ ਵੀ ਤਾਂ ਦੁਨੀਆ ਭਰ ਦੇ ਨਕਸ਼ਿਆਂ ਦੀ ਸੌ ਫੀਸਦੀ ਸ਼ੁੱਧਤਾ ਸੰਭਵ ਨਹੀਂ। ਜੇਕਰ ਸਰਵਰ ਵਿਚ ਕੋਈ ਸਮੱਸਿਆ ਹੈ ਤਾਂ ਵੀ ਗੂਗਲ ਮੈਪਸ ਦੀਆਂ ਸੇਵਾਵਾਂ ਪ੍ਰਭਾਵਤ ਹੋ ਸਕਦੀਆਂ ਹਨ। ਜੇਕਰ ਨੈੱਟਵਰਕ ਮਜ਼ਬੂਤ ਨਹੀਂ ਹੈ ਤਦ ਵੀ ਸਥਾਨ ਦੀ ਸਹੀ ਜਾਣਕਾਰੀ, ਸਹੀ ਰਾਹ-ਰਸਤਾ ਸਥਾਪਤ ਕਰਨ ਵਿਚ ਮੁਸ਼ਕਲ ਆਉਂਦੀ ਹੈ। ਕਈ ਵਾਰ ਉੱਚੀਆਂ ਇਮਾਰਤਾਂ, ਸੰਘਣੇ ਰੁੱਖ, ਪਹਾੜ ਆਦਿ ਵੀ ਅਜਿਹੀ ਸਮੱਸਿਆ ਦਾ ਕਾਰਨ ਬਣਦੇ ਹਨ। ਬਿਹਤਰ ਹੋਵੇਗਾ ਕਿ ਆਪਣੇ ਸਾਫ਼ਟਵੇਅਰ ਨੂੰ ਅਕਸਰ



ਅਪਡੇਟ ਕਰਦੇ ਰਹੋ ਅਤੇ ਆਪਣੇ ਰੂਟ, ਆਪਣੇ ਸਫ਼ਰ ਨਾਲ ਸੰਬੰਧਤ ਇਲਾਕੇ ਦੇ ਨਕਸ਼ੇ ਦੀ ਹਾਰਡ ਕਾਪੀ ਆਪਣੇ ਕੋਲ ਰੱਖੋ ਤਾਂ ਜੋ ਲੋੜ ਵੇਲੇ ਉਸ 'ਤੇ ਨਜ਼ਰ ਮਾਰੀ ਜਾ ਸਕੇ।

ਇਕ ਵਾਰ ਅਸੀਂ ਕੌਫਸ ਹਾਰਬਰ ਤੋਂ ਸਿਡਨੀ ਆ ਰਹੇ ਸਾਂ। ਰਾਤ ਦਾ ਸਮਾਂ ਸੀ। ਛੇ ਘੰਟੇ ਦਾ ਸਫ਼ਰ ਸੀ। ਬਹੁਤਿਆਂ ਨੂੰ ਨੀਂਦ ਆ ਰਹੀ ਸੀ। ਇਸ ਲਈ ਉਹ ਕਾਰ ਚਲਾਉਣ ਵਾਲੇ ਦੋਸਤ ਨੂੰ ਜੀ.ਪੀ.ਐੱਸ. ਆਨ ਕਰਨ ਲਈ ਕਹਿਣ ਲੱਗੇ। ਉਸ ਨੇ ਇਹ ਕਹਿੰਦੇ ਹੋਏ ਜੀ.ਪੀ.ਐੱਸ. 'ਤੇ ਜਾਣ ਤੋਂ ਮਨ੍ਹਾ ਕਰ ਦਿੱਤਾ ਕਿ ਇਕ ਵਾਰ ਇਸੇ ਰੂਟ 'ਤੇ ਜੀ.ਪੀ.ਐੱਸ. ਨੇ ਸ਼ਾਰਟਕੱਟ ਮਾਰਨ ਦੇ ਲਾਲਚ ਵਿਚ ਸਾਨੂੰ ਪਿੰਡਾਂ ਦੇ ਰਸਤੇ ਪਾ ਦਿੱਤਾ। ਬੜੀ ਖੱਜਲ-ਖੁਆਰੀ ਹੋਈ। ਕੰਨਾਂ ਨੂੰ ਹੱਥ ਲਾ ਲਏ ਕਿ ਇਸ ਦੀ ਵਰਤੋਂ ਨਾ ਸਕਦੇ ਨੂੰ ਹੀ ਕਰਨੀ ਹੈ। ਹਰ ਵੇਲੇ ਨਹੀਂ।

ਇੰਡੋਨੇਸ਼ੀਆ ਵਿਚ ਬੜਾ ਅਜੀਬ ਮਾਮਲਾ ਸਾਹਮਣੇ ਆਇਆ ਹੈ। ਗੂਗਲ ਮੈਪਸ ਦੀ ਗ਼ਲਤੀ ਕਾਰਨ ਇਕ ਬਰਾਤ ਬੜੀ ਮੁਸੀਬਤ ਵਿਚ ਫ਼ਸ ਗਈ। ਗੂਗਲ ਮੈਪਸ ਦੁਆਰਾ ਦੱਸੇ ਰਸਤੇ ਅਨੁਸਾਰ ਸ਼ਾਦੀ ਵਾਲੇ ਦਿਨ ਵਿਆਹ ਵਾਲਾ ਲੜਕਾ ਬਰਾਤ ਸਮੇਤ ਕਿਸੇ ਹੋਰ ਹੀ ਘਰ ਪਹੁੰਚ ਗਿਆ। ਸਬੱਬ ਨਾਲ ਉਸ ਦਿਨ ਉਸ ਘਰ ਵਿਚ ਵੀ ਲੜਕੀ ਦੀ ਸ਼ਾਦੀ ਸੀ ਅਤੇ ਲੜਕੀ ਵਾਲੇ ਬਰਾਤ ਦੀ ਉਡੀਕ ਕਰ ਰਹੇ ਸਨ। ਉਥੇ ਸੁਆਗਤ ਵੀ ਹੋ ਗਿਆ। ਨਾਸ਼ਤਾ ਵੀ ਕਰ ਲਿਆ। ਜਦੋਂ ਦੋਹਾਂ ਪਰਵਾਰਾਂ ਦੇ ਮੈਂਬਰਾਂ ਦੀ ਆਪਸ ਵਿਚ ਗੱਲਬਾਤ ਹੋਈ ਤਾਂ ਕਿਸੇ ਨੂੰ ਇਸ ਗ਼ਲਤੀ ਦਾ ਅਹਿਸਾਸ ਹੋਇਆ, ਕਿਉਂਕਿ ਇਕ ਹੀ ਦਿਨ ਪਿੰਡ ਵਿਚ ਦੋ ਲੜਕੀਆਂ ਦੀਆਂ ਸ਼ਾਦੀਆਂ ਸਨ।

ਅਜਿਹੀਆਂ ਪ੍ਰੇਸ਼ਾਨੀਆਂ ਦੀ ਬੀਤੇ ਸਮੇਂ ਦੌਰਾਨ ਗਿਣਤੀ ਹਜ਼ਾਰਾਂ ਵਿਚ ਰਹੀ ਹੈ। ਕਦੇ ਇਹ ਤੁਹਾਨੂੰ ਉਬੜ ਖਾਬੜ ਰਾਹਾਂ 'ਤੇ ਪਾ ਦਿੰਦੇ ਹਨ। ਕਦੇ ਗ਼ਲਤ ਦਿਸ਼ਾ ਵੱਲ ਭੇਜ ਦਿੰਦੇ ਹਨ ਅਤੇ ਲੋਕਾਂ ਨੂੰ ਖੱਜਲ-ਖੁਆਰ ਹੋ ਕੇ ਵਾਪਸ ਮੁੱਖ ਸੜਕ 'ਤੇ ਆਉਣਾ ਪੈਂਦਾ ਹੈ। ਬੀਤੇ ਦਿਨੀਂ ਕੇਰਲਾ ਦਾ ਇਕ ਪਰਵਾਰ ਗੂਗਲ ਮੈਪਸ ਦੀ ਮਦਦ ਨਾਲ ਸਫ਼ਰ ਕਰ ਰਿਹਾ ਸੀ। ਜਦ ਉਹ ਉਸ ਦਿਸ਼ਾ ਵਿਚ ਅੱਗੇ ਵਧੇ ਤਾਂ ਕਾਰ ਹੜ੍ਹ ਦੇ ਪਾਣੀ ਵਿਚ ਘਿਰ ਗਈ। ਸਥਾਨਕ ਲੋਕਾਂ ਦੇ ਉੱਦਮ ਸਦਕਾ ਉਹ ਹੜ੍ਹ ਦੇ ਸ਼ੂਕਦੇ ਪਾਣੀ ਵਿੱਚੋਂ ਜ਼ਿੰਦਾ ਬਾਹਰ ਆ ਸਕੇ।

ਤਕਨੀਕੀ ਮਾਹਿਰ ਮੰਨਦੇ ਹਨ ਕਿ ਪੂਰੀ ਤਰ੍ਹਾਂ ਇਸ ਤਕਨੀਕ ਦੇ ਭਰੋਸੇ ਨਹੀਂ ਰਿਹਾ ਜਾ ਸਕਦਾ। ਜੇ ਅਸੀਂ ਅੱਖਾਂ ਬੰਦ ਕਰਕੇ ਗੂਗਲ ਮੈਪਸ ਅਨੁਸਾਰ ਜਾਵਾਂਗੇ ਤਾਂ ਕਦੇ ਵੀ ਕਿਤੇ ਵੀ ਧੋਖਾ ਖਾ ਸਕਦੇ ਹਾਂ।

ਦਰਅਸਲ ਨਕਸ਼ਾ ਲੱਗਭੱਗ 20 ਮੀਟਰ ਤੱਕ ਤੁਹਾਡਾ ਸਥਾਨ ਜਾਨਣ ਲਈ ਉਪਗ੍ਰਿਹਾਂ ਦੀ ਵਰਤੋਂ ਕਰਦਾ ਹੈ। ਜਦੋਂ ਤੁਸੀਂ ਪੁਲ, ਫਲਾਈਓਵਰ ਦੇ ਹੇਠਾਂ ਜਾਂ ਸੁਰੰਗ ਵਿਚ ਹੁੰਦੇ ਹੋ ਤਾਂ ਜੀ.ਪੀ.ਐੱਸ. ਕਦੇ-ਕਦਾਈਂ ਗ਼ਲਤ ਹੋ ਸਕਦਾ ਹੈ। ਨੇੜੇ-ਤੇੜੇ ਦੇ ਵਾਈ-ਫਾਈ ਨੈੱਟਵਰਕ ਦਾ ਸਥਾਨ ਨਕਸ਼ੇ ਨੂੰ ਇਹ ਜਾਨਣ ਵਿਚ ਸਹਾਇਤਾ ਕਰਦਾ ਹੈ ਕਿ ਤੁਸੀਂ ਕਿੱਥੇ ਹੋ। ਮੋਬਾਈਲ ਡੇਟਾ ਨਾਲ ਤੁਹਾਡਾ ਕੁਨੈਕਸ਼ਨ ਕੁਝ ਹਜ਼ਾਰ ਮੀਟਰ ਤੱਕ ਹੀ ਸਟੀਕ ਹੋ ਸਕਦਾ ਹੈ। ਇਨ੍ਹਾਂ ਕਾਰਨਾਂ ਕਰਕੇ ਕਈ ਵਾਰ ਗਲਤੀ ਲੱਗ ਜਾਂਦੀ ਹੈ।

ਵੈਸੇ ਵੀ ਭਾਰਤ ਵਿਚ ਗੂਗਲ ਮੈਪਸ ਦੀ ਸਥਿਤੀ ਹੋਰਨਾਂ ਮੁਲਕਾਂ ਦੇ ਮੁਕਾਬਲੇ ਖ਼ਰਾਬ ਹੈ ਕਿਉਂਕਿ ਇਥੇ ਇਕ ਵਰਗ ਮੀਟਰ ਵਿਚ ਇਕ ਪਿਕਸਲ ਰੇਂਜ ਹੈ। ਕਹਿਣ ਦਾ ਭਾਵ ਤੁਹਾਨੂੰ ਇਕ ਪਿਕਸਲ ਵਿਚ ਇਕ ਵਰਗ ਮੀਟਰ ਤੋਂ ਵੱਧ ਨਹੀਂ ਵਿਖਾਇਆ ਜਾ ਸਕਦਾ। ਇਹ ਨਿਯਮ ਹੈ ਅਤੇ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਵੀ ਦਰੁਸਤ ਹੈ, ਜਦੋਂ ਕਿ ਹੋਰਨਾਂ ਦੇਸ਼ਾਂ ਵਿਚ ਇਹ ਇਕ ਮੀਟਰ ਤੋਂ ਘੱਟ ਹੈ। ਇਸ ਲਈ ਉੱਥੋਂ ਦਾ ਨਕਸ਼ਾ ਸਾਫ਼ ਤੇ ਸਪੱਸ਼ਟ ਨਜ਼ਰ ਆਉਂਦਾ ਹੈ। ਇਸ ਤੋਂ ਇਲਾਵਾ ਹੋਰਨਾਂ ਮੁਲਕਾਂ ਵਿਚ ਹਵਾਈ ਉਡਾਨ ਦੁਆਰਾ ਤਸਵੀਰ ਲੈਣ ਦੀ ਆਗਿਆ ਹੈ, ਜਦਕਿ ਭਾਰਤ ਵਿਚ ਨਹੀਂ ਹੈ। ਇਸ ਲਈ ਇੱਥੇ ਨਕਸ਼ਾ ਸਪੱਸ਼ਟ ਨਹੀਂ ਹੁੰਦਾ। ਆਉਣ ਵਾਲੇ ਸਮੇਂ ਵਿਚ ਇਹ ਮਸਲਾ ਹੱਲ ਹੋ ਸਕਦਾ ਹੈ, ਕਿਉਂਕਿ ਬਹੁਤ ਸਾਰੀਆਂ ਕੰਪਨੀਆਂ ਨੂੰ ਦਿੱਕਤ ਆ ਰਹੀ ਹੈ ਅਤੇ ਉਹ ਵਾਰ-ਵਾਰ ਸ਼ਿਕਾਇਤ ਕਰ ਰਹੀਆਂ ਹਨ।

## ਸ਼ਰਧਾਂਜਲੀ ਸਮਾਗਮ 'ਤੇ ਵਿਸ਼ੇਸ਼

# ਦੁੱਲੇ ਭੱਟੀ ਦਾ ਵਾਰਸ ਸ਼ਹੀਦ ਪ੍ਰਿਥੀਪਾਲ ਸਿੰਘ ਚੱਕ ਅਲੀਸ਼ੇਰ

ਨਰਾਇਣ ਦੱਤ

ਪ੍ਰਿਥੀਪਾਲ ਸਿੰਘ ਚੱਕ ਅਲੀਸ਼ੇਰ ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਦਾ ਉਹ ਜੁਝਾਰੂ ਸਾਥੀ ਸੀ, ਜਿਸ ਨੇ ਕਰਜ਼ਿਆਂ ਨਾਲ ਖੁੰਘਲ ਹੋਈ ਪੰਜਾਬ ਦੀ ਕਿਸਾਨੀ ਦੇ ਜ਼ਮੀਨ ਬਚਾਓ ਮੋਰਚੇ ਨੂੰ ਆਪਣੇ ਖ਼ੂਨ-ਪਸੀਨੇ ਨਾਲ ਸਿੰਜਿਆ। ਜ਼ਮੀਨ ਬਚਾਓ ਮੋਰਚੇ ਦਾ ਉਹ ਪਹਿਲਾ ਸ਼ਹੀਦ ਸੀ, ਜਿਸ ਨੇ ਇੱਕ ਗਰੀਬ ਕਿਸਾਨ ਦੀ ਜ਼ਮੀਨ ਲੁਟੇਰੇ ਆੜ੍ਹਤੀਆ-ਗੁੰਡਾ ਗੱਠਜੋੜ ਦੇ ਜਕੜ-ਪੰਜੇ ਵਿੱਚ ਜਾਣ ਤੋਂ ਰੋਕਣ ਲਈ ਤੇਰਾਂ ਸਾਲ ਪਹਿਲਾਂ ਆਪਣੀ ਜਾਨ ਦੀ ਬਾਜ਼ੀ ਲਾ ਦਿੱਤੀ ਸੀ।

11 ਅਕਤੂਬਰ, 2010 ਦੇ ਦਿਨ ਬੁਢਲਾਡਾ ਮੰਡੀ ਦੇ ਆੜ੍ਹਤੀਏ ਰਾਮ ਕਿਸ਼ਨ ਅਤੇ ਵਿਜੈ ਕੁਮਾਰ ਆਪਣੇ ਪੁੱਤਰਾਂ ਅਤੇ ਗੁੰਡਾ ਢਾਣੀ ਦੇ ਲਾਮ ਲਸ਼ਕਰ ਸਮੇਤ ਪਿੰਡ ਬੀਰੋਕੇ ਖੁਰਦ ਦੇ ਇੱਕ ਗਰੀਬ ਕਿਸਾਨ ਭੋਲਾ ਸਿੰਘ ਦੀ ਜ਼ਮੀਨ ਕੁਰਕ ਕਰਵਾ ਕੇ ਕਾਬਜ਼ ਹੋਣ ਪਹੁੰਚੇ ਸਨ। ਉਨ੍ਹਾਂ ਦੇ ਹੱਥ 'ਚ ਕੋਰਟ ਤੋਂ ਪ੍ਰਾਪਤ ਕੁਰਕੀ ਦਾ ਹੁਕਮ ਸੀ ਅਤੇ ਹੱਕ 'ਚ ਮਹਾਂ-ਭ੍ਰਿਸ਼ਟ ਨਾਇਬ ਤਹਿਸੀਲਦਾਰ ਸੀ, ਜੀਹਨੇ ਧੱਕੇ ਤੇ ਮਿਲੀਭੁਗਤ ਨਾਲ ਜ਼ਮੀਨ ਦੀ ਕੁਰਕੀ ਲਈ ਬੋਲੀ ਕਰਵਾਉਣ ਦੀ ਕੋਸ਼ਿਸ਼ ਕੀਤੀ। ਇਸ ਕੁਰਕੀ ਤੇ ਬੋਲੀ ਦਾ ਵਿਰੋਧ ਕਰਨ ਲਈ ਸਵੇਰ ਤੋਂ ਹੀ ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਦੀ ਬਲਾਕ ਇਕਾਈ ਦੀ ਅਗਵਾਈ 'ਚ ਪ੍ਰਿਥੀਪਾਲ ਸਿੰਘ ਚੱਕ ਅਲੀਸ਼ੇਰ ਜੁਝਾਰੂ ਕਿਸਾਨਾਂ ਦਾ ਜਥਾ ਲੈ ਕੇ ਪਹੁੰਚਿਆ ਹੋਇਆ ਸੀ। ਪਟਵਾਰੀ ਤੇ ਕਾਨੂੰਗੋ ਇੱਕ ਵਾਰ ਤਾਂ "ਹਾਲਤ ਵਿਗੜਨ ਦੇ ਮੱਦੇਨਜ਼ਰ ਕੁਰਕੀ ਦੀ ਕਾਰਵਾਈ ਮੁਲਤਵੀ ਕਰਨ" ਦੀ ਕਾਰਵਾਈ ਪਾ ਕੇ ਚਲੇ ਗਏ। ਜਥੇ ਦੇ ਬਹੁਤੇ ਕਿਸਾਨ ਵੀ ਵਾਪਸ ਪਰਤ ਗਏ ਤੇ ਬਾਕੀ ਚਾਹ-ਪਾਣੀ ਪੀ ਕੇ ਜਾਣ ਦੀ ਤਿਆਰੀ 'ਚ ਸਨ। ਇਸੇ ਦੌਰਾਨ ਨਾਇਬ ਤਹਿਸੀਲਦਾਰ ਦੇ ਪਿੰਡ ਦੀ ਧਰਮਸ਼ਾਲਾ 'ਚ ਪਹੁੰਚਣ ਦੀ ਖਬਰ ਮਿਲਣ 'ਤੇ ਪਿੰਡ 'ਚ ਮੌਜੂਦ ਬਾਕੀ ਕਿਸਾਨ ਜਥੇ ਨੇ ਕੁਰਕੀ ਖਿਲਾਫ ਮੋਰਚਾ ਸੰਭਾਲ ਲਿਆ ਅਤੇ ਤਹਿਸੀਲਦਾਰ ਦਾ ਘਿਰਾਓ ਕਰਕੇ ਆੜ੍ਹਤੀਆਂ-ਗੁੰਡਿਆਂ ਨੂੰ ਅੰਦਰ ਵੜਨ ਤੋਂ ਰੋਕ ਦਿੱਤਾ। ਜਦੋਂ ਆੜ੍ਹਤੀਆਂ ਤੇ ਗੁੰਡਿਆਂ ਨੇ ਆਪਣੀ ਹੈਂਕੜਬਾਜ਼ੀ ਦਿਖਾਉਣ ਅਤੇ ਧੱਕੇਸ਼ਾਹੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕਿਸਾਨ ਹਿੱਕ ਠੋਕ ਕੇ ਖੜ੍ਹ ਗਏ। ਕਿਸਾਨਾਂ ਦੇ ਘੇਸਲਿਆਂ ਨੇ ਆੜ੍ਹਤੀਆਂ ਤੇ ਗੁੰਡਿਆਂ ਨੂੰ ਮੂਹਰੇ ਲਾ ਲਿਆ। ਬੁਰੀ ਤਰ੍ਹਾਂ ਘਿਰ ਗਏ ਗੁੰਡਾ ਟੋਲੇ ਨੇ ਬਾਜ਼ੀ ਪੁੱਠੀ ਪੈਂਦੀ ਦੇਖ ਕੇ ਫਾਇਰਿੰਗ ਕਰ ਦਿੱਤੀ। ਇਸ ਦੌਰਾਨ ਇੱਕ ਗੋਲੀ ਪ੍ਰਿਥੀ ਦੀ ਛਾਤੀ 'ਚ ਵੱਜੀ ਅਤੇ ਦੋ ਗੋਲੀਆਂ ਤਰਸੇਮ ਸਿੰਘ ਅਤੇ ਲਛਮਣ ਸਿੰਘ ਚੱਕ ਅਲੀਸ਼ੇਰ ਦੇ ਪੈਰ ਅਤੇ ਬਾਂਹ 'ਚ ਲੱਗੀਆਂ। ਪ੍ਰਿਥੀਪਾਲ ਚੱਕ ਅਲੀਸ਼ੇਰ ਭਾਵੇਂ ਸ਼ਹੀਦ ਹੋ ਗਿਆ, ਪਰ ਜੰਗ ਦਾ ਮੈਦਾਨ ਬਣੀਆਂ ਪਿੰਡ ਦੀਆਂ ਗਲੀਆਂ 'ਚ ਆੜ੍ਹਤੀਆਂ ਤੇ ਗੁੰਡਿਆਂ ਦੀ ਕਿਸਾਨਾਂ ਨੇ ਉਹ ਮੰਜਾਈ ਕੀਤੀ, ਜਿਸ ਦੀ ਉਨ੍ਹਾਂ ਕਦੇ ਕਲਪਨਾ ਵੀ ਨਹੀਂ ਕੀਤੀ ਹੋਣੀ।

ਪ੍ਰਿਥੀਪਾਲ ਸਿੰਘ ਚੱਕ ਅਲੀਸ਼ੇਰ ਦੀ ਸ਼ਹਾਦਤ ਨੇ ਇਲਾਕੇ ਸਮੇਤ ਪੰਜਾਬ ਭਰ ਵਿੱਚ ਕਿਸਾਨਾਂ ਦੇ ਰੋਹ ਨੂੰ ਪ੍ਰਚੰਡ ਕਰ ਦਿੱਤਾ। ਆੜ੍ਹਤੀਆਂ-ਗੁੰਡਿਆਂ ਨੂੰ ਪੁਲਸ-ਸਿਆਸੀ ਸ਼ਹਿ ਦੇ ਬਾਵਜੂਦ ਉਹ ਬਚ ਨਾ ਸਕੇ। ਪ੍ਰਿਥੀ ਦੇ ਕਤਲ ਦੇ ਲੰਮੇ ਤੇ ਗੁੰਝਲਦਾਰ ਮੁਕੱਦਮੇ ਵਿੱਚ ਪੈਸੇ ਤੇ ਪਹੁੰਚ ਦੇ ਬਾਵਜੂਦ ਨਾ ਆੜ੍ਹਤੀਏ ਬਚ ਸਕੇ, ਨਾ ਗੁੰਡੇ ਬਚ ਸਕੇ ਅਤੇ ਨਾ ਹੀ ਭ੍ਰਿਸ਼ਟ ਨਾਇਬ ਤਹਿਸੀਲਦਾਰ ਬਚ ਸਕਿਆ। ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਦੀ ਬਲਾਕ ਤੇ ਜ਼ਿਲ੍ਹਾ ਇਕਾਈ ਵੱਲੋਂ ਸੂਬਾ ਕਮੇਟੀ ਦੇ ਸਹਿਯੋਗ ਨਾਲ ਜਿਸ ਤਰ੍ਹਾਂ ਸੁਯੋਗ ਪੈਰਵਈ ਕੀਤੀ ਅਤੇ ਬੇਖੌਫ ਹੋ ਕੇ ਗਵਾਹੀਆਂ ਦਿੱਤੀਆਂ, ਉਸ ਨੇ ਦੋਵਾਂ ਆੜ੍ਹਤੀਆਂ ਸਮੇਤ ਉਨ੍ਹਾਂ ਦੇ ਦੋ ਪੁੱਤਰਾਂ ਨੂੰ ਅਤੇ ਦੋ ਗੁੰਡਿਆਂ ਨੂੰ ਉਮਰ ਕੈਦ ਦੀਆਂ ਸਜ਼ਾਵਾਂ ਕਰਵਾ ਕੇ ਜੇਲ੍ਹਾਂ 'ਚ ਤੜਨ ਲਈ ਮਜਬੂਰ ਕਰ ਦਿੱਤਾ। ਭ੍ਰਿਸ਼ਟ ਨਾਇਬ ਤਹਿਸੀਲਦਾਰ ਸੁਭਾਸ਼ ਮਿੱਤਲ ਵੀ ਹਰ ਹੀਲਾ-ਵਸੀਲਾ ਵਰਤਣ ਦੇ ਬਾਵਜੂਦ ਸਜ਼ਾ ਤੋਂ ਨਾ ਬਚ ਸਕਿਆ। ਕਿਸਾਨ ਲਹਿਰ ਵਿੱਚ ਇਹ ਸ਼ਾਇਦ ਪਹਿਲਾ ਮਿਸਾਲੀ ਕੇਸ ਹੈ, ਜਿਸ ਵਿੱਚ ਸਾਰੇ ਦੋਸ਼ੀਆਂ ਨੂੰ ਸਜ਼ਾਵਾਂ ਦੇ ਭਾਗੀ ਬਣਾਇਆ ਅਤੇ ਆਪਣੇ ਸਾਰੇ ਆਗੂਆਂ ਨੂੰ ਇਸਤਗਾਸੇ ਵਿੱਚੋਂ ਬਾਇੱਜ਼ਤ ਬਰੀ ਕਰਵਾਇਆ। ਹਾਈਕੋਰਟ ਤੋਂ ਅੱਜ ਤੱਕ ਵੀ ਆੜ੍ਹਤੀਆਂ, ਗੁੰਡਿਆਂ ਤੇ ਨਾਇਬ ਤਹਿਸੀਲਦਾਰ ਨੂੰ ਕੋਈ ਖੈਰ ਨਹੀਂ ਪਈ ਹੈ। ਇਨ੍ਹਾਂ ਦੋਸ਼ੀਆਂ ਦੀ ਬੁਢਲਾਡਾ ਅਦਾਲਤ ਵਿੱਚ ਪੇਸ਼ੀ ਮੌਕੇ ਜਿਹੜੀ ਕੁੱਟਮਾਰ ਹੋਈ ਸੀ, ਉਸ ਕੇਸ ਵਿੱਚ ਫਤਿਆਬਾਦ ਸੈਸ਼ਨ ਕੋਰਟ ਵੱਲੋਂ ਜਥੇਬੰਦੀਆਂ ਦੇ 13 ਸਾਥੀਆਂ ਨੂੰ ਜਿਹੜੀ ਤਿੰਨ-ਤਿੰਨ ਸਾਲ ਕੈਦ ਦੀ ਸਜ਼ਾ ਸੁਣਾਈ ਸੀ, ਉਹ ਵੀ ਹਾਈਕੋਰਟ ਵਿੱਚ ਪੈਂਡਿੰਗ ਹੈ। ਜਿਨ੍ਹਾਂ ਵਿੱਚੋਂ ਅੱਠ ਸਾਥੀ ਬੀ ਕੇ ਯੂ (ਏਕਤਾ) ਡਕੌਂਦਾ ਅਤੇ ਪੰਜ ਸਾਥੀ ਪੰਜਾਬ ਕਿਸਾਨ ਯੂਨੀਅਨ ਦੇ ਹਨ।

ਜ਼ਮੀਨ ਬਚਾਓ ਮੋਰਚੇ ਵਿੱਚ ਸ਼ਹਾਦਤ ਦੇਣ ਵਾਲਾ ਸਾਡਾ ਪ੍ਰਿਥੀ ਕੋਈ ਸਾਧਾਰਨ ਕਿਸਾਨ ਵਰਕਰ ਨਹੀਂ ਸੀ। ਉਹ ਜਮਾਤੀ ਤੌਰ 'ਤੇ ਸੁਚੇਤ ਇੱਕ ਸੁਲਝਿਆ ਕਿਸਾਨ ਕਾਰਕੁੰਨ ਸੀ, ਜਿੱਥੇ ਉਹ ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਦਾ ਇਲਾਕਾਈ ਆਗੂ ਸੀ, ਉੱਥੇ ਉਹ ਇਨਕਲਾਬੀ ਕੇਂਦਰ, ਪੰਜਾਬ



ਨਾਲ ਜੁੜਿਆ ਹੋਣ ਕਰਕੇ ਇਨਕਲਾਬੀ ਲਹਿਰ ਨਾਲ ਬਾਵਾਸਤਾ ਕਾਰਕੁੰਨ ਸੀ। ਇਸੇ ਲਈ ਉਹ ਇੱਕ ਅਜਿਹੀ ਸਮਾਜਿਕ ਤਬਦੀਲੀ ਦਾ ਚਾਹਵਾਨ ਸੀ, ਜਿਹੜੀ ਭਗਤ-ਸਰਾਭੇ ਵਾਲੀ ਆਜ਼ਾਦੀ, ਬਰਾਬਰੀ ਤੇ ਭਾਈਚਾਰੇ ਵਾਲੇ ਸਮਾਜ ਵੱਲ ਸੇਧਤ ਹੋਵੇ।

ਅੱਜ ਜਦੋਂ ਅਸੀਂ ਸ਼ਹਾਦਤ ਦੇ 13 ਸਾਲਾਂ ਬਾਅਦ ਸ਼ਹੀਦ ਪ੍ਰਿਥੀਪਾਲ ਨੂੰ ਯਾਦ ਕਰ ਰਹੇ ਹਾਂ ਤਾਂ ਸਾਨੂੰ ਲੁੱਟੇ-ਪੁੱਟੇ ਜਾਂਦੇ ਕਿਸਾਨਾਂ ਸਮੇਤ ਮਿਹਨਤਕਸ਼ ਲੋਕਾਂ ਸਾਹਮਣੇ ਦਰਪੇਸ਼ ਚੁਣੌਤੀਆਂ ਨੂੰ ਚੇਤੰਨ ਰੂਪ 'ਚ ਸਮਝਣਾ ਹੈ। ਜਿਹੜੇ ਜ਼ਮੀਨ ਬਚਾਓ ਮੋਰਚੇ 'ਚ ਕਿਸਾਨਾਂ ਦੀਆਂ ਜ਼ਮੀਨਾਂ ਬਚਾਉਂਦਾ ਪ੍ਰਿਥੀਪਾਲ ਸ਼ਹੀਦ ਹੋਇਆ ਸੀ, ਉਨ੍ਹਾਂ ਜ਼ਮੀਨਾਂ ਨੂੰ ਹਥਿਆਉਣ ਲਈ ਅਤੇ ਕਾਰਪੋਰੇਟ ਸਰਮਾਏਦਾਰਾਂ ਦੇ ਹੱਥਾਂ 'ਚ ਦੇਣ ਲਈ ਮੋਦੀ ਸਰਕਾਰ ਵੱਲੋਂ ਵਿਸ਼ਵ ਵਪਾਰ ਸੰਸਥਾ ਵਰਗੀਆਂ ਲੁਟੇਰੀਆਂ ਸਾਮਰਾਜੀ ਸੰਸਥਾਵਾਂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਤਿੰਨ ਆਰਡੀਨੈਂਸ ਜਾਰੀ ਕੀਤੇ ਸਨ। ਜੇਕਰ ਇਨ੍ਹਾਂ ਆਰਡੀਨੈਂਸਾਂ ਦਾ ਸਮੂਹ ਕਿਸਾਨ ਜਥੇਬੰਦੀਆਂ ਨੇ ਇੱਕਮੁੱਠ ਹੋ ਕੇ ਟਾਕਰਾ ਨਾ ਕੀਤਾ ਹੁੰਦਾ ਤਾਂ ਇਹ ਕਿਸਾਨੀ ਦੀ ਮੌਤ ਦੇ ਵਾਰੰਟ ਸਾਬਤ ਹੋਣੇ ਸੀ। ਸਾਂਝੇ ਠੀਕ ਦਿਸ਼ਾ ਵਿੱਚ ਦਿੱਲੀ ਦੇ ਬਾਰਡਰਾਂ 'ਤੇ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ 'ਚ ਚੱਲੇ ਇਤਿਹਾਸਕ ਕਿਸਾਨ ਸੰਘਰਸ਼ ਨੇ ਮੋਦੀ ਹਕੂਮਤ ਨੂੰ ਇਹ ਤਿੰਨੇ ਖੇਤੀ ਕਾਨੂੰਨ ਵਾਪਸ ਲੈਣ ਲਈ ਮਜਬੂਰ ਕੀਤਾ ਸੀ। ਇਤਿਹਾਸਕ ਜਿੱਤ ਹਾਸਲ ਕਰਕੇ ਕਿਸਾਨ ਕਾਫਲੇ ਵਾਪਸ ਪਰਤੇ ਸਨ। ਉਸ ਤੋਂ ਬਾਅਦ ਵੀ ਕਿਸਾਨਾਂ-ਮਜ਼ਦੂਰਾਂ ਸਿਰ ਕਰਜ਼ਾ ਸਮੇਤ ਹੋਰ ਵੱਡੀਆਂ ਚੁਣੌਤੀਆਂ ਦਾ ਮੰਡਰਾ ਰਿਹਾ ਖਤਰਾ ਦਰਪੇਸ਼ ਹੈ। ਇਹ ਖਤਰਾ ਪੇਂਡੂ ਸੱਭਿਆਚਾਰ ਦੇ ਸੰਕਟ ਵਜੋਂ ਸਾਹਮਣੇ ਹੈ। ਇਸ ਸਮੇਂ ਚੱਕ ਅਲੀਸ਼ੇਰ ਦੀ ਧਰਤੀ ਦੇ ਵੰਨੇ ਲੱਗਦੀ ਪਿੰਡ ਕੁੱਲਰੀਆਂ ਦੇ 60 ਸਾਲ ਤੋਂ ਕਾਬਜ਼ ਅਬਾਦਕਾਰ ਕਿਸਾਨਾਂ ਦੀਆਂ ਜ਼ਮੀਨਾਂ ਤੋਂ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਸ਼ਹਿ 'ਤੇ ਕੁੱਲਰੀਆਂ ਦੇ ਭੂਤਰੇ ਸਰਪੰਚ ਵੱਲੋਂ ਜਬਰੀ ਉਜਾੜੇ ਦਾ ਖਤਰਾ ਦਰਪੇਸ਼ ਹੈ। ਇਹ ਅਮਲ ਸਿਰਫ ਕੁੱਲਰੀਆਂ ਪਿੰਡ ਦਾ ਨਾ ਹੋ ਕੇ ਨਾਲ ਲਗਦੇ ਦਰਜਨਾਂ ਪਿੰਡਾਂ ਦੀ ਸੈਂਕੜੇ ਹਜ਼ਾਰਾਂ ਲੱਖਾਂ ਏਕੜ ਖੋਹਣ ਦੇ ਅਮਲ ਦੀ ਸ਼ੁਰੂਆਤ ਦਾ ਹੈ। ਇਸ ਸਮੇਂ ਸ਼ਹੀਦ ਪ੍ਰਿਥੀਪਾਲ ਵਰਗੇ ਚੇਤੰਨ ਜੁਝਾਰੂ ਆਗੂਆਂ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ।

ਪ੍ਰਿਥੀਪਾਲ ਸਿੰਘ ਚੱਕ ਅਲੀਸ਼ੇਰ ਨੇ ਭਾਕਿਯੂ (ਏਕਤਾ) ਡਕੌਂਦਾ ਵਿੱਚ ਪਹਿਲੀ ਸ਼ਹਾਦਤ ਦੇ ਕੇ ਜ਼ਮੀਨਾਂ ਦੀ ਰਾਖੀ ਕਰਨ ਦਾ ਮੁੱਢ ਬੰਨ੍ਹਿਆ ਸੀ। ਇਨ੍ਹਾਂ ਸ਼ਹਾਦਤਾਂ ਦੀ ਬਦੌਲਤ ਹੀ ਹਜ਼ਾਰਾਂ-ਲੱਖਾਂ ਜ਼ਮੀਨ ਆੜ੍ਹਤੀਆਂ, ਸ਼ਾਹੂਕਾਰਾਂ, ਬੈਂਕਾਂ, ਕਾਰਪੋਰੇਟ ਘਰਾਣਿਆਂ ਦੇ ਚੁੰਗਲ 'ਚ ਜਾਣ ਤੋਂ ਬਚਾਉਣ ਵਿੱਚ ਸਫਲਤਾ ਹਾਸਲ ਕੀਤੀ ਹੈ। ਸ਼ਹੀਦ ਪ੍ਰਿਥੀਪਾਲ ਸਿੰਘ ਚੱਕ ਅਲੀਸ਼ੇਰ ਨੂੰ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਅਜੋਕੇ ਦੌਰ ਦੀਆਂ ਕਿਸਾਨਾਂ-ਮਜ਼ਦੂਰਾਂ ਸਮੇਤ ਹੋਰਨਾਂ ਮਿਹਨਤਕਸ਼ ਤਬਕਿਆਂ ਨੂੰ ਦਰਪੇਸ਼ ਬੇਹੱਦ ਗੰਭੀਰ ਚੁਣੌਤੀਆਂ ਨਾਲ ਭਿੜਨ ਲਈ ਚੇਤੰਨ ਕਿਸਾਨੀ ਆਗੂ ਟੀਮਾਂ ਦੀ ਨਵੀਂ ਪਰਤ ਉਸਾਰਨ ਲਈ ਸੁਹਿਰਦ ਯਤਨ ਕੀਤੇ ਜਾਣ। ਅਜਿਹੀ ਆਗੂ ਪਰਤ ਜੋ ਖੇਤੀ ਸੰਕਟ ਨੂੰ ਸਮੁੱਚੇ ਸੰਕਟ ਦੇ ਚੌਖਟੇ ਵਿੱਚ ਰੱਖ ਕੇ ਵੇਖਣ ਅਤੇ ਸੰਘਰਸ਼ ਦੀ ਧਾਰ ਵੀ ਸੰਕਟ ਦੀ ਜੜ੍ਹ ਇਸ ਲੁਟੇਰੇ ਤੇ ਜਾਬਰ ਰਾਜ ਪ੍ਰਬੰਧ ਦਾ ਫਸਤਾ ਵੱਢ ਕੇ ਲੋਕਾਸ਼ਾਹੀ ਨਵਾਂ ਜਮਹੂਰੀ ਪ੍ਰਬੰਧ ਸਿਰਜਣ ਵੱਲ ਸੇਧਤ ਹੋਵੇ। ਅੱਜ 11 ਅਕਤੂਬਰ ਨੂੰ ਸ਼ਹੀਦ ਪ੍ਰਿਥੀਪਾਲ ਸਿੰਘ ਚੱਕ ਅਲੀਸ਼ੇਰ ਨੂੰ ਭਾਕਿਯੂ (ਏਕਤਾ) ਡਕੌਂਦਾ ਦੇ ਹਜ਼ਾਰਾਂ ਦੀ ਤਾਦਾਦ ਵਿੱਚ ਜੁਝਾਰੂ ਕਾਫਲੇ ਸ਼ਰਧਾਂਜਲੀ ਭੇਟ ਕਰਨਗੇ ਅਤੇ ਸੰਗਰਾਮ ਜਾਰੀ ਰੱਖਣ ਦਾ ਅਹਿਦ ਕਰਨਗੇ।

*# ਸੰਪਰਕ : 84275-11770*

# ਨਸ਼ਿਆਂ ਨੂੰ ਬੰਦ ਕਰਾਉਣ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨੇ ਵਿਧਾਇਕਾਂ ਦੇ ਘਰਾਂ ਅੱਗੇ ਲਾਏ ਧਰਨੇ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਨੌਜਵਾਨਾਂ ਅਤੇ ਪੰਜਾਬ ਦੇ ਲੋਕਾਂ ਦੀ ਆਰਥਿਕ ਕੰਗਾਲੀ ਦਾ ਮੁੱਖ ਦੁਸ਼ਮਣ ਚਿੱਟੇ ਵਰਗੇ ਸਿੰਥੈਟਿਕ ਅਤੇ ਹੋਰ ਨਸ਼ਿਆਂ ਨੂੰ ਬੰਦ ਕਰਾਉਣ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੂਬਾ ਕਮੇਟੀ ਵੱਲੋਂ ਪੰਜਾਬ ਦੇ ਵਿਧਾਇਕਾਂ ਤੇ ਮੰਤਰੀਆਂ ਦੇ ਘਰਾਂ ਅੱਗੇ ਧਰਨੇ ਦੇਣ ਦੇ ਦਿੱਤੇ ਸੱਦੇ ਤਹਿਤ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਬਠਿੰਡਾ ਦੀ ਅਗਵਾਈ 'ਚ ਜ਼ਿਲ੍ਹੇ ਦੇ ਕਿਸਾਨਾਂ ਮਜ਼ਦੂਰਾਂ ਅਤੇ ਨਸ਼ਿਆਂ ਤੋਂ ਪੀੜਤ ਲੋਕਾਂ ਵੱਲੋਂ ਵਿਧਾਨ ਸਭਾ ਹਲਕਾ ਦਿਹਾਤੀ ਬਠਿੰਡਾ ਤੋਂ ਅਮਿਤ ਰਤਨ ਦੇ ਘਰ ਅੱਗੇ ਬਠਿੰਡਾ ਵਿਖੇ, ਭੁੱਚੋ ਦੇ ਐਮ ਐਲ ਏ ਮਾਸਟਰ ਜਗਸ਼ੀਰ ਸਿੰਘ ਦੇ ਪਿੰਡ ਚੱਕ ਫਤਿਹ ਸਿੰਘ ਵਾਲਾ, ਫੂਲ ਦੇ ਐਮ ਐਲ ਏ ਬਲਕਾਰ ਸਿੰਘ ਸਿੱਧੂ ਦੇ ਘਰ ਰਾਮਪੁਰਾ ਸਹਿਰ ਮੌੜ ਦੇ ਐਮ ਐਲ ਏ ਸੁਖਵੀਰ ਸਿੰਘ ਮਾਈਸਰਖਾਨਾ ਦੇ ਦਫਤਰ ਅੱਗੇ ਮਾਈਸਰਖਾਨਾ ਵਿਖੇ ਅਤੇ ਤਲਵੰਡੀ ਤੋਂ ਐਮ ਐਲ ਏ ਬਲਜਿੰਦਰ ਕੌਰ ਦੇ ਘਰ ਜਗਾ ਰਾਮ ਤੀਰਥ ਵਿਖੇ ਧਰਨੇ ਲਾ ਕੇ ਮੰਗ ਪੱਤਰ ਦਿੱਤੇ। ਧਰਨਿਆਂ ਨੂੰ ਸੰਬੋਧਨ ਕਰਦਿਆਂ ਸੂਬਾ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ , ਜ਼ਿਲ੍ਹਾ ਪ੍ਰਧਾਨ ਸ਼ਿੰਗਾਰਾ ਸਿੰਘ ਮਾਨ, ਜਨਰਲ ਸਕੱਤਰ ਹਰਜਿੰਦਰ ਸਿੰਘ ਬੱਗੀ ਅਤੇ ਔਰਤ ਜਥੇਬੰਦੀ ਦੇ ਆਗੂ ਹਰਿੰਦਰ ਬਿੰਦੂ ਨੇ ਕਿਹਾ ਕਿ ਪੰਜਾਬ ਸਰਕਾਰ ਵੀ ਪਹਿਲੀਆਂ ਸਰਕਾਰਾਂ ਦੀ ਤਰ੍ਹਾਂ ਨਸ਼ੇ ਖਤਮ ਕਰਨ ਦਾ ਚੋਣਾਂ ਵੇਲੇ ਵਾਅਦਾ ਕਰਕੇ ਸਰਕਾਰ ਬਣਨ ਤੋਂ ਡੇਢ ਸਾਲ ਬਾਅਦ ਵੀ ਨਸ਼ਾ ਉਸੇ ਤਰ੍ਹਾਂ ਵਿੱਕ ਰਿਹਾ ਹੈ। ਆਗੂਆਂ ਨੇ ਅਪੀਲ ਕੀਤੀ ਕਿ ਨਸ਼ਿਆਂ ਦੀ ਇਸ ਮਹਾਮਾਰੀ ਨੂੰ ਰੋਕਣ ਲਈ ਚੱਲ ਰਹੀ ਇਸ ਸੰਘਰਸ਼ੀ ਮੁਹਿੰਮ 'ਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ। ਵਿਧਾਇਕਾਂ ਰਾਹੀਂ ਮੁੱਖ ਮੰਤਰੀ ਪੰਜਾਬ ਸਰਕਾਰ ਨੂੰ ਮੰਗ ਪੱਤਰ ਭੇਜ ਕੇ ਮੰਗ ਕੀਤੀ ਗਈ ਕਿ ਪੰਜਾਬ ਸਰਕਾਰ ਚਿੱਟੇ ਅਤੇ ਹੋਰ ਨਸ਼ਿਆਂ ਦੀ ਪੈਦਾਵਾਰ, ਵਪਾਰ ਅਤੇ ਘਰ-ਘਰ ਵੰਡ-ਵੰਡਾਈ ਨੂੰ ਅਣ-ਐਲਾਨੀ ਪਰਵਾਨਗੀ ਦੇਣ ਅਤੇ ਸੁਰੱਖਿਅਤ ਰੱਖਣ ਵਾਲੀ ਨੀਤੀ ਦਾ ਤਿਆਗ ਕਰੇ। ਧਰਨੇ ਨੂੰ ਬਸੰਤ ਸਿੰਘ ਕੋਠਾ ਗੁਰੂ, ਦਰਸ਼ਨ ਸਿੰਘ ਮਾਈਸਰਖਾਨਾ,ਬਾਬੂ ਸਿੰਘ ਮੰਡੀ ਖੁਰਦ, ਜਗਦੇਵ ਸਿੰਘ ਜੋਗੇਵਾਲਾ, ਜਗਸੀਰ ਸਿੰਘ ਝੁੰਬਾ ਮਾਲਣ ਕੌਰ ਕੋਠਾ, ਗੁਰੂ ਪਰਮਜੀਤ ਕੌਰ ਪਿੱਥੋ ਕਰਮਜੀਤ ਕੌਰ ਲਹਿਰਾ ਖਾਨਾ, ਹਰਪ੍ਰੀਤ ਕੌਰ ਜੇਠੂਕੇ, ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਤੋਂ ਜਗਰੂਪ ਸਿੰਘ, ਡੀ ਟੀ ਐਫ ਤੋਂ ਰੇਸ਼ਮ ਸਿੰਘ, ਪੰਜਾਬ ਖੇਤ ਮਜ਼ਦੂਰ ਯੂਨੀਅਨ ਤੋਂ ਸੇਵਕ ਸਿੰਘ, ਪੰਜਾਬ ਸਟੂਡੈਂਟ ਯੂਨੀਅਨ ਸ਼ਹੀਦ ਰੰਧਾਵਾ ਤੋਂ ਬਿੰਦਰ ਸਿੰਘ, ਪੰਜਾਬ ਸਟੂਡੈਂਟ ਯੂਨੀਅਨ ਲਲਕਾਰ ਤੋਂ ਸ੍ਰਿਸਟੀ, ਨੌਜਵਾਨ ਭਾਰਤ ਸਭਾ ਤੋਂ ਗੋਰਾ ਕੋਟਗੁਰੂ, ਮਿਉਂਸਪਲ ਕਮੇਟੀ ਰਾਮਪੁਰਾ ਤੋਂ ਫਾਰਗ ਕੀਤੇ ਆਗੂ ਜਗਦੇਵ ਸਿੰਘ ਨੇ ਵੀ ਸੰਬੋਧਨ ਕੀਤਾ।

# ਯਮੁਨਾਨਗਰ 'ਚ ਅਧਿਆਪਕ ਸੰਘ ਦਾ ਪ੍ਰਦਰਸ਼ਨ ਜਾਰੀ



**ਸਿਰਸਾ (ਸੁਰਿੰਦਰ ਪਾਲ ਸਿੰਘ)**-ਹਰਿਆਣਾ ਸਕੂਲ ਟੀਚਰਜ਼ ਐਸੋਸੀਏਸ਼ਨ (ਸੰਬੰਧਿਤ ਸਰਵਕਰਮਚਾਰੀ ਸੰਘ) ਵੱਲੋਂ ਯਮੁਨਾਨਗਰ ਸਕੱਤਰੇਤ ਵਿਖੇ ਸੂਬਾ ਪੱਧਰੀ ਭੁੱਖ ਹੜਤਾਲ 169ਵੇਂ ਦਿਨ ਵੀ ਜਾਰੀ ਹੈ। ਜਿਸਦੇ ਚੱਲਦਿਆਂ ਜ਼ਿਲ੍ਹਾ ਸਿਰਸਾ ਦੇ 5 ਅਧਿਆਪਕ ਭੁੱਖ ਹੜਤਾਲ ਤੇ ਬੈਠੇ।ਹਰਿਆਣਾ ਸਕੂਲ ਟੀਚਰਜ਼ ਐਸੋਸੀਏਸ਼ਨ ਸਿਰਸਾ ਦੇ ਪ੍ਰੈਸ ਸਕੱਤਰ ਕ੍ਰਿਸ਼ਨ ਕਾਯਤ ਨੇ ਦੱਸਿਆ ਕਿ ਸਰਕਾਰ ਦੀਆਂ ਗਲਤ ਨੀਤੀਆਂ ਦੇ ਵਿਰੋਧ 'ਚ ਅਤੇ ਜਨ ਸਿੱਖਿਆ ਅਤੇ ਸਰਕਾਰੀ ਸਕੂਲਾਂ ਨੂੰ ਬਚਾਉਣ ਲਈ ਨਵੀਂ ਸਿੱਖਿਆ ਨੀਤੀ ਵਾਪਸ ਲੈਣ, ਚਿਰਾਗ ਯੋਜਨਾ ਵਾਪਸ ਲੈਣ, ਐਨ ਪੀ ਐਸ ਰੱਦ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਭਰਨ, ਢੁੱਕਵੇਂ ਤਬਾਦਲੇ, ਸਾਰੇ ਕੇਡਰ ਦੀਆਂ ਤੁਰੰਤ ਤਰੱਕੀਆਂ ਜਹੇ ਅਨੇਕ ਮੁੱਦਿਆਂ ਨੂੰ ਲੈ ਕੇ ਪਿਛਲੇ ਲੰਬੇ ਸਮੇਂ ਤੋਂ ਅਧਿਆਪਕ ਯੂਨੀਅਨ ਸਿੱਖਿਆ ਮੰਤਰੀ ਕੰਵਰਪਾਲ ਗੁਰਜਰ ਦੇ ਗ੍ਰਹਿ ਸ਼ਹਿਰ ਯਮੁਨਾ ਨਗਰ ਸਕੱਤਰੇਤ ਵਿਖੇ ਸੂਬਾ ਪੱਧਰੀ ਭੁੱਖ ਹੜਤਾਲ ਤੇ ਹੈ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਸਿਰਸਾ ਤੋਂ ਅਧਿਆਪਕ ਦਵਿੰਦਰ ਯਾਦਵ, ਕ੍ਰਿਸ਼ਨ ਕਾਯਤ, ਜੈਨਵੀਰ ਸਿੰਘ, ਰਮੇਸ਼ ਕੁਮਾਰ ਅਤੇ ਕੁਲਦੀਪ ਸਿੰਘ ਮਰਨ ਵਰਤ 'ਤੇ ਬੈਠੇ। ਜ਼ਿਲ੍ਹਾ ਸਿਰਸਾ ਤੋਂ ਮਰਨ ਵਰਤ 'ਤੇ ਬੈਠੇ ਸਿਰਸਾ ਬਲਾਕ ਦੇ ਮੁਖੀ ਦਵਿੰਦਰ ਯਾਦਵ, ਜੈਨਵੀਰ ਸਿੰਘ ਅਤੇ ਕ੍ਰਿਸ਼ਨ ਕਾਯਤ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਅਧਿਆਪਕਾਂ ਦੀਆਂ ਮੰਗਾਂ ਪ੍ਰਤੀ ਅੜੀਅਲ ਰਵੱਈਆ ਅਪਨਾਇਆ ਤਾਂ ਆਉਣ ਵਾਲੇ ਸਮੇਂ ਵਿੱਚ ਸਰਕਾਰ ਨੂੰ ਤਿੱਖੇ ਸੰਘਰਸ਼ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।

# ਪੰਚਾਇਤ ਵਿਭਾਗ ਦੀ ਅਫਸਰਸ਼ਾਹੀ ਸਰਕਾਰ ਦੇ ਹੁਕਮਾਂ ਨੂੰ ਮੰਨਣ ਤੋਂ ਭੱਜੀ

**ਜਲਾਲਾਬਾਦ (ਜੀਤ ਕੁਮਾਰ)**

ਇੱਥੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਮੁਲਾਜਮਾਂ ਦੀ ਜਥੇਬੰਦੀ ਨਰੇਗਾ ਕਰਮਚਾਰੀ ਯੂਨੀਅਨ ਬਲਾਕ ਜਲਾਲਾਬਾਦ ਦੀ ਇੱਕ ਅਹਿਮ ਮੀਟਿੰਗ ਬੀ ਡੀ ਪੀ ਓ ਦਫਤਰ ਜਲਾਲਾਬਾਦ ਵਿਖੇ ਹੋਈ। ਮੀਟਿੰਗ 'ਚ ਪੁੱਜੇ ਨਰੇਗਾ ਮੁਲਾਜ਼ਮਾਂ ਵੱਲੋਂ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੀ ਨਵੀਂ ਪਾਲਿਸੀ ਤਹਿਤ ਆਨਲਾਈਨ ਅਰਜੀਆਂ ਲੈਣ ਲਈ ਜਾਰੀ ਕੀਤੇ ਪੋਰਟਲ 'ਤੇ ਅਪਲੋਡ ਕੀਤਾ ਡਾਟਾ ਵੈਰੀਫਾਈ ਕਰਨ ਤੋਂ ਪੰਚਾਇਤ ਵਿਭਾਗ ਦੇ ਉੱਚ ਅਧਿਕਾਰੀਆਂ ਵੱਲੋਂ ਕੀਤੀ ਕੋਰੀ ਨਾਹ ਦਾ ਸਖਤ ਨੋਟਿਸ ਲਿਆ। ਜਿਕਰਯੋਗ ਹੈ ਕਿ ਪੰਚਾਇਤ ਵਿਭਾਗ ਦੇ ਉੱਚ ਅਧਿਕਾਰੀਆਂ ਨੇ ਨਰੇਗਾ ਮੁਲਾਜਮਾਂ ਦਾ ਪੋਰਟਲ ਡਾਟਾ ਵੈਰੀਫਾਈ ਕਰਨ ਤੋਂ ਰੋਕ ਦਿੱਤਾ ਹੈ। ਅਫਸਰਸ਼ਾਹੀ ਦਾ ਤਰਕ ਹੈ ਕਿ ਪ੍ਰੋਸੋਨਲ ਵਿਭਾਗ ਇਹ ਸਪੱਸ਼ਟ ਕਰੇ ਕਿ ਕੇਂਦਰੀ ਸਕੀਮ 'ਚ ਭਰਤੀ ਕੀਤੇ ਨਰੇਗਾ ਮੁਲਾਜਮ ਪਾਲਿਸੀ ਤਹਿਤ ਪੱਕੇ ਹੋ ਸਕਦੇ ਹਨ ਜਾਂ ਨਹੀਂ। ਜਦੋਂ ਕਿ ਪ੍ਰੋਸੋਨਲ ਵਿਭਾਗ ਵੱਲੋਂ ਪਹਿਲਾਂ ਹੀ ਪੰਚਾਇਤ ਵਿਭਾਗ ਵੱਲੋਂ ਮੰਗੀ ਸੇਧ 'ਚ ਸਪੱਸ਼ਟ ਕਰ ਚੁੱਕਾ ਹੈ ਕਿ ਪਾਰਦਰਸ਼ੀ ਢੰਗ ਨਾਲ ਭਰਤੀ ਕੀਤੇ 10 ਸਾਲਾਂ ਤੋਂ ਵੱਧ ਸਮੇਂ ਤੋਂ ਨੌਕਰੀ ਕਰ ਰਹੇ ਮੁਲਾਜ਼ਮ ਪੱਕੇ ਕੀਤੇ ਜਾ ਸਕਦੇ ਹਨ ਭਾਵੇਂ ਉਹ ਕੇਂਦਰੀ ਸਕੀਮਾਂ 'ਚ ਡਿਊਟੀ ਕਰ ਰਹੇ ਹੋਣ ਜਾਂ ਸੂਬਾ ਸਰਕਾਰ ਦੀਆਂ ਸਕੀਮਾਂ 'ਚ। ਇਸ 'ਤੇ ਅੰਤਿਮ ਫੈਸਲਾ ਸਮੂਹ ਵਿਭਾਗਾਂ ਦੇ ਪ੍ਰਬੰਧਕੀ ਸਕੱਤਰਾਂ ਨੇ ਹੀ ਲੈਣਾ ਹੈ। ਮੀਟਿੰਗ 'ਚ ਜਾਣਕਾਰੀ ਦਿੰਦਿਆਂ ਸੂਬਾ ਜਨਰਲ ਸਕੱਤਰ ਅਮ੍ਰਿਤਪਾਲ ਸਿੰਘ ਬਲਾਕ ਪ੍ਰਧਾਨ ਗੁਰਮੀਤ ਸਿੰਘ ਨੇ ਦੱਸਿਆ ਕਿ ਖੇਤੀਬਾੜੀ ਵਿਭਾਗ 'ਚ ਆਤਮਾ ਸਕੀਮ, ਸਿਹਤ ਵਿਭਾਗ 'ਚ ਨੈਸ਼ਨਲ ਰੂਰਲ ਹੈਲਥ ਮਿਸ਼ਨ ਅਤੇ ਸਿੱਖਿਆ ਵਿਭਾਗ 'ਚ ਮਿਡ ਡੇਅ ਮੀਲ ਸਕੀਮ ਤਹਿਤ ਭਰਤੀ ਕੀਤੇ ਮੁਲਾਜ਼ਮਾਂ ਦਾ ਡਾਟਾ ਵੈਰੀਫਾਈ ਹੋ ਕੇ ਰਿਪੋਰਟਾਂ ਸਰਕਾਰ ਨੂੰ ਭੇਜਿਆਂ ਗਿਆ ਹੈ ਜੋ ਕਿ ਸਿੱਧੇ ਤੌਰ 'ਤੇ ਕੇਂਦਰੀ ਸਕੀਮਾਂ ਦੇ ਮੁਲਾਜ਼ਮ ਸਨ। ਸਰਕਾਰ ਵੱਲੋਂ ਹਾਲ ਹੀ 'ਚ ਪੱਕੇ ਕੀਤੇ ਅਧਿਆਪਕਾਂ 'ਚ ਸਿੱਖਿਆ ਪ੍ਰੋਵਾਇਡਰ ਨਿਰੋਲ ਕੇਂਦਰੀ ਫੰਡਾਂ 'ਚ ਤਨਖਾਹਾਂ ਲੈ ਰਹੇ ਹਨ ਉਹ ਵੀ ਪੱਕੇ ਹੋਏ ਹਨ ਪ੍ਰੰਤੂ ਸਿਰਫ ਪੰਚਾਇਤ ਵਿਭਾਗ ਵੱਲੋਂ ਹੀ ਕਿਉਂ ਪਿਛਲੇ 15 ਸਾਲਾਂ ਤੋਂ ਭਰਤੀ ਹੋਏ, ਆਪਣੀ ਜ਼ਿੰਦਗੀ ਦਾ ਸਭ ਤੋਂ ਕੀਮਤੀ ਸਮਾਂ ਨਰੇਗਾ ਲੇਖੇ ਲਾ ਚੁੱਕੇ ਮੁਲਾਜਮਾਂ ਨੂੰ ਪਾਲਸੀ ਤੋਂ ਬਾਹਰ ਕੱਢਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਮਸਲੇ ਸੰਬੰਧੀ ਜਦੋਂ ਯੂਨੀਅਨ ਦੀ ਸੂਬਾ ਕਮੇਟੀ ਵੱਲੋਂ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਮਿਲਿਆ ਗਿਆ ਤਾਂ ਉਨ੍ਹਾਂ ਵੱਲੋਂ ਕੋਈ ਦਿਲਚਸਪੀ ਨਹੀਂ ਦਿਖਾਈ ਗਈ। ਮੀਟਿੰਗ ਵਿੱਚ ਹਾਜ਼ਰੀਨ ਵੱਲੋਂ ਇਸ ਮੁੱਦੇ ਨੂੰ ਗੰਭੀਰਤਾ ਨਾਲ ਵਿਚਾਰਿਆ ਗਿਆ ਅਤੇ ਫੈਸਲਾ ਲਿਆ ਗਿਆ ਕਿ ਯੂਨੀਅਨ ਦੀ ਸੂਬਾ ਪੱਧਰੀ ਲੁਧਿਆਣਾ ਵਿਖੇ ਹੋਈ ਮੀਟਿੰਗ ਦੇ ਫੈਸਲੇ ਅਨੁਸਾਰ ਤੁਰੰਤ ਸੰਘਰਸ਼ ਸ਼ੁਰੂ ਕੀਤਾ ਜਾਵੇਗਾ ਅਤੇ 12 ਅਕਤੂਬਰ ਦਿਨ ਵੀਰਵਾਰ ਤੋਂ ਨਰੇਗਾ ਤਹਿਤ ਹੋਣ ਵਾਲੇ ਹਰ ਤਰ੍ਹਾਂ ਦੇ ਕੰਮ ਮੁਕੰਮਲ ਬੰਦ ਕਰਕੇ ਵਿਕਾਸ ਭਵਨ ਮੋਹਾਲੀ ਵਿਖੇ ਪੰਜਾਬ ਪੱਧਰ ਦੇ ਧਰਨੇ 'ਚ ਸਾਰੇ ਸਟਾਫ ਵੱਲੋਂ ਸ਼ਮੂਲੀਅਤ ਕੀਤੀ ਜਾਵੇਗੀ। ਇੱਥੇ ਮੰਗ ਪੱਤਰ ਦੇਣ ਸਮੇ ਏ ਪੀ ਓ ਕਰਨ ਕਟਾਰੀਆ, ਮਨਇੰਦਰ ਸਿੰਘ ਸਮੂਹ ਜੇ ਈ ਦਲੀਪ ਸਿੰਘ, ਦਲਜੀਤ ਸਿੰਘ, ਪ੍ਰਦੀਪ, ਸੰਦੀਪ,ਵਿਕਰਮ, ਸਮੂਹ ਸੀ.ਏ ਅਤੇ ਜੀ.ਆਰ.ਐੱਸ ਬਗੀਚਾ ਸਿੰਘ, ਜਸਵੀਰ ਸੀ.ਏ ਰਾਜ ਰਾਣੀ, ਗੁਰਮੀਤ ਸਿੰਘ 2, ਕੁਲਵਿੰਦਰ ਸਿੰਘ ਸੀਤਲ ਕੰਬੋਜ, ਭੁਪਿੰਦਰ ਕੌਰ,ਦੀਪ,ਪੁਸਪਾ,ਜਸਵੀਰ ਸੰਦੀਪ, ਅਵਿਨਾਸ, ਜਸਵਿੰਦਰ, ਸੁਨੀਲ, ਮੰਗਤ ਸਿੰਘ ਸਿੰਘ, ਸਰਦੂਲ ਆਦਿ ਹਾਜ਼ਰ ਰਹੇ।



ਨਰੇਗਾ ਕਰਮਚਾਰੀ, ਬੀ.ਡੀ.ਪੀ.ਓ. ਨੂੰ ਮੰਗ ਪੱਤਰ ਦਿੰਦੇ ਹੋਏ।

## ਕਾਤਰਾਂ

### ਕਾਰੋਬਾਰ ਬਿਊਰੋ 'ਚ ਰੁਜ਼ਗਾਰ ਕੈਂਪ 13 ਨੂੰ

**ਸੰਗਰੂਰ (ਪ੍ਰਵੀਨ ਸਿੰਘ)**-ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਸਿੰਪੀ ਸਿੰਗਲਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਪੇ ਟੀ ਐਮ ਕੰਪਨੀ ਨਾਲ ਸਹਿਯੋਗ ਕਰਕੇ ਰੋਜ਼ਗਾਰ ਕੈਂਪ ਲਗਾਇਆ ਜਾ ਰਿਹਾ ਹੈ। ਉਨ੍ਹਾਂ ਜਾਣਕਾਰੀ ਦਿੱਤੀ ਕਿ ਇਹ ਕੈਂਪ 13 ਅਕਤੂਬਰ ਨੂੰ ਸਵੇਰੇ 10 ਵਜੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਡੀ.ਸੀ.ਕੰਪਲੈਕਸ ਨੇੜੇ ਸੁਵਿਧਾ ਕੇਂਦਰ ਸੰਗਰੂਰ ਵਿਖੇ ਫੀਲਡ ਅਫ਼ਸਰ ਦੀ ਆਸਾਮੀ ਲਈ ਲਗਾਇਆ ਜਾਵੇਗਾ। ਇਸ ਕੈਂਪ 'ਚ ਬਾਰ੍ਹਵੀਂ ਪਾਸ ਵਿੱਦਿਅਕ ਯੋਗਤਾ ਵਾਲੇ 18 ਤੋਂ 30 ਸਾਲ ਦੇ ਕੇਵਲ ਲੜਕੇ ਭਾਗ ਲੈ ਸਕਦੇ ਹਨ। ਇੰਟਰਵਿਊ 'ਚ ਹਾਜ਼ਰ ਹੋਣ ਵਾਲੇ ਨੌਜਵਾਨ ਰਸਮੀ (ਫਾਰਮਲ) ਪਹਿਰਾਵੇ 'ਚ, ਵਿੱਦਿਅਕ ਯੋਗਤਾ ਸੰਬੰਧੀ ਅਸਲ ਦਸਤਾਵੇਜ਼ਾਂ ਸਮੇਤ ਫੋਟੋ ਕਾਪੀਆਂ ਅਤੇ ਆਪਣਾ ਰਜ਼ਿਊਮ (ਸੰਖੇਪ ਯੋਗਤਾ ਵਿਵਰਣ ਪੱਤਰ) ਨਾਲ ਲੈ ਕੇ ਆਉਣਾ ਯਕੀਨੀ ਬਣਾਉਣ। ਨੌਜਵਾਨ ਮੌਕੇ 'ਤੇ ਵੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਪ੍ਰਾਰਥੀਆਂ ਨੂੰ ਕਿਸੇ ਪ੍ਰਕਾਰ ਦਾ ਟੀ.ਏ./ਡੀ.ਏ. ਨਹੀਂ ਦਿੱਤਾ ਜਾਵੇਗਾ।

### ਸਹਿਕਾਰੀ ਬੈਂਕ ਦੇ ਸੇਵਾਮੁਕਤ ਏ ਜੀ ਐਮ ਕੁਲਦੀਪ ਸਿੰਘ ਦਾ ਦਿਹਾਂਤ

**ਧੂਰੀ (ਬਿੰਨੀ ਗਰਗ)**-ਕੁਲਵਿੰਦਰ ਸਿੰਘ ਮਿੰਟੂ ਪੱਤਰਕਾਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ



ਉਹਨਾਂ ਦੇ ਪਿਤਾ ਕੁਲਦੀਪ ਸਿੰਘ, ਜੋ ਕਿ ਸਹਿਕਾਰੀ ਬੈਂਕ ਦੇ ਸੇਵਾਮੁਕਤ ਏ ਜੀ ਐਮ ਦਾ ਅਚਾਨਕ ਦਿਹਾਂਤ ਹੋ ਗਿਆ। ਉਨ੍ਹਾਂ ਦੇ ਪਰਵਾਰ ਨਾਲ ਸ਼ਹਿਰ ਵਾਸੀਆਂ, ਧਾਰਮਿਕ ਅਤੇ ਸਿਆਸੀ ਜਥੇਬੰਦੀਆਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ ਸ੍ਰੀ ਸਹਿਜ ਪਾਠ 11 ਅਕਤੂਬਰ ਦਿਨ ਬੁੱਧਵਾਰ ਨੂੰ ਗੁਰਦੁਆਰਾ ਨਾਨਕ ਸਰ ਸਾਹਿਬ ਮਾਲੇਰਕੋਟਲਾ ਰੋਡ ਧੂਰੀ ਵਿਖੇ 11 ਤੋਂ 1 ਵਜੇ ਤੱਕ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।

### ਕਿੱਲੋ ਅਫ਼ੀਮ ਸਮੇਤ ਗ੍ਰਿਫਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਥਾਣਾ ਸਰਹਿੰਦ ਦੀ ਪੁਲਸ ਵੱਲੋਂ ਇੱਕ ਵਿਅਕਤੀ ਨੂੰ ਇੱਕ ਕਿੱਲੋ ਅਫ਼ੀਮ ਸਮੇਤ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ। ਜਾਣਕਾਰੀ ਅਨੁਸਾਰ ਥਾਣਾ ਸਰਹਿੰਦ ਦੀ ਇੱਕ ਪੁਲਸ ਪਾਰਟੀ ਵੱਲੋਂ ਸਰਹਿੰਦ ਦੇ ਤਰਖਾਣਮਾਜਰਾ ਟੀ-ਪੁਆਇੰਟ ਨਜ਼ਦੀਕ ਚੈਕਿੰਗ ਕੀਤੀ ਜਾ ਰਹੀ ਸੀ ਤਾਂ ਸਰਵਿਸ ਰੋਡ 'ਤੇ ਤੁਰੇ ਆ ਰਹੇ ਨੌਜਵਾਨ ਨੇ ਚੈਕਿੰਗ ਹੁੰਦੀ ਦੇਖ ਮੁੜਨ ਦੀ ਕੋਸ਼ਿਸ਼ ਜਿਸ ਨੂੰ ਪੁਲਸ ਕਰਮਚਾਰੀਆਂ ਵੱਲੋਂ ਕਾਬੂ ਕਰਕੇ ਉਸਦਾ ਨਾਂਅ ਪਤਾ ਪੁੱਛਿਆ ਗਿਆ ਤਾਂ ਉਸਨੇ ਆਪਣੀ ਪਹਿਚਾਣ ਦਲੀਪ ਕੁਮਾਰ ਉਰਫ ਦਲੀਪ ਸ਼ਾਹ ਵਾਸੀ ਬ੍ਰਿੰਦਾਵਨ, ਸਿਵਹਰ (ਬਿਹਾਰ) ਵਜੋਂ ਦੱਸੀ ਜਿਸ ਉਪਰੰਤ ਸਹਾਇਕ ਥਾਣੇਦਾਰ ਜਸਵੀਰ ਸਿੰਘ ਨੇ ਉਸ ਵੱਲੋਂ ਸੁੱਟੇ ਗਏ ਬੈਗ ਨੂੰ ਚੈੱਕ ਕੀਤਾ ਤਾਂ ਉਸ 'ਚੋਂ ਇੱਕ ਕਿੱਲੋ ਅਫ਼ੀਮ ਬਰਾਮਦ ਹੋਈ। ਇਸ ਸਬੰਧੀ ਥਾਣਾ ਸਰਹਿੰਦ ਵਿਖੇ ਮਾਮਲਾ ਦਰਜ ਕੀਤੇ ਗਏ ਮੁਕੱਦਮੇ 'ਚ ਦਲੀਪ ਕੁਮਾਰ ਨੂੰ ਗ੍ਰਿਫਤਾਰ ਕਰ ਲਿਆ ਗਿਆ।

### ਦਾਜ ਲਈ ਤੰਗ-ਪ੍ਰੇਸ਼ਾਨ ਕਰਨ ਦੇ ਮਾਮਲੇ 'ਚ ਦੋ ਔਰਤਾਂ ਸਣੇ ਤਿੰਨ ਨਾਮਜ਼ਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਵਿਆਹੁਤਾ ਲੜਕੀ ਨੂੰ ਦਾਜ-ਦਹੇਜ ਲਈ ਤੰਗ ਪ੍ਰੇਸ਼ਾਨ ਕਰਨ ਦੇ ਇੱਕ ਕਥਿਤ ਮਾਮਲੇ 'ਚ ਲੜਕੀ ਦੀ ਸ਼ਿਕਾਇਤ 'ਤੇ ਮੂਲੇਪੁਰ ਪੁਲਸ ਵੱਲੋਂ ਦੋ ਔਰਤਾਂ ਸਣੇ ਤਿੰਨ ਵਿਅਕਤੀਆਂ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਜਾਣਕਾਰੀ ਅਨੁਸਾਰ ਇੱਕ ਵਿਆਹੁਤਾ ਲੜਕੀ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੋਸ਼ ਲਗਾਏ ਸਨ ਕਿ ਜਸਵੀਰ ਸਿੰਘ, ਸੁਖਵਿੰਦਰ ਕੌਰ ਅਤੇ ਸਤਿਆ ਦੇਵੀ ਵੱਲੋਂ ਦਾਜ-ਦਹੇਜ ਲਈ ਉਸਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਤੰਗ ਪ੍ਰੇਸ਼ਾਨ ਕੀਤਾ ਗਿਆ। ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਥਾਣਾ ਮੂਲੇਪੁਰ ਵਿਖੇ ਸਤਿਆ ਦੇਵੀ, ਸੁਖਵਿੰਦਰ ਕੌਰ ਅਤੇ ਜਸਵੀਰ ਸਿੰਘ ਵਾਸੀਆਨ ਪਿੰਡ ਮੰਢੌਰ (ਪਟਿਆਲਾ) ਵਿਰੁੱਧ ਅ/ਧ 406,498-ਏ, 506, 34 ਆਈ ਪੀ ਸੀ ਤਹਿਤ ਮੁਕੱਦਮਾ ਦਰਜ ਕਰਕੇ ਸਹਾਇਕ ਥਾਣੇਦਾਰ ਬਲਕਾਰ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

### ਅੰਮ੍ਰਿਤ ਪਬਲਿਕ ਸਕੂਲ ਬਿਲਾਸਪੁਰ ਵੱਲੋਂ ਵਿਦਿਅਕ ਟੂਰ

**ਦੋਰਾਹਾ (ਹਰਮਿੰਦਰ ਸੇਠ)**-ਅੰਮ੍ਰਿਤ ਪਬਲਿਕ ਸਕੂਲ ਬਿਲਾਸਫਰ ਵੱਲੋਂ ਵਿਦਿਆਰਥੀਆਂ ਨੂੰ ਵਿਦਿਅਕ ਟੂਰ ਲਈ ਕੁਰਕਸ਼ੇਤਰ ਹਰਿਆਣਾ ਵਿਖੇ ਲਿਆਇਆ ਗਿਆ। ਵਿਦਿਆਰਥੀਆਂ ਦੀ ਸਾਇੰਸ ਭਾਰਤੀ ਇਤਿਹਾਸ ਭਾਰਤੀ ਕਲਚਰ ਸੰਬੰਧੀ ਗਿਆਨ 'ਚ ਵਾਧਾ ਕਰਨ ਲਈ ਉਹਨਾਂ ਨੂੰ ਪੈਨੋਰਮਾ ਸਾਇੰਸ ਕੇਂਦਰ ਕਲਪਨਾ ਚਾਵਲਾ ਯਾਦਗਾਰੀ ਤਾਰਾ ਮੰਡਲ ਪਿਪਲੀ ਚਿੜੀਆ ਘਰ ਸ੍ਰੀ ਕ੍ਰਿਸ਼ਨ ਮਿਊਜ਼ੀਅਮ ਸ਼ੇਖ ਚਿੱਲੀ ਮਕਬਰਾ ਅਤੇ ਬ੍ਰਹਮ ਸਰੋਵਰ ਦਾ ਟੂਰ ਕਰਵਾਇਆ ਗਿਆ। ਵਾਪਸੀ ਸਮੇਂ ਸਕੂਲ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਗੁਰਦੁਆਰਾ ਮੰਜੀ ਸਾਹਿਬ ਕੋਟਾਂ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬਾਨ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਰੇਖਾ ਰਾਣੀ ਨੇ ਬੱਚਿਆਂ ਨੂੰ ਭਾਰਤੀਯ ਇਤਿਹਾਸ ਤੇ ਸਾਇੰਸ ਦੀ ਮਹੱਤਤਾ ਇਸ ਵਿਦਿਅਕ ਟੂਰ 'ਚ ਮੈਡਮ ਹਰਪਾਲ ਕੌਰ, ਸ੍ਰੀਮਤੀ ਕਰਮਜੀਤ ਕੌਰ, ਮਿਸ ਸਿਮਰਨ ਕੌਰ, ਮਿਸ ਰਾਗਨੀ ਸ਼ਰਮਾ, ਮਿਸ ਮਨਦੀਪ ਕੌਰ, ਰਾਜਵੀਰ ਕੌਰ, ਰਵਨੀਤ ਕੌਰ ਆਦਿ ਟੀਚਰਾਂ ਨੇ ਭਾਗ ਲਿਆ। ਸਾਬਕਾ ਡੀ ਪੀ ਡੀ ਓ (ਡੀ ਏ ਡੀ) ਭਾਰਤ ਸਰਕਾਰ ਨਿਰਮਲ ਸਿੰਘ ਬਿਲਾਸਪੁਰ ਪ੍ਰਧਾਨ ਸਕੂਲ ਪ੍ਰਬੰਧਕ ਕਮੇਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਹ ਟੂਰ ਸੰਪੂਰਨ ਕੀਤਾ ਗਿਆ।

# ਪੈਨਸ਼ਨਰ ਐਸੋਸੀਏਸ਼ਨ ਪਾਵਰਕਾਮ 14 ਨੂੰ ਸਾਂਝੇ ਫਰੰਟ ਦੇ ਧਰਨੇ 'ਚ ਸ਼ਮੂਲੀਅਤ ਕਰੇਗੀ : ਸਿਕੰਦਰ ਸਿੰਘ



ਪੈਨਸ਼ਨਰਜ਼ ਐਸੋਸੀਏਸ਼ਨ ਪਾਵਰਕਾਮ ਸਮਰਾਲਾ ਦੇ ਪੈਨਸ਼ਨਰਜ਼ ਵੱਲੋਂ ਕੀਤੀ ਗਈ ਮਹੀਨਾਵਾਰ ਮੀਟਿੰਗ ਦਾ ਦ੍ਰਿਸ਼।

**ਸਮਰਾਲਾ (ਸੁਰਜੀਤ ਸਿੰਘ)**

ਪਾਵਰਕਾਮ ਅਤੇ ਟਰਾਂਸਕੋ ਮੰਡਲ ਦੇ ਪੈਨਸ਼ਨਰਾਂ ਦੀ ਮਹੀਨਾਵਾਰ ਮੀਟਿੰਗ ਸਿਕੰਦਰ ਸਿੰਘ ਮੰਡਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਇਸ ਸੰਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਇੰਜ. ਸੁਖਦਰਸ਼ਨ ਸਿੰਘ ਸਕੱਤਰ ਅਤੇ ਇੰਜ: ਜੁਗਲ ਕਿਸ਼ੋਰ ਸਾਹਨੀ ਨੇ ਦੱਸਿਆ ਕਿ ਮੀਟਿੰਗ ਵਿੱਚ ਸੂਬਾ ਪੱਧਰੀ ਵਿਸ਼ਾਲ ਧਰਨਾ ਜੋ ਬੀਤੇ ਦਿਨੀਂ ਪਟਿਆਲਾ ਵਿਖੇ ਬਿਜਲੀ ਪੈਨਸ਼ਨਰਾਂ ਵੱਲੋਂ ਦਿੱਤਾ ਗਿਆ ਸੀ, ਨੂੰ ਪੈਨਸ਼ਨਰਾਂ ਵੱਲੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਸਫਲ ਕਰਨ ਦੀਆਂ ਵਧਾਈਆਂ ਦਿੱਤੀਆਂ ਗਈਆਂ ਅਤੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਗਈ ਜੇਕਰ ਸਰਕਾਰ ਨੇ ਹੁਣ ਵੀ ਪੈਨਸ਼ਨਰਾਂ ਦੀਆਂ ਮੰਗਾਂ ਵੱਲ ਜਲਦ ਧਿਆਨ ਨਾ ਦਿੱਤਾ ਤਾਂ ਇਸ ਤੋਂ ਵੱਡਾ ਸੰਘਰਸ਼ ਵਿੱਢਣ ਲਈ ਮਜਬੂਰ ਹੋਣਾ ਪਵੇਗਾ। ਮੀਟਿੰਗ 'ਚ ਪੈਸ਼ਨਰਜ਼ ਦੇ ਭਖਦੇ ਮਸਲੇ ਜਿਵੇਂ ਬਿਜਲੀ ਦੀ ਵਰਤੋਂ ਵਿੱਚ ਰਿਆਇਤ ਦੇਣਾ, ਪੇ ਸਕੇਲ ਸੋਧਣਾ, ਡੀ.ਏ. ਦੀਆਂ ਪੈਂਡਿੰਗ ਕਿਸ਼ਤਾ ਦੇਣਾ ਅਤੇ ਬਕਾਏ ਜਾਰੀ ਕਰਨਾ, ਕੈਸ਼ਲੈਸ ਮੈਡੀਕਲ ਸਕੀਮ ਚਾਲੂ ਕਰਨਾ, ਮੈਡੀਕਲ ਬਿੱਲ ਸਮੇਂ ਸਿਰ ਪਾਸ ਕਰਨਾ ਅਤੇ ਪੈਨਸ਼ਰਜ਼ ਨੂੰ ਆ ਰਹੀਆਂ ਔਕੜਾਂ ਸੰਬੰਧੀ ਵਿਚਾਰਾਂ ਕੀਤੀਆਂ ਗਈਆਂ। ਮੀਟਿੰਗ ਦੌਰਾਨ ਪੰਜਾਬ ਦੇ ਮੁਲਾਜਮਾਂ ਅਤੇ ਪੈਨਸ਼ਨਰਾਂ ਦੇ ਸਾਂਝੇ ਫਰੰਟ ਵੱਲੋਂ ਇੱਕ ਵੱਡਾ ਵਿਸ਼ਾਲ ਧਰਨਾ ਜੋ 14 ਨੂੰ ਚੰਡੀਗੜ੍ਹ ਵਿਖੇ ਦਿੱਤਾ ਜਾ ਰਿਹਾ ਹੈ, ਉਸ 'ਚ ਸਮਰਾਲਾ ਇਲਾਕੇ ਦੇ ਪੈਨਸ਼ਨਰਾਂ ਨੂੰ ਵੱਧ ਤੋਂ ਵੱਧ ਗਿਣਤੀ 'ਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਗਈ। ਮੀਟਿੰਗ 'ਚ ਇੰਜ. ਪ੍ਰੇਮ ਸਿੰਘ ਸਾਬਕਾ ਐਸ.ਡੀ.ਓ., ਇੰਜ. ਜੁਗਲ ਕਿਸ਼ੋਰ ਸਾਹਨੀ ਸਹਾਇਕ ਸਕੱਤਰ, ਰਜਿੰਦਰਪਾਲ ਵਡੇਰਾ ਡਿਪਟੀ ਸੀ.ਏ.ਓ., ਜਗਤਾਰ ਸਿੰਘ ਪ੍ਰੈਸ ਸਕੱਤਰ, ਜਸਵੰਤ ਸਿੰਘ ਢੰਡਾ, ਭੁਪਿੰਦਰਪਾਲ ਚਹਿਲਾਂ, ਸੁਰਜੀਤ ਵਿਸ਼ਾਦ, ਇੰਜ. ਦਰਸ਼ਨ ਸਿੰਘ ਵਿੱਤ ਸਕੱਤਰ, ਦਰਸ਼ਨ ਸਿੰਘ ਕੋਟਾਲਾ, ਹਰਪਾਲ ਸਿੰਘ ਸਿਹਾਲਾ ਆਦਿ ਨੇ ਆਪੋ ਆਪਣੇ ਵਿਚਾਰ ਰੱਖੇ ਅਤੇ 14 ਦੇ ਸਾਂਝੇ ਫਰੰਟ ਵੱਲੋਂ ਦਿੱਤੇ ਜਾਣ ਵਾਲੇ ਧਰਨੇ ਨੂੰ ਕਾਮਯਾਬ ਕਰਨ ਸੰਬੰਧੀ ਅਪੀਲ ਕੀਤੀ ਗਈ।

# ਪੰਜਾਬੀ ਭਾਸ਼ਾ 'ਚ ਨਾਂਅ/ਬੋਰਡ ਲਿਖਣ ਲਈ 21 ਨਵੰਬਰ ਤੱਕ ਦਾ ਇੱਕ ਮੌਕਾ ਹੋਰ



ਬਰਨਾਲਾ(ਰਾਜਿੰਦਰ ਬਰਾੜ) ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪੰਜਾਬੀ ਭਾਸ਼ਾ ਨੂੰ ਬਣਦਾ ਮਾਣ ਸਤਿਕਾਰ ਦਿਵਾਉਣ ਲਈ ਕਈ ਤਰ੍ਹਾਂ ਦੇ ਹੋਰ ਉਪਰਾਲੇ ਕਰਨ ਦੇ ਨਾਲ ਨਾਲ ਰਾਜ ਦੇ ਸਮੂਹ ਸਰਕਾਰੀ, ਅਰਧ ਸਰਕਾਰੀ ਦਫਤਰਾਂ/ਵਿਭਾਗਾਂ/ਅਦਾਰਿਆਂ/ਸੰਸਥਾਵਾਂ/ਵਿੱਦਿਅਕ ਅਦਾਰਿਆਂ/ਬੋਰਡਾਂ/ਨਿਗਮਾਂ ਅਤੇ ਗੈਰ ਸਰਕਾਰੀ ਸੰਸਥਾਵਾਂ/ਪਬਲਿਕ ਅਤੇ ਪ੍ਰਾਈਵੇਟ ਦੁਕਾਨਾਂ ਅਤੇ ਵਪਾਰਿਕ ਅਦਾਰਿਆਂ ਆਦਿ ਦੇ ਨਾਂਅ ਅਤੇ ਸੜਕਾਂ ਦੇ ਨਾਂਅ ਪੰਜਾਬੀ ਭਾਸ਼ਾ (ਗੁਰਮੁਖੀ ਲਿੱਪੀ) 'ਚ ਲਿਖਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਬਿੰਦਰ ਸਿੰਘ ਖੁੱਡੀ ਕਲਾਂ ਖੋਜ ਅਫਸਰ ਨੇ ਦੱਸਿਆ ਕਿ ਭਾਸ਼ਾਵਾਂ ਬਾਰੇ ਮੰਤਰੀ ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਅਤੇ ਡਿਪਟੀ ਕਮਿਸ਼ਨਰ ਸ਼੍ਰੀਮਤੀ ਪੂਨਮਦੀਪ ਕੌਰ ਦੀ ਅਗਵਾਈ ਹੇਠ ਜ਼ਿਲ੍ਹੇ ਦੇ ਸਮੂਹ ਦਫਤਰਾਂ, ਅਦਾਰਿਆਂ ਅਤੇ ਸਕੂਲਾਂ ਦੇ ਨਾਂਅ ਬੋਰਡ ਅਤੇ ਸੜਕਾਂ ਦੇ ਦਿਸ਼ਾ ਸੂਚਕ ਬੋਰਡ ਪੰਜਾਬੀ ਭਾਸ਼ਾ 'ਚ ਲਿਖਣ ਦੇ ਨਾਲ ਨਾਲ ਪ੍ਰਾਈਵੇਟ ਦੁਕਾਨਾਂ ਅਤੇ ਹੋਰ ਅਦਾਰਿਆਂ ਦੇ ਨਾਂਅ ਬੋਰਡ ਪੰਜਾਬੀ ਭਾਸ਼ਾ 'ਚ ਲਿਖੇ ਜਾਣ ਸੰਬੰਧੀ ਮੁੱਖ ਮੰਤਰੀ ਵੱਲੋਂ ਕੀਤੀ ਗਈ ਘੋਸ਼ਣਾ ਮਿਤੀ ਤੋਂ ਹੀ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਮੁੱਖ ਮੰਤਰੀ ਦੇ ਆਦੇਸ਼ਾਂ ਅਨੁਸਾਰ ਪੰਜਾਬ ਸਰਕਾਰ ਦੇ ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ ਵੱਲੋਂ ਪੱਤਰ ਜਾਰੀ ਕਰਦਿਆਂ 21 ਫਰਵਰੀ 2023 ਤੱਕ ਸਮੂਹ ਅਦਾਰਿਆਂ ਅਤੇ ਦੁਕਾਨਾਂ ਦੇ ਨਾਂਅ ਬੋਰਡ ਪੰਜਾਬੀ ਭਾਸ਼ਾ ਵਿੱਚ ਲਿਖਣ ਦੀਆਂ ਹਦਾਇਤਾਂ ਕੀਤੀਆਂ ਗਈਆਂ ਸਨ। ਉਪਰੰਤ ਨਿੱਜੀ ਦੁਕਾਨਾਂ ਅਤੇ ਅਦਾਰਿਆਂ ਦੇ ਮਾਲਕਾਂ ਦੀ ਮੰਗ ਅਨੁਸਾਰ ਇਹ ਸਮਾਂ ਸੀਮਾਂ ਵਧਾ ਕੇ 21 ਅਗਸਤ 2023 ਤੱਕ ਦਾ 6 ਮਹੀਨੇ ਦਾ ਸਮਾਂ ਹੋਰ ਦਿੱਤਾ ਗਿਆ ਸੀ। ਨਾਂਅ ਬੋਰਡ ਪੰਜਾਬੀ ਭਾਸ਼ਾ 'ਚ ਲਿਖਣ ਦੇ ਟੀਚੇ ਦੀ ਸੌ ਫੀਸਦੀ ਪ੍ਰਾਪਤੀ ਲਈ ਉਚੇਰੀ ਸਿੱਖਿਆ ਅਤੇ ਭਾਸ਼ਾ ਬਾਰੇ ਵਿਭਾਗ ਨੇ ਪੱਤਰ ਜਾਰੀ ਕਰਕੇ 21 ਨਵੰਬਰ 2023 ਤੱਕ ਦਾ ਤਿੰਨ ਮਹੀਨੇ ਦਾ ਸਮਾਂ ਹੋਰ ਦਿੱਤਾ ਹੈ। ਨਾਮ ਬੋਰਡ ਪੰਜਾਬੀ ਭਾਸ਼ਾ(ਗੁਰਮੁਖੀ ਲਿੱਪੀ) ਵਿੱਚ ਲਿਖਣ ਤੋਂ ਰਹਿੰਦੇ ਸਮੂਹ ਨਿੱਜੀ ਦੁਕਾਨਾਂ ਅਤੇ ਅਦਾਰਿਆਂ ਦੇ ਮਾਲਕਾਂ ਨੂੰ ਆਪਣੇ ਅਦਾਰਿਆਂ ਦੇ ਨਾਂਅ ਬੋਰਡ ਨਿਰਧਾਰਤ ਸਮਾਂ ਸੀਮਾਂ ਤੋਂ ਪਹਿਲਾਂ ਪਹਿਲਾਂ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੰਜਾਬੀ ਭਾਸ਼ਾ ਵਿੱਚ ਲਿਖਣ ਦਾ ਕੰਮ ਤਰਜ਼ੀਹੀ ਆਧਾਰ 'ਤੇ ਮੁਕੰਮਲ ਕਰਨ ਦੀ ਅਪੀਲ ਕਰਦਿਆਂ ਭਾਸ਼ਾ ਅਧਿਕਾਰੀ ਨੇ ਕਿਹਾ ਕਿ ਸਰਕਾਰ ਵੱਲੋਂ ਸਮਾਂ ਸੀਮਾਂ ਵਿੱਚ ਇਜ਼ਾਫਾ ਕਾਰਜ ਮੁਕੰਮਲ ਕਰਨ ਦੀ ਸ਼ਰਤ 'ਤੇ ਹੀ ਦਿੱਤਾ ਗਿਆ ਹੈ।

# 'ਖੇਡਾਂ ਵਤਨ ਪੰਜਾਬ' ਦੀਆਂ 'ਚ ਖਾਲਸਾ ਮਿਸ਼ਨ ਅਕੈਡਮੀ ਦੇ ਬੱਚਿਆਂ ਵੱਲੋਂ ਹੂੰਝਾ ਫੇਰ ਜਿੱਤ



**ਗੁਰੂਹਰਸਹਾਏ (ਫ਼ਕੀਰ ਚੰਦ ਸਿਕਰੀ)**

ਖੇਡਾਂ ਵਤਨ ਪੰਜਾਬ ਦੀਆਂ ਖੇਡਾਂ 'ਚ ਖਾਲਸਾ ਮਿਸ਼ਨ ਅਕੈਡਮੀ ਸੀਨੀਅਰ ਸੈਕੰਡਰੀ ਸਕੂਲ ਗੁਰੂਹਰਸਹਾਏ ਦੇ ਬੱਚਿਆਂ ਨੇ ਗੱਤਕਾ ਪ੍ਰਤੀਯੋਗਤਾ ਵਿੱਚ ਵਧੀਆ ਪ੍ਰਦਰਸ਼ਨ ਕੀਤਾ ਅਤੇ ਕਈ ਤਗਮਿਆਂ ਨੂੰ ਸਕੂਲ ਦੇ ਝੋਲੀ ਪਾਇਆ। ਇਸ ਟੂਰਨਾਮੈਂਟ 'ਚ ਅੰਡਰ 14 ਦੀ ਸਿੰਗਲ ਸੋਟੀ ਟੀਮ ਲੜਕੀਆਂ ਹਰਸਪ੍ਰੀਤ ਕੌਰ, ਪ੍ਰਭਜੋਤ ਕੌਰ ਅਤੇ ਹਰਮਨ ਕੌਰ ਗੋਲਡ ਮੈਡਲ, ਸਿੰਗਲ ਸੋਟੀ ਵਿਆਕਤੀਗਤ ਹਰਸਪ੍ਰੀਤ ਕੌਰ ਗੋਲਡ ਮੈਡਲ, ਸਿੰਗਲ ਸੋਟੀ ਗੁਰਲੀਨ ਕੌਰ, ਜਸਵਿੰਦਰ ਕੌਰ,ਮਿਤਾਸੀ ਅਤੇ ਗੁਰਲੀਨ ਸਿਲਵਰ ਮੈਡਲ, ਫਰੀ ਸੋਟੀ ਟੀਮ ਅਰਚਨਾ, ਨੈਨਸੀ ਕੰਬੋਜ, ਰੇਖਾ ਗੋਲਡ ਮੈਡਮ ਜਿੱਤਿਆ, ਫਰੀ ਸੋਟੀ ਵਿਆਕਤੀਗਤ ਅਮਨਦੀਪ ਕੌਰ ਸਿਲਵਰ ਮੈਡਲ, ਅੰਡਰ-17 ਸਿੰਗਲ ਸੋਟੀ ਟੀਮ ਪ੍ਰਭਦੀਪ ਕੌਰ,ਰਾਜਵਿੰਦਰ ਕੌਰ ਅਤੇ ਗੁਰਕੀਰਤ ਗੋਲਡ ਮੈਡਲ ਜਿੱਤਿਆ, ਸਿੰਗਲ ਸੋਟੀ ਵਿਆਕਤੀਗਤ ਰਾਜਵਿੰਦਰ ਕੌਰ ਸਿਲਵਰ ਮੈਡਲ, ਸਿੰਗਲ ਸੋਟੀ ਟੀਮ ਵਿੱਚ ਸੁਖਮਨਪ੍ਰੀਤ ਕੌਰ, ਹਰਮਨਪ੍ਰੀਤ ਕੌਰ ਅਤੇ ਇੰਦਰਜੀਤ ਕੌਰ ਬਰਾਊਨ ਮੈਡਲ ਜਿੱਤਿਆ, ਫਰੀ ਸੋਟੀ ਵਿਆਕਤੀਗਤ ਵਿੱਚ ਮੁਨੀਤ ਕੌਰ ਬਰਾਊਨ ਮੈਡਲ ਪ੍ਰਾਪਤ ਕੀਤੇ ਅਤੇ ਲੜਕਿਆਂ ਨੇ ਵੀ ਵਧੀਆ ਪ੍ਰਦਰਸਨ ਕੀਤਾ ਅੰਡਰ-14 ਸਿੰਗਲ ਸੋਟੀ ਟੀਮ ਰੋਬਿਨਪ੍ਰੀਤ ਸਿੰਘ, ਏਕਨੂਰ ਸਿੰਘ ਅਤੇ ਅਨਮੋਲ ਸਿੰਘ ਬਰਾਊਨ ਮੈਡਲ, ਫਰੀ ਸੋਟੀ ਟੀਮ ਕਰਨਦੀਪ ਅਤੇ ਸੰਕੇਤ ਬਰਾਊਨ ਮੈਡਲ ਅੰਡਰ-17 ਦੇ ਮੁੰਡਿਆਂ ਸਹਿਜਪ੍ਰੀਤ ਸਿੰਘ, ਗੁਰਨੂਰ ਸਿੰਘ, ਸੰਦੀਪ ਸਿੰਘ ਸਿੰਗਲ ਸੋਟੀ ਟੀਮ ਵਿੱਚ ਗੋਲਡ ਮੈਡਲ, ਸਿੰਗਲ ਸੋਟੀ ਵਿਅਕਤੀਗਤ ਵਿੱਚ ਸਹਿਜਪ੍ਰੀਤ ਸਿੰਘ ਗੋਲਡ ਮੈਡਲ, ਫਰੀ ਸੋਟੀ ਟੀਮ ਸੁਖਨੰਦ ਸਿੰਘ, ਗਗਨਦੀਪ ਸਿੰਘ ਅਤੇ ਅਨਮੋਲਦੀਪ ਸਿੰਘ ਨੇ ਬਰਾਊਨ ਮੈਡਲ, ਫਰੀ ਸੋਟੀ ਵਿਆਕਤੀਗਤ ਸੁਖਨੰਦ ਸਿੰਘ ਬਰਾਊਨ ਮੈਡਲ ਅਤੇ ਅੰਡਰ-21 ਸਿੰਗਲ ਸੋਟੀ ਵਿੱਚ ਮਨਵੀਰ ਕੌਰ, ਤ੍ਰਿਪਤਆਚਲਪ੍ਰੀਤ ਕੌਰ ਅਤੇ ਮਨਦੀਪ ਕੌਰ ਨੇ ਗੋਲਡ ਮੈਡਲ ਜਿੱਤਿਆ।

ਇਸ ਵਧੀਆ ਪ੍ਰਦਸਨ ਲਈ ਸਕੂਲ ਮੈਨੇਜਿੰਗ ਡਰਾਇਕਟਰ ਨਿਸ਼ਾਨ ਸਿੰਘ ਅਤੇ ਸਕੂਲ ਪ੍ਰਿੰਸੀਪਲ ਪਵਨ ਕੁਮਾਰ ਨੇ ਇਸ ਜਿੱਤ ਦੀਆਂ ਬੱਚਿਆਂ ਨੂੰ ਮੁਬਾਰਕਾਂ ਦਿੱਤੀਆਂ ਅਤੇ ਹੋਰ ਵਧੀਆਂ ਪ੍ਰਦਰਸਨ ਲਈ ਪ੍ਰੇਰਿਆ। ਇਸ ਮੌਕੇ ਅਨੋਖ ਸਿੰਘ ਡੀ ਪੀ ਹਰੀਸ਼ ਸ਼ਾਮਾ ਅਤੇ ਸਕੂਲ ਸਟਾਫ ਹਾਜ਼ਰ ਰਹੇ।

# ਧੂਰਕੋਟ ਕੁਸ਼ਤੀ ਅਖਾੜੇ ਨੇ 35 ਸੋਨੇ ਦੇ ਤਮਗੇ ਜਿੱਤੇ



**ਨਿਹਾਲ ਸਿੰਘ ਵਾਲਾ (ਨਛੱਤਰ ਸੰਧੂ)**-ਪਿਛਲੇ ਦਿਨੀ ਮੋਗਾ ਸ਼ਹਿਰ ਵਿਖੇ ਹੋਇਆ ਜਿਲ੍ਹਾ ਪੱਧਰੀ ਖੇਡਾ 'ਵਤਨ ਪੰਜਾਬ' ਦੀ 'ਚ ਹਲਕਾ ਨਿਹਾਲ ਸਿੰਘ ਵਾਲਾ ਦੇ ਬਾਬਾ ਸੇਖ ਫਰੀਦ ਕੁਸ਼ਤੀ ਅਖਾੜਾ ਪਿੰਡ ਧੂਰਕੋਟ, ਰਣਸੀਹ ਅਤੇ ਬਲਾਕ ਨਿਹਾਲ ਸਿੰਘ ਵਾਲਾ ਦੀ ਝੰਡੀ ਰਹੀ। ਬਾਬਾ ਸੇਖ ਫਰੀਦ ਕੁਸ਼ਤੀ ਅਖਾੜਾ ਦੇ ਮਿਹਨਤੀ ਅਤੇ ਤਜਰਬੇਕਾਰ ਕੋਚ ਪਹਿਲਵਾਨ ਜਗਦੀਪ ਸਿੰਘ ਧੂਰਕੋਟ ਦੀ ਅਗਵਾਈ 'ਚ ਅਖਾੜੇ ਦੀ ਵੱਡੀ ਟੀਮ ਨੇ ਕੁਸ਼ਤੀ ਖੇਡ ਰਾਹੀ ਉਕਤ ਖੇਡਾਂ 'ਚ ਭਾਗ ਲਿਆ। ਕੋਚ ਸਾਹਿਬ ਦੀ ਸ਼ਾਨਦਾਰ ਟਰੇਨਿੰਗ ਦੀ ਬਦੌਲਤ ਵੱਖੋ-ਵੱਖਰੇ ਭਾਗ ਵਰਗਾਂ 'ਚ ਲੜਕੀਆ ਤੇ ਲੜਕਿਆ ਦੋਹਾਂ ਨੂੰ ਮਿਲਾ ਕੇ ਕੁਲ 35 ਗੋਲਡ ਮੈਡਲ ਅਖਾੜੇ ਨੇ ਜਿੱਤੇ। ਇਹਨਾਂ ਤੋਂ ਇਲਾਵਾ 17 ਸਿਲਵਰ ਮੈਡਲ ਅਤੇ 19 ਬਰੋਜਨ ਮੈਡਲ ਜਿੱਤ ਅਖਾੜਾ ਪੂਰੇ ਮੋਗੇ ਜਿਲ੍ਹੇ 'ਚ ਇੱਕ ਸ਼ਾਨਦਾਰ ਅਤੇ ਸਫਲ ਖੇਡ ਸੰਸਥਾ ਦੇ ਰੂਪ 'ਚ ਉਭਰਿਆ। ਅਖਾੜੇ ਦੀ ਇਸ ਪ੍ਰਾਪਤੀ 'ਤੇ ਅਖਾੜੇ ਦੇ ਪ੍ਰਧਾਨ ਡਾ. ਹਰਗੁਰਪ੍ਰਤਾਪ ਸਿੰਘ ਦੀਪ ਹਸਪਤਾਲ ਵਾਲੇ, ਉਪ ਪ੍ਰਧਾਨ ਪ੍ਰਿੰਸੀਪਲ ਰਵਿੰਦਰ ਸਿੰਘ ਧੂਰਕੋਟ, ਜਰਨਲ ਸਕੱਤਰ ਛਿੰਦਰ ਸਿੰਘ, ਸਰਪ੍ਰਸਤ ਚਮਕੌਰ ਸਿੰਘ ਐਡਵੋਕੇਟ ਦਲਜੀਤ ਸਿੰਘ ਅਤੇ ਹਰਭਜਨ ਸਿੰਘ ਸੋਨੀ ਮੈਬਰ ਨੇ ਵੀ ਕੋਚ ਨੂੰ ਮੁਬਾਰਕਵਾਦ ਦਿੱਤੀ। ਚੰਡੀਗੜ੍ਹ ਤੋਂ ਕਰਨਲ ਜਗਤਾਰ ਸਿੰਘ ਮੁਲਤਾਨੀ ਅਤੇ ਬਰਗੇਡੀਅਰ ਜੀ ਜੈ ਸਿੰਘ, ਰਾਮਪੁਰਾ ਫੂਲ ਤੋਂ ਸੀ ਨਵੀਨ ਤਾਇਲ, ਪਹਿਲਵਾਨ ਜਗਦੇਵ ਕੈਨੇਡਾ, ਪਹਿਲਵਾਨ ਬਸੰਤ ਸਿੰਘ ਸੈਦੋਕੇ, ਪਹਿਲਵਾਨ ਰੂਪ ਸੈਦੋਕੇ, ਗੁਰਪ੍ਰੀਤ ਸਿੰਘਾਪੁਰ, ਹਰਚੰਦ ਸਿੰਘ ਵਿਕਰਾਜ ਪੈਲੇਸ ਵਾਲੇ, ਜੈਲਾ ਧੂਰਕੋਟ ਅਮਰੀਕਾ ਅੰਤਰਰਾਸਟਰੀ ਖੇਡ ਪ੍ਰਮੋਟਰ ਡਾ. ਨਵਦੀਪ ਸਿੰਘ ਨੰਗਲ, ਡਾ. ਮਨਪ੍ਰੀਤ ਸਿੰਘ ਅਪੋਲੋ ਨੇ ਸਮੂਹ ਪਹਿਲਵਾਨਾ ਨੂੰ ਮੌਜੂਦਾ ਪ੍ਰਾਪਤੀਆ ਤੋਂ ਹੀ ਸੰਤੁਸ਼ਟ ਨਾ ਹੋ ਜਾਣ ਦੀ ਅਤੇ ਭਵਿੱਖ 'ਚ ਪੰਜਾਬ ਅਤੇ ਦੇਸ਼ ਪੱਧਰੀ ਮੁਕਾਬਲਿਆ 'ਚ ਵੀ ਪੰਜਾਬ ਦਾ ਨਾਂਅ ਰੌਸ਼ਨ ਕਰਨ ਲਈ ਜੀ ਜਾਨ ਨਾਲ ਮਿਹਨਤ ਕਰਨ ਦੀ ਸਲਾਹ ਦਿੱਤੀ। ਇਲਾਕੇ ਦੇ ਐਮ ਐਲ ਏ ਮਨਜੀਤ ਸਿੰਘ ਬਿਲਾਸਪੁਰ ਨੇ ਬੱਚਿਆ ਨੂੰ ਵਿਸ਼ੇਸ਼ ਤੌਰ 'ਤੇ ਮੁਬਾਰਕਵਾਦ ਦਿੱਤੀ।

# ਆਪ-ਭਾਜਪਾ ਦੀ 'ਬੀ' ਟੀਮ : ਜਗਦੀਸ਼ ਰਾਏ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ)**-ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਬਲਾਕ ਮਾਛੀਵਾੜਾ ਤੇ ਸਮਰਾਲਾ ਦੇ ਸਕੱਤਰ ਜਗਦੀਸ਼ ਰਾਏ ਬੌਬੀ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜਿਹੜੇ ਵਿਰੋਧੀ ਦਲ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਅਤੇ ਭਾਜਪਾ ਨੂੰ ਖੁੱਲ੍ਹੀ ਬਹਿਸ ਦਾ ਸੱਦਾ ਦਿੱਤਾ, ਜਿਸ 'ਚ ਭਗਵੰਤ ਮਾਨ ਨੇ ਕਿਹਾ ਕਿਵੇਂ ਪੰਜਾਬ ਨੂੰ ਲੁੱਟਿਆ ਅਤੇ ਭਾਈ ਭਤੀਜਾ ਸਾਲਾ ਜੀਜਾ ਮਿੱਤਰ ਮਿਲਾਜੇ ਟੋਲ ਪਲਾਜੇ ਜਵਾਨੀ ਕਿਸਾਨਾਂ ਕਾਰੋਬਾਰੀਆਂ ਦੁਕਾਨਦਾਰਾਂ ਅਤੇ ਨਹਿਰਾਂ ਦੇ ਪਾਣੀਆਂ ਬਾਰੇ ਆਓ ਲਾਈਵ ਵਿਚਾਰ ਚਰਚਾ ਕਰੀਏ। ਜਗਦੀਸ਼ ਰਾਏ ਬੌਬੀ ਨੇ ਕਿਹਾ ਕਿ ਪਰ ਭਗਵੰਤ ਮਾਨ ਇਹ ਵੀ ਜੋੜ ਲੈਂਦੇ ਜਿਹੜੀ ਪਾਰਟੀ ਨੇ 14 ਲੱਖ ਗਰੀਬ ਪਰਵਾਰਾਂ ਦੇ ਰਾਸ਼ਨ ਕਾਰਡ ਕੱਟੇ ਅਤੇ ਲਾਭਪਾਤਰੀ ਕਾਰਡ ਦੀ ਮੁਨਿਆਦ ਤਿੰਨ ਸਾਲ ਨਿਊ ਦੀ ਬਜਾਏ ਇੱਕ ਸਾਲ ਕਰਨ ਬਾਰੇ ਤੇ ਨਾਲ ਹੀ ਪੰਜਾਬ ਦੀਆਂ ਇਸਤਰੀਆਂ ਨਾਲ 1000- 1000 ਰੁਪਏ ਦਾ ਝੂਠਾ ਵਾਅਦਾ ਕਰਕੇ ਹਲੇ ਤੱਕ ਨਹੀਂ ਪਾਏ ਇਸ ਗੱਲ ਦੀ ਵੀ ਗੌਰ ਕਰ ਲੈਂਦੇ। ਰਾਘਵ ਚੱਡੇ ਨੂੰ ਪੰਜਾਬ ਦਾ ਚੇਅਰਮੈਨ ਲਾ ਕੇ ਪੰਜਾਬ ਦੇ ਲੋਕਾਂ ਨਾਲ ਬਹੁਤ ਵੱਡਾ ਧੋਖਾ ਕੀਤਾ ਅਤੇ 8 ਘੰਟੇ ਤੋਂ ਵਧਾ ਕੇ 12 ਘੰਟੇ ਕੰਮ ਕਰਨ ਦਾ ਇਹ ਵੀ ਇੱਕ ਮਿਹਨਤਕਸ ਲੋਕਾਂ ਦੀ ਪਿੱਠ 'ਤੇ ਛੁਰਾ ਮਾਰਿਆ। ਕਾਮਰੇਡ ਬੌਬੀ ਨੇ ਕਿਹਾ ਕਿ ਪੰਜਾਬ ਦੇ ਲੋਕ ਚੰਗੀ ਤਰ੍ਹਾਂ ਜਾਣ ਚੁੱਕੇ ਹਨ ਕਿ ਬਾਕੀ ਪਾਰਟੀਆਂ ਨਾਲੋਂ ਤੁਹਾਡੇ 'ਚ ਵੀ ਕੋਈ ਅੰਤਰ ਨਹੀਂ ਹੈ ਪੰਜਾਬ ਦੇ ਵੋਟਰ ਤੁਹਾਡੀ ਨਲਾਇਕੀ ਕਰਕੇ ਆਪਣੀ ਆਪਣੀ ਪਾਰਟੀ 'ਚ ਜਾਣ ਲਈ ਤਿਆਰ ਬੈਠੇ ਹਨ। ਜਗਦੀਸ਼ ਰਾਏ ਬੌਬੀ ਨੇ ਕਿਹਾ ਕਿ ਭਾਜਪਾ ਤੇ ਆਪ ਦਾ ਇੱਕੋ ਹੀ ਏਜੰਡਾ ਹੈ ਕਿ ਸੱਚ ਬੋਲਣ 'ਤੇ ਲਿਖਣ ਵਾਲਿਆਂ ਨੂੰ ਖਤਮ ਕਰ ਦਿੱਤਾ ਜਾਵੇ। ਉਹਨਾਂ ਕਿਹਾ ਕਿ ਅਸੀਂ ਤਾਂ ਸ਼ੁਰੂ ਤੋਂ ਹੀ ਕਹਿੰਦੇ ਆ ਰਹੇ ਹਾਂ ਕਿ ਆਪ-ਭਾਜਪਾ ਦੀ ਬੀ ਟੀਮ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਦੇ ਮਾਨ ਸਰਕਾਰ ਬਾਰੇ ਸਾਰੇ ਭਰਮ ਭੁਲੇਖੇ ਦੂਰ ਹੋ ਗਏ ਹਨ।

# ਸ਼੍ਰੋਮਣੀ ਅਕਾਲੀ ਦਲ ਅੱਜ ਵੀ ਚੜ੍ਹਦੀ ਕਲਾ 'ਚ : ਸੁਖਬੀਰ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਸਿਆਸੀ ਮਾਮਲਿਆਂ ਨਾਲ ਸੰਬੰਧਤ ਹਲਕਾ ਧਰਮਕੋਟ ਦੇ ਸਰਕਲ ਪ੍ਰਧਾਨ ਗੁਰਮੇਲ ਸਿੰਘ ਸਿੱਧੂ ਦੇ ਨਿਵਾਸ ਸਥਾਨ 'ਤੇ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਹਲਕਾ ਇੰਚਾਰਜ ਬਰਜਿੰਦਰ ਸਿੰਘ ਬਰਾੜ ਦੀ ਅਗਵਾਈ ਹੇਠ ਧਰਮਕੋਟ ਪਹੁੰਚੇ। ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਸਿਆਸੀ ਮਾਮਲਿਆਂ ਨਾਲ ਸੰਬੰਧਤ ਪੀ ਏ ਸੀ ਕਮੇਟੀ ਦੀ ਮੀਟਿੰਗ ਕਰਕੇ ਵਰਕਰਾਂ ਦੀਆਂ ਅਕਾਲੀ ਦਲ ਮਜ਼ਬੂਤੀ ਲਈ ਵਰਕਰਾਂ ਨੂੰ ਨੇੜਿਓਂ ਹੋ ਕੇ ਵੇਖਿਆ ਤੇ ਖੁੱਲ ਕੇ ਵਿਚਾਰ ਵਟਾਂਦਰਾਂ ਕਰਦਿਆਂ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਜੁਝਾਰੂ ਵਰਕਰਾਂ ਕਰਕੇ ਅਕਾਲੀ ਦਲ ਅੱਜ ਵੀ ਚੜ੍ਹਦੀ ਕਲਾ 'ਚ ਹੈ ਬੇਸ਼ੱਕ ਪੰਜਾਬ ਦੇ ਲੋਕਾਂ ਨੇ ਹਵਾ ਦੇ ਰੁਖਦੇ ਨਾਲ ਪੰਜਾਬ ਦੀ ਸੱਤਾ 'ਤੇ ਆਮ ਆਦਮੀ ਪਾਰਟੀ ਦੀ ਸਰਕਾਰ ਬਿਰਾਜਮਾਨ ਕਰ ਦਿੱਤਾ ਹੈ, ਪਰ ਅੱਜ ਪੰਜਾਬ ਦੇ ਲੋਕ ਪਛਤਾ ਰਹੇ ਹਨ। ਪੰਜਾਬ ਦੇ ਲੋਕ ਹੁਣ ਅਜਿਹੀ ਗਲਤੀ ਨੂੰ ਮੁੜ ਦੁਹਰਾਉਣਾ ਨਹੀਂ ਚਾਹੁੰਦੇ ਸਿਰਫ ਤੁਸੀਂ ਲੋਕਾਂ ਤੱਕ ਪਹੁੰਚ ਕਰਕੇ ਅਕਾਲੀ ਦਲ ਦੀਆਂ ਪ੍ਰਾਪਤੀਆਂ ਦਾ ਜਿਕਰ ਕਰਨਾ ਹੈ। ਉਹਨਾਂ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਦੇ ਕੋਲ 10 ਵਰ੍ਹਿਆਂ ਦੇ ਕਾਰਜਕਾਲ ਦਾ ਵਿਕਾਸ ਦਾ ਬਹੁਤ ਵੱਡਾ ਮੁੱਦਾ ਹੈ ਇਸ ਨੂੰ ਲੋਕਾਂ ਸਾਹਮਣੇ ਰੱਖਿਆ ਜਾਵੇ ਜਦੋਂ ਕਿ ਆਮ ਆਦਮੀ ਪਾਰਟੀ ਨੇ ਸਿਵਾਏ ਘਪਲਿਆਂ ਦੇ ਲੋਕਾਂ ਨੂੰ ਕੁਝ ਨਹੀਂ ਦਿੱਤਾ। ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਝੂਟੇ ਦੇਣ ਦੇ ਲਈ ਜਿਹੜਾ ਜਹਾਜ਼ ਖਰੀਦਿਆਂ ਉਸ ਨਾਲ ਪੰਜਾਬ ਦੇ ਖਜਾਨੇ 'ਤੇ ਕਰੋੜਾਂ ਰੁਪਏ ਦਾ ਬੋਝ ਪਿਆ ਹੈ। ਇਸ ਤੋਂ ਪਹਿਲਾਂ ਸੁਖਬੀਰ ਬਾਦਲ ਨੇ ਫਤਿਹਗੜ੍ਹ ਪੰਜਤੂਰ ਵਿਖੇ ਵੀ ਵਰਕਰਾਂ ਨੂੰ ਸੰਬੋਧਨ ਕੀਤਾ।

# ਮਸੀਹ ਭਾਈਚਾਰੇ 'ਤੇ ਹਮਲੇ ਬਰਦਾਸ਼ਤ ਨਹੀਂ ਕੀਤੇ ਜਾਣਗੇ : ਗੌਰਵ

**ਫਰੀਦਕੋਟ/ਬਟਾਲਾ (ਐਲਿਗਜੈਂਡਰ ਡਿਸੂਜ਼ਾ)**-ਬੀਤੇ ਦਿਨੀ ਬਟਾਲਾ ਦੇ ਨਜਦੀਕ ਪਿੰਡ ਧੁੱਪਸੜੀ ਵਿਖੇ ਆਪਣੇ ਘਰ 'ਚ ਹੀ ਚਰਚ ਲਗਾ ਰਹੇ ਮਸੀਹ ਲੋਕਾਂ ਤੇ ਅਖੜ ਗੁੰਡਿਆ ਵੱਲੋਂ ਬੇਰਹਿਮੀ ਨਾਲ ਹਮਲਾ ਕੀਤਾ ਗਿਆ। ਜਿਸ ਦੀ ਗਲੋਬਲ ਕ੍ਰਿਸਚੀਅਨ ਐਕਸ਼ਨ ਕਮੇਟੀ ਦੀ ਪੂਰੀ ਟੀਮ ਅਤੇ ਪ੍ਰਧਾਨ ਜਤਿੰਦਰ ਮਸੀਹ ਗੌਰਵ ਦੀ ਅਗਵਾਹੀ 'ਚ ਐਸ ਐਸ ਪੀ ਬਟਾਲਾ ਅਤੇ ਹੋਰਨਾਂ ਉਚ ਅਧਿਕਾਰੀਆਂ ਨੂੰ ਮਿਲਕੇ ਇਸ ਘਟਨਾ ਤੋਂ ਜਾਣੂ ਕਰਵਾਇਆ। ਦੱਸਣਯੋਗ ਹੈ ਕਿ ਪਿੰਡ 'ਚ ਆਪਣੇ ਘਰ 'ਚ ਹੀ ਚਰਚ ਲਗਾ ਰਹੇ ਮਸੀਹ ਲੋਕਾਂ 'ਤੇ ਉਸ ਵੇਲੇ ਅਚਾਨਕ ਅਫ਼ਰਾ ਤਫ਼ਰੀ ਮੱਚ ਗਈ ਜਦੋਂ ਅਖੜ ਗੁੰਡੇ ਜਿੰਮੀਦਾਰਾਂ ਵੱਲੋਂ ਮਸੀਹ ਭੈਣਾਂ 'ਤੇ ਹਮਲਾ ਕਰ ਦਿੱਤਾ। ਪ੍ਰਸਾਸ਼ਨ ਵੱਲੋਂ ਕੀਤੀ ਗਈ ਢਿੱਲੀ ਕਾਰਵਾਹੀ 'ਤੇ ਵੀ ਨਾਰਾਜਗੀ ਜਾਹਿਰ ਕੀਤੀ ਗਈ ਅਤੇ ਪ੍ਰਸ਼ਾਸ਼ਨ ਕੋਲੋਂ ਮੁਲਜ਼ਮਾਂ ਖਿਲਾਫ ਹੋਰ ਸਖਤ ਧਾਰਾਵਾਂ 'ਚ ਵਾਧਾ ਕਰਨ ਦੀ ਮੰਗ ਕੀਤੀ ਗਈ ਅਤੇ ਮੁਲਜ਼ਮਾਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕਰਨ ਲਈ ਵੀ ਪ੍ਰਸ਼ਾਸ਼ਨ ਨੂੰ ਕਿਹਾ ਗਿਆ। ਪ੍ਰਸ਼ਾਸ਼ਨ ਦੁਆਰਾ ਗਲੋਬਲ ਕ੍ਰਿਸਚੀਅਨ ਐਕਸ਼ਨ ਕਮੇਟੀ ਨੂੰ ਵਿਸ਼ਵਾਸ਼ ਦਿਵਾਇਆ ਗਿਆ ਕਿ ਜੁਰਮ ਧਾਰਾਵਾਂ ਵਿੱਚ ਵਾਧਾ ਕੀਤਾ ਜਾਵੇਗਾ ਅਤੇ ਮੁਲਜ਼ਮ ਜਲਦ ਗ੍ਰਿਫਤ ਵਿੱਚ ਹੋਣਗੇ। ਇਸ ਮੌਕੇ ਜਤਿੰਦਰ ਮਸੀਹ ਗੌਰਵ ਨੇ ਕਿਹਾ ਕੇ ਮਸੀਹ ਭਾਈਚਾਰੇ 'ਤੇ ਹਮਲੇ ਹਰਗਿਜ ਬਰਦਾਸ਼ਤ ਨਹੀਂ ਕੀਤੇ ਜਾਣਗੇ। ਹਰ ਧੱਕੇ ਦਾ ਸਾਹਮਣਾ ਮਸੀਹ ਭਾਈਚਾਰਾ ਪੂਰੇ ਜੋਰ ਨਾਲ ਕਰੇਗਾ। ਉਹਨਾਂ ਕਿਹਾ ਕਿ ਅਸੀਂ ਕਾਨੂੰਨ 'ਚ ਰਹਿ ਕੇ ਆਪਣੇ ਲੋਕਾਂ ਦੀ ਹਿਫਾਜ਼ਤ ਕਰਾਂਗੇ।



# ਸਰਕਾਰ ਜਗਰਾਉਂ ਨੂੰ ਪੂਰਨ ਜ਼ਿਲ੍ਹਾ ਐਲਾਨੇ : ਬੀ ਕੇ ਯੂ ਡਕੌਂਦਾ



**ਜਗਰਾਉਂ (ਨਛੱਤਰ ਸੰਧੂ)**

ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੀ ਜ਼ਿਲ੍ਹਾ ਪੱਧਰੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਮਾਸਟਰ ਮਹਿੰਦਰ ਸਿੰਘ ਕਮਾਲਪੁਰਾ ਦੀ ਅਗਵਾਈ ਹੇਠ ਸਰਕਾਰ ਵੱਲੋਂ ਰਾਏਕੋਟ ਸਬ ਡਵੀਜ਼ਨ ਨੂੰ ਜ਼ਿਲ੍ਹਾ ਮਲੇਰਕੋਟਲਾ ਨਾਲ ਜੋੜਨ ਸੰਬੰਧੀ ਜਾਰੀ ਹੋਈ ਚਿੱਠੀ ਸੰਬੰਧੀ ਕੀਤੀ ਗਈ। ਜਿਸ ਦੌਰਾਨ ਜ਼ਿਲ੍ਹਾ ਪ੍ਰਧਾਨ ਕਮਾਲਪੁਰਾ ਤੋਂ ਇਲਾਵਾ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਰਾਜਵੀਰ ਸਿੰਘ ਘੁਡਾਣੀ, ਸੀਨੀ. ਮੀਤ ਪ੍ਰਧਾਨ ਜਗਰੂਪ ਸਿੰਘ ਹਸਨਪੁਰ, ਮੀਤ ਪ੍ਰਧਾਨ ਮਨਜਿੰਦਰ ਸਿੰਘ ਮੋਰਕਰੀਮਾ,ਜਨ. ਸਕੱਤਰ ਬਚਿੱਤਰ ਸਿੰਘ ਜਨੇਤਪੁਰਾ, ਜ਼ਿਲ੍ਹਾ ਪ੍ਰੈੱਸ ਸਕੱਤਰ ਹਰਬਖਸ਼ੀਸ਼ ਸਿੰਘ ਰਾਏ ਚੱਕ ਕਾ ਅਤੇ ਜ਼ਿਲ੍ਹਾ ਵਿੱਤ ਸਕੱਤਰ ਸਤਿਬੀਰ ਸਿੰਘ ਬੋਪਾਰਾਏ ਖੁਰਦ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਗਰਾਉਂ ਪੁਲਸ ਜ਼ਿਲ੍ਹਾ ਪੁਰਾਣੇ ਸਮੇਂ ਤੋਂ ਚੱਲਿਆ ਆ ਰਿਹਾ ਹੈ, ਕੋਰਟ ਦੇ ਨਾਲ ਨਾਲ ਇੱਥੇ ਵਧੀਕ ਡਿਪਟੀ ਕਮਿਸ਼ਨਰ ਦੀ ਨਿਯੁਕਤੀ ਵੀ ਹੈ। ਜਿਸ ਕਾਰਨ ਜਗਰਾਉਂ ਜ਼ਿਲ੍ਹਾ ਬਣਨ ਵਾਲੀਆ ਸਾਰੀਆਂ ਸ਼ਰਤਾਂ ਵੀ ਪੂਰੀਆਂ ਕਰਦਾ ਹੈ। ਜਿਸ ਨਾਲ ਸਬ ਡਵੀਜ਼ਨ ਰਾਏਕੋਟ, ਸਿੱਧਵਾਂ ਬੇਟ, ਮੁੱਲਾਂਪੁਰ ਦਾਖਾ, ਹਠੂਰ ਲੱਗਦੀਆਂ ਹਨ ਅਤੇ ਇਹਨਾਂ ਤਹਿਸੀਲਾਂ ਦੇ ਲੋਕ ਵੀ ਬੜੀ ਦੇਰ ਤੋਂ ਜਗਰਾਉ ਜ਼ਿਲ੍ਹੇ ਦੀ ਮੰਗ ਕਰਦੇ ਰਹੇ ਹਨ ਜਦਕਿ ਸਰਕਾਰ ਜਾਣਬੁੱਝ ਕੇ ਲੋਕਾਂ ਨੂੰ ਗੁੰਮਰਾਹ ਕਰਕੇ ਜਗਰਾਉ ਜ਼ਿਲ੍ਹਾ ਬਣਾਉਣ ਦੀ ਆਨਾਕਾਨੀ ਕਰਨ ਲਈ ਸਬ ਡਵੀਜ਼ਨ ਰਾਏਕੋਟ ਨੂੰ ਜ਼ਿਲ੍ਹਾ ਮਲੇਰਕੋਟਲੇ ਨਾਲ ਜੋੜਨ ਅਤੇ ਜਗਰਾਉ ਨੂੰ ਜ਼ਿਲ੍ਹਾ ਮੋਗਾ ਨਾਲ ਜੋੜਨ ਦੀਆਂ ਕੋਝੀਆਂ ਚਾਲਾਂ ਚੱਲ ਰਹੀ ਹੈ। ਉਹਨਾਂ ਕਿਹਾ ਕਿ ਜੇਕਰ ਜਗਰਾਉ ਪੁਲਸ ਜ਼ਿਲ੍ਹੇ ਨਾਲ ਸੰਬੰਧਤ ਪਿੰਡਾਂ ਨੂੰ ਹੋਰਨਾਂ ਜ਼ਿਲ੍ਹਿਆਂ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਤਾਂ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਸਖ਼ਤ ਵਿਰੋਧ ਕਰੇਗੀ। ਮੀਟਿੰਗ ਵਿੱਚ ਅਮਨਦੀਪ ਸਿੰਘ ਲਲਤੋਂ, ਹਰਜੀਤ ਸਿੰਘ ਜਨੇਤਪੁਰਾ, ਹਰਚੰਦ ਸਿੰਘ ਢੋਲਣ, ਗਗਨਦੀਪ ਸਿੰਘ ਪਮਾਲੀ, ਕੁਲਵਿੰਦਰ ਸਿੰਘ ਟਿੱਬਾ, ਡਾ. ਜਗਤਾਰ ਸਿੰਘ ਐਤੀਆਣਾ, ਜੰਗੀਰ ਸਿੰਘ ਲੀਹਾਂ, ਗੁਰਸੇਵਕ ਸਿੰਘ ਦਾਖਾ, ਗਗਨਦੀਪ ਸਿੰਘ ਘੁਡਾਣੀ, ਜਗਤਾਰ ਸਿੰਘ ਸਿਆੜ, ਸੁਖਦੇਵ ਸਿੰਘ ਲੋਹਲ, ਸਾਧੂ ਸਿੰਘ ਚੱਕ ਭਾਈ, ਕਾ. ਬਲਜਿੰਦਰ ਸਿੰਘ ਜੌਹਲਾਂ, ਬਲਕਾਰ ਸਿੰਘ ਬੋਪਾਰਾਏ ਖੁਰਦ, ਗੁਰਵਿੰਦਰ ਸਿੰਘ ਪੱਖੋਵਾਲ, ਅਮਰਜੀਤ ਸਿੰਘ ਲੀਲ (ਸਾਰੇ ਬਲਾਕ ਪ੍ਰਧਾਨ), ਮਾ. ਭੁਪਿੰਦਰ ਸਿੰਘ ਬੋਪਾਰਾਏ ਖੁਰਦ, ਯੂਥ ਆਗੂ ਇਕਬਾਲ ਸਿੰਘ ਕਾਲਾ ਹੇਰਾਂ, ਕਰਮਜੀਤ ਸਿੰਘ ਪਮਾਲੀ, ਪ੍ਰਦੀਪ ਸਿੰਘ ਸੁਖਾਣਾ, ਜਸਬਿੰਦਰ ਸਿੰਘ ਕਿਸ਼ਨਗੜ੍ਹ ਛੰਨਾ, ਜਥੇ. ਸੁਖਦੇਵ ਸਿੰਘ ਦੇਹੜਕਾ, ਸੁਖਚੈਨ ਸਿੰਘ ਧੂਰਕੋਟ ਤੇ ਹੋਰ ਹਾਜ਼ਰ ਸਨ।

# ਮੋਦੀ 'ਚ ਪਾਕਿਸਤਾਨ ਦੇ ਸਾਬਕਾ ਫੌਜ ਮੁਖੀ ਯਹੀਆ ਖਾਨ ਦੀ ਰੂਹ ਹੋਈ ਪ੍ਰਵੇਸ : ਡੋਡ

**ਜੈਤੋ (ਸਤੀਸ਼ ਕੁਮਾਰ ਭੀਗੀ)**-ਆਮ ਆਦਮੀ ਪਾਰਟੀ ਦੇ



ਸੀਨੀਅਰ ਆਗੂ ਅਤੇ ਰਾਜ ਸਭਾ ਮੈਂਬਰ ਸੰਜੈ ਸਿੰਘ ਦੀ ਗ੍ਰਿਫਤਾਰੀ ਨੂੰ ਲੈ ਕੇ ਪਾਰਟੀ ਦੇ ਸੀਨੀਅਰ ਆਗੂ ਸੱਤ ਪਾਲ ਡੋਡ ਨੇ ਰੋਸ ਜਤਾਉਂਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਵਿਰੋਧੀਆਂ ਨੂੰ ਦਬਾਉਣ ਲਈ ਕੇਂਦਰੀ ਜਾਂਚ ਏਜੰਸੀਆਂ ਦੀ ਦੁਰਵਰਤੋਂ ਕਰਕੇ ਝੂਠੇ ਮੁੱਕਦਮੇ ਦਰਜ ਕੀਤੇ ਜਾ ਰਹੇ ਹਨ ਜਿਸ ਤੋਂ ਇਹ ਗੱਲ ਪਤਾ ਲੱਗਦੀ ਹੈ ਕਿ ਮੋਦੀ 'ਚ ਪਾਕਿਸਤਾਨੀ ਤਾਨਾਸ਼ਾਹ ਯਹੀਆ ਖਾਨ ਦੀ ਰੂਹ ਪ੍ਰਵੇਸ ਕਰ ਗਈ ਹੈ ਕਿਉਂਕਿ ਯਹੀਆ ਖਾਨ ਵੱਲੋਂ ਵੀ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਜੁਲਫ ਅਲੀ ਕਾਰ ਭੁੱਟੋ ਨੂੰ ਫਰਜੀ ਦੋਸ਼ ਹੇਠ ਜੇਲ੍ਹ ਅੰਦਰ ਤੁੰਨ ਦਿੱਤਾ ਸੀ। ਸੱਤ ਪਾਲ ਡੋਡ ਨੇ ਅੱਗੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਵਿਰੋਧੀਆਂ ਨੂੰ ਈ ਡੀ ਅਤੇ ਸੀ ਬੀ ਆਈ ਰਾਹੀਂ ਤੰਗ ਪ੍ਰੇਸ਼ਾਨ ਕਰਦੇ ਹੋਏ ਪਹਿਲਾਂ ਸ਼ਿਵਸੈਨਾ ਦੇ ਸੰਜੇ ਰਾਊਤ ਕਾਂਗਰਸ ਦੇ ਪੀ ਚਿਦੰਬਰਮ ਆਪ ਦੇ ਹਰਮਨਪਿਆਰੇ ਅਤੇ ਗਰੀਬਾਂ ਦੇ ਹਿੱਤਾਂ ਲਈ ਦਿਨ ਰਾਤ ਇੱਕ ਕਰਨ ਵਾਲੇ ਮਨੀਸ਼ ਸਿਸੋਦੀਆ, ਸੰਜੇ ਜੈਨ ਤੇ ਹੁਣ ਸੰਜੇ ਸਿੰਘ ਨੂੰ ਜੇਲ੍ਹੀਂ ਡੱਕ ਦਿੱਤਾ। ਡੋਡ ਨੇ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ 'ਚ ਆਪਣੀ ਹਾਰ ਨੂੰ ਜਿੱਤ 'ਚ ਬਦਲਣ ਲਈ ਭਾਰਤੀ ਜਨਤਾ ਪਾਰਟੀ ਵੱਲੋਂ ਹਰ ਤਰ੍ਹਾਂ ਦੇ ਹੱਥਕੰਡੇ ਅਪਨਾਏ ਜਾ ਰਹੇ ਹਨ। ਸੱਤ ਪਾਲ ਡੋਡ ਨੇ ਕਿਹਾ ਕਿ ਮੋਦੀ ਸਰਕਾਰ ਦੀਆਂ ਸਾਜ਼ਿਸ਼ਾਂ ਅਤੇ ਤਾਨਾਸ਼ਾਹੀ ਨੂੰ ਲੈ ਕੇ ਹਿੰਦੁਸਤਾਨ ਦੇ ਲੋਕਾਂ ਅੰਦਰ ਭਾਰੀ ਰੋਸ ਹੈ ਜਿਸਦਾ ਕਿ ਲੋਕਾਂ ਵੱਲੋਂ ਆਉਣ ਵਾਲੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਸਰਕਾਰ ਨੂੰ ਸਬਕ ਸਿਖਾਉਂਦੇ ਹੋਏ ਸੱਤਾ ਤੋਂ ਲਾਂਭੇ ਕਰਕੇ ਬਦਲਾ ਲਿਆ ਜਾਵੇਗਾ।

# ਸੈਂਟਰ ਖੁਸ਼ਹਾਲ ਸਿੰਘ ਵਾਲਾ ਦੀਆਂ ਪ੍ਰਾਇਮਰੀ ਸਕੂਲ ਖੇਡਾਂ 'ਚ ਕਾਮਲਵਾਲਾ ਦੀ ਰਹੀ ਝੰਡੀ



ਸੈਂਟਰ ਖੁਸ਼ਹਾਲ ਸਿੰਘ ਵਾਲਾ ਦੀਆਂ ਪ੍ਰਾਇਮਰੀ ਸਕੂਲ ਖੇਡਾਂ ਵਿਚ ਕਾਮਲ ਵਾਲਾ ਸਕੂਲ ਦੇ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਜੇਤੂ ਵਿਦਿਆਰਥੀ ਸਕੂਲ ਸਟਾਫ ਨਾਲ।

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪ੍ਰਾਇਮਰੀ ਸਕੂਲ ਖੇਡਾਂ ਫਿਰੋਜ਼ਪੁਰ ਦੇ ਹਰ ਸੈਂਟਰ ਵੱਲੋਂ ਕਰਵਾਈਆਂ ਜਾ ਰਹੀਆਂ ਹਨ। ਇਨ੍ਹਾਂ ਖੇਡਾਂ ਦੇ ਮੱਦੇਨਜ਼ਰ ਸੈਂਟਰ ਖੁਸ਼ਹਾਲ ਸਿੰਘ ਵਾਲਾ ਵੀ ਪ੍ਰਾਇਮਰੀ ਸਕੂਲ ਖੇਡਾਂ ਕਰਵਾਈਆਂ ਗਈਆਂ। ਸੈਂਟਰ ਦੇ ਹਰ ਇਕ ਸਕੂਲ ਵੱਲੋਂ ਇਨ੍ਹਾਂ ਖੇਡਾਂ ਵਿਚ ਭਾਗ ਲਿਆ ਗਿਆ। ਇਨ੍ਹਾਂ ਖੇਡਾਂ ਦਾ ਆਰੰਭ ਪਰਮਿੰਦਰਜੀਤ ਕੌਰ (ਸੀ ਐੱਚ ਟੀ) ਖੁਸ਼ਹਾਲ ਸਿੰਘ ਵਾਲਾ ਵੱਲੋਂ ਹੀ ਸੁਚੱਜੇ ਢੰਗ ਨਾਲ ਕੀਤਾ ਗਿਆ। ਇਨ੍ਹਾਂ ਪ੍ਰਾਇਮਰੀ ਖੇਡ ਮੁਕਾਬਲਿਆਂ ਵਿਚ ਵੱਖ ਵੱਖ ਖੇਡਾਂ ਕਰਵਾਈਆਂ ਗਈਆਂ। ਜਿਵੇਂ 100 ਮੀਟਰ, 200 ਮੀਟਰ, 400 ਮੀਟਰ, 600 ਮੀਟਰ ਦੌੜਾਂ, 25 ਕਿਲੋਗ੍ਰਾਮ, 28 ਕਿਲੋਗ੍ਰਾਮ, 30 ਕਿਲੋਗ੍ਰਾਮ, 32 ਕਿਲੋਗ੍ਰਾਮ ਕੁਸ਼ਤੀ, ਖੋ ਖੋ, ਕਬੱਡੀ, ਤੈਰਾਕੀ, ਬੈਡਮਿੰਟਨ, ਯੋਗਾ ਆਦਿ ਖੇਡਾਂ ਕਰਵਾਈਆਂ ਗਈਆਂ। ਇਨ੍ਹਾਂ ਖੇਡਾਂ ਵਿਚ ਸਰਕਾਰੀ ਪ੍ਰਾਇਮਰੀ ਸਕੂਲ ਕਾਮਲ ਵਾਲਾ ਬਲਾਕ ਫਿਰੋਜ਼ਪੁਰ-2 ਦੇ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। 600 ਮੀਟਰ ਲੜਕੇ ਵਿਚ ਅੰਸ਼ਦੀਪ ਸਿੰਘ ਨੇ ਗੋਲਡ ਮੈਡਲ, 600 ਮੀਟਰ ਲੜਕੀਆਂ ਵਿਚ ਨੂਰ ਨੇ ਸਿਲਵਰ ਮੈਡਲ, ਲੰਬੀ ਛਾਲ ਵਿਚ ਲੜਕੀਆਂ ਵਿਚੋਂ ਰਮਨਦੀਪ ਕੌਰ ਨੇ ਗੋਲਡ ਮੈਡਲ, 28 ਕਿਲੋਗ੍ਰਾਮ ਕੁਸ਼ਤੀ ਵਿਚੋਂ ਗੌਰਵ ਨੇ ਸਿਲਵਰ ਮੈਡਲ, 30 ਕਿਲੋਗ੍ਰਾਮ ਕੁਸਤੀ ਮੁਕਾਬਲੇ ਵਿਚ ਗੋਲਡ ਮੈਡਲ ਅੰਸ਼ਦੀਪ ਸਿੰਘ ਤੇ ਸਿਲਵਰ ਮੈਡਲ ਮਨਵੀਰ ਸਿੰਘ ਨੇ ਪ੍ਰਾਪਤ ਕੀਤਾ। ਯੋਗਾ ਦੇ ਮੁਕਾਬਲਿਆਂ ਵਿਚ ਵੀ ਸਰਕਾਰੀ ਪ੍ਰਾਇਮਰੀ ਸਕੂਲ ਕਾਮਲ ਵਾਲਾ ਦੇ ਵਿਦਿਆਰਥੀਆਂ ਨੇ ਪਹਿਲਾ ਸਥਾਨ, ਤੈਰਾਕੀ ਦੇ ਮੁਕਾਬਲੇ ਵਿਚ ਪਹਿਲਾ ਸਥਾਨ, ਖੋ ਖੋ ਲੜਕੀਆਂ ਵਿਚ ਪਹਿਲਾ ਸਥਾਨ, ਖੋ ਖੋ ਲੜਕਿਆਂ ਵਿਚ ਪਹਿਲਾ ਸਥਾਨ ਸਰਕਾਰੀ ਪ੍ਰਾਇਮਰੀ ਸਕੂਲ ਕਾਮਲ ਵਾਲਾ ਦੇ ਵਿਦਿਆਰਥੀਆਂ ਨੇ ਪ੍ਰਾਪਤ ਕੀਤਾ। ਓਵਰਆਲ ਟਰਾਫੀ ਸਰਕਾਰੀ ਪ੍ਰਾਇਮਰੀ ਸਕੂਲ ਕਾਮਲ ਵਾਲਾ ਨੇ ਪ੍ਰਾਪਤ ਕੀਤੀ। ਸੈਂਟਰ ਪੱਧਰੀ ਖੇਡ ਮੁਕਾਬਲਿਆਂ ਵਿਚ ਸ਼ਾਨਦਾਰ ਪ੍ਰਦਰਸ਼ਨ ਲਈ ਸਕੂਲ ਦਾ ਸਮੁੱਚਾ ਸਟਾਫ ਵਧਾਈ ਦਾ ਪਾਤਰ ਹੈ। ਸ਼ਵਿੰਦਰ ਕੁਮਾਰ (ਐੱਚਟੀ), ਤਰਸੇਮ ਸਿੰਘ, ਅਮਰੀਕ ਸਿੰਘ, ਇੰਦਰਜੀਤ ਕੌਰ, ਮਨਦੀਪ ਕੌਰ, ਮਾਲੋ ਰਾਣੀ, ਬਲਜੀਤ ਕੌਰ ਦੇ ਨਾਂਅ ਸ਼ਾਮਲ ਹਨ। ਇਨ੍ਹਾਂ ਅਧਿਆਪਕਾਂ ਦੀ ਮਿਹਨਤ ਤੇ ਆਪਸੀ ਸਹਿਯੋਗ ਸਦਕਾ ਸਰਕਾਰੀ ਪ੍ਰਾਇਮਰੀ ਸਕੂਲ ਕਾਮਲ ਵਾਲਾ ਬਲਾਕ ਫਿਰੋਜ਼ਪੁਰ-2 ਸੈਂਟਰ ਪੱਧਰੀ ਖੇਡਾਂ ਵਿਚ ਮੋਹਰੀ ਸਕੂਲ ਰਿਹਾ।

# 'ਨਿਊਜ਼ ਕਲਿੱਕ' ਖਿਲਾਫ ਕੀਤੀ ਕਾਰਵਾਈ ਦੇ ਵਿਰੋਧ 'ਚ ਰੋਸ ਪ੍ਰਦਰਸ਼ਨ




**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**

ਦਿੱਲੀ ਪੁਲਸ ਦੇ ਵਿਸ਼ੇਸ਼ ਸੈਲ ਵੱਲੋਂ ਆਨਲਾਈਨ ਨਿਊਜ਼ 'ਨਿਊਜ਼ ਕਲਿੱਕ' ਦੇ ਦਫ਼ਤਰ ਨੂੰ ਸੀਲ ਕਰਨ, ਇਸ ਨਾਲ ਸਬੰਧਤ ਪੱਤਰਕਾਰਾਂ ਦੇ ਟਿਕਾਣਿਆਂ ਉੱਪਰ ਛਾਪੇ ਮਾਰਨ, ਉਹਨਾਂ ਨੂੰ ਪੁਲੀਸ ਹਿਰਾਸਤ 'ਚ ਲੈ ਕੇ ਪੁੱਛਗਿੱਛ ਕਰਨ ਅਤੇ ਐਸ.ਵਾਈ.ਐਲ. ਦੇ ਮੁੱਦੇ 'ਤੇ ਸੁਪਰੀਮ ਕੋਰਟ ਵੱਲੋਂ ਪੰਜਾਬ ਦੇ ਖ਼ੇਤਰ ਵਿੱਚ ਨਹਿਰ ਦੀ ਉਸਾਰੀ ਲਈ ਸਰਵੇ ਕਰਨ ਦੇ ਦਿੱਤੇ ਹੁਕਮਾਂ ਦੇ ਵਿਰੋਧ 'ਚ ਸਥਾਨਕ ਰੇਲਵੇ ਸਟੇਸ਼ਨ ਤੋਂ ਡੀਸੀ ਦਫਤਰ ਤੱਕ ਰੋਸ ਪ੍ਰਦਰਸ਼ਨ ਕਰਕੇ ਰੋਸ਼ ਰੈਲੀ ਕੀਤੀ ਗਈ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਅਤੇ ਜ਼ਿਲ੍ਹਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ, ਯੂਥ ਵਿੰਗ ਦੇ ਸੂਬਾ ਕਨਵੀਨਰ ਭੁਪਿੰਦਰ ਸਿੰਘ ਲੌਂਗੋਵਾਲ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜੋਨਲ ਖਜ਼ਾਨਚੀ ਬਿੱਕਰ ਸਿੰਘ ਹਥੋਆ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਆਗੂ ਸੁਖਦੀਪ ਸਿੰਘ ਹਥਨ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਜਿਲ੍ਹਾ ਪ੍ਰਧਾਨ ਸੁਖਵਿੰਦਰ ਗਿਰ ਨੇ ਕਿਹਾ ਕਿ ਇਹ ਛਾਪੇਮਾਰੀ ਸਰਕਾਰ ਦੀਆਂ ਨੀਤੀਆਂ ਨਾਲੋਂ ਵਖਰੇਵਾਂ ਰੱਖਣ, ਅਲੋਚਨਾ ਕਰਨ ਅਤੇ ਵਿਰੋਧੀ ਆਵਾਜ਼ ਨੂੰ ਦਬਾਉਣ ਲਈ ਪੱਤਰਕਾਰਾਂ, ਲੇਖਕਾਂ, ਜਮਹੂਰੀ ਹੱਕਾਂ ਦੇ ਰਾਖੇ ਕਾਰਕੁਨਾਂ ਅਤੇ ਸਿਆਸੀ ਵਿਰੋਧੀਆਂ ਨੂੰ ਦਬਾਉਣ, ਧਮਕਾਉਣ ਦੇ ਫਾਸ਼ੀਵਾਦੀ ਹਮਲਿਆਂ ਦੇ ਜਾਰੀ ਰੱਖਣ ਦਾ ਹੀ ਹਿੱਸਾ ਹੈ। ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਦੁਨੀਆ ਭਰ ਵਿੱਚ ਸਰਕਾਰ ਦੀ ਅਲੋਚਨਾ ਹੋ ਰਹੀ ਹੈ। ਸਭ ਤੋਂ ਵੱਡੀ ਜਮਹੂਰੀਅਤ ਦੀ ਦਾਅਵੇਦਾਰ ਸਰਕਾਰ ਦੀ ਲਗਾਤਾਰ ਨਿਖੇਧੀ ਦੇ ਬਾਵਜੂਦ ਭਾਜਪਾ-ਆਰ.ਐਸ.ਐਸ. ਦੀ ਅਗਵਾਈ ਵਾਲੀ ਮੋਦੀ ਸਰਕਾਰ ਫਾਸ਼ੀਵਾਦੀ ਹਮਲੇ ਜਾਰੀ ਰੱਖ ਰਹੀ ਹੈ।

ਦੂਸਰੇ ਪਾਸੇ ਸੁਪਰੀਮ ਕੋਰਟ ਦੇ ਐਸ ਵਾਈ ਐਲ ਨਹਿਰ ਦੀ ਪੰਜਾਬ ਖੇਤਰ 'ਚ ਆਉਂਦੇ ਹਿੱਸੇ ਦੀ ਨਿਸ਼ਾਨਦੇਹੀ ਕਰਾਉਣ ਦੇ ਆਦੇਸ਼ ਪੰਜਾਬ ਦੇ ਹਿੱਤਾਂ ਖਿਲਾਫ਼ ਹਨ। ਇਸ ਨਹਿਰ ਦਾ ਸਰਵੇ ਕਰਨ ਆਉਣ ਵਾਲੀਆਂ ਟੀਮਾਂ ਦਾ ਘਿਰਾਓ ਕੀਤਾ ਜਾਵੇਗਾ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਮੀਤ ਪ੍ਰਧਾਨ ਮਿਹਰ ਸਿੰਘ ਈਸਾਪੁਰ ਲੰਡਾ, ਜ਼ਿਲ੍ਹਾ ਖਜ਼ਾਨਚੀ ਕੁਲਦੀਪ ਸਿੰਘ,ਬਲਾਕ ਲੌਂਗੋਵਾਲ ਦੇ ਪ੍ਰਧਾਨ ਕਰਮਜੀਤ ਸਿੰਘ ਸਤੀਪੁਰਾ, ਬਲਾਕ ਸੰਗਰੂਰ ਦੇ ਪ੍ਰਧਾਨ ਸੁਖਦੇਵ ਸਿੰਘ ਉਭਾਵਾਲ,ਜਿਲਾ ਆਗੂ ਚਮਕੌਰ ਸਿੰਘ ਹਥਨ, ਜੁਝਾਰ ਸਿੰਘ ਬਡਰੁੱਖਾਂ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਗੁਰਚਰਨ ਸਿੰਘ ਘਰਾਚੋਂ, ਸੁਖਵਿੰਦਰ ਸਿੰਘ ਬਟੜਿਆਣਾ, ਬੀਰੂ ਸਿੰਘ ਭੰਮਬੱਦੀ ਨੇ ਵੀ ਸੰਬੋਧਨ ਕੀਤਾ।

## ਮਾਤਾ ਸਾਹਿਬ ਕੌਰ ਸੀਨੀਅਰ ਸੈਕੰਡਰੀ ਸਕੂਲ ਦੇ ਖਿਡਾਰੀਆਂ ਨੇ ਜਿੱਤੇ 60 ਤਮਗੇ



**ਗੁਰੂਹਰਸਹਾਏ (ਮਨਦੀਪ ਸਿੰਘ ਸੋਢੀ)**-ਖੇਡਾਂ ਵਤਨ ਪੰਜਾਬ ਦੀਆਂ 2023 ਸੀਜਨ-2 'ਚ ਮਾਤਾ ਸਾਹਿਬ ਕੌਰ ਸੀਨੀ. ਸੈਕੰ. ਪਬਲਿਕ ਸਕੂਲ, ਗੁਰੂ ਹਰ ਸਹਾਏ ਦੇ ਕਿੱਕ ਬਾਕਸਿੰਗ, ਵੁਸ਼ੂ, ਗੱਤਕਾ, ਖੇਡ 'ਚ 80 ਖਿਡਾਰੀਆਂ ਨੇ ਭਾਗ ਲਿਆ। ਇਹ ਟੂਰਨਾਮੈਂਟ ਜ਼ਿਲ੍ਹਾ ਪੱਧਰ 'ਤੇ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ, ਫਿਰੋਜ਼ਪੁਰ ਵਿਖੇ ਕਰਵਾਇਆ ਗਿਆ। ਜਿਸ 'ਚ ਮਾਤਾ ਸਾਹਿਬ ਕੌਰ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਗੁਰੂਹਰਸਹਾਏ ਦੇ ਵਿਦਿਆਰਥੀ ਜੋਬਨ, ਰਣਦੀਪ, ਰੋਬਿਨ, ਜੋਬਿਨ, ਐਸ਼ਮੀਤ, ਸ਼ੁੱਭਗੁਨ, ਰਾਜਨ, ਦਿਲਪ੍ਰੀਤ, ਅਮਨਦੀਪ, ਐਸ਼ਮੀਤ, ਅਭੀਜੋਤ, ਵੰਸ਼, ਅਰਮਾਨ, ਨੈਵਿਤ, ਗੁਰਭੇਜ, ਲਵਪ੍ਰੀਤ, ਗੁਰਕੀਰਤ, ਕਪਿਲ, ਏਕਮਪ੍ਰੀਤ, ਰਣਬੀਰ, ਮਨਿੰਦਰ, ਵਰਿੰਦਰ, ਲਵਪ੍ਰੀਤ, ਜਸਕੀਰਤ, ਨਵੀਨ, ਮਨਿੰਦਰ, ਯੁਵਰਾਜ, ਅਭਿਜੋਤ, ਏਕਮਪ੍ਰੀਤ, ਪ੍ਰਆਸ਼ੂ, ਅਰਮਾਨ, ਨਵੀਨ, ਰਨਭੀਰ, ਜਸਕੀਰਤ, ਪ੍ਰਗਟ ਨੇ 60 ਮੈਡਲ ਹਾਸਿਲ ਕੀਤੇ, ਜਿਨ੍ਹਾਂ ਵਿੱਚ 18 ਮੈਡਲ ਸੋਨੇ ਦੇ, ਚਾਦੀ ਦੇ 22 ਮੈਡਲ ਅਤੇ ਕਾਂਸੀ ਦੇ 20 ਮੈਡਲ ਸ਼ਾਮਿਲ ਹਨ। ਖਿਡਾਰੀਆਂ ਦੀ ਇਸ ਉਪਲਬਧੀ ਤੇ ਮਾਤਾ ਸਾਹਿਬ ਕੌਰ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਗੁਰੂਹਰਸਹਾਏ ਦੇ ਪ੍ਰਿੰਸੀਪਲ ਡਾ. ਪੰਕਜ ਧਮੀਜਾ, ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਮਹੀਪਾਲ ਸਿੰਘ, ਕਮਲਪਾਲ ਸਿੰਘ, ਗੁਰਿੰਦਰ ਸਿੰਘ, ਕਰਨਦੀਪ ਸਿੰਘ, ਸਕੂਲ ਕੋਚ ਸਵਰਨ ਸਿੰਘ ਅਤੇ ਸਮੂਹ ਸਕੂਲ ਸਟਾਫ ਵੱਲੋਂ ਜੇਤੂ ਵਿਦਿਆਰਥੀਆਂ ਦਾ ਸਕੂਲ 'ਚ ਹਾਰਦਿਕ ਸਵਾਗਤ ਕੀਤਾ ਅਤੇ ਉਹਨਾਂ ਨੂੰ ਸਟੇਟ ਪੱਧਰ 'ਤੇ ਖੇਡਣ ਤੇ ਚੰਗਾ ਪ੍ਰਦਰਸ਼ਨ ਕਰਨ ਦੀਆਂ ਸ਼ੁੱਭ ਕਾਮਨਾਵਾਂ ਦਿੱਤੀਆਂ।

## ਨੌਜਵਾਨਾਂ ਨੂੰ ਰੁਜ਼ਗਾਰ ਦੇਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ : ਸ਼ੌਕਤ ਅਹਿਮਦ

**ਸੰਗਤ ਮੰਡੀ (ਰਾਜਦੀਪ ਜੋਸ਼ੀ)**-ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਤਹਿਤ 11 ਅਕਤੂਬਰ ਨੂੰ ਜ਼ਿਲ੍ਹਾ ਰੋਜਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਵੱਖ-ਵੱਖ ਕੰਪਨੀਆਂ ਦੇ ਸਹਿਯੋਗ ਨਾਲ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਡੀ ਬੀ ਈ ਈ ਸ਼ੌਕਤ ਅਹਿਮਦ ਪਰੇ ਨੇ ਸਾਂਝੀ ਕੀਤੀ। ਇਸ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਸ਼੍ਰੀਮਤੀ ਪਰਮਿੰਦਰ ਕੌਰ ਨੇ ਦੱਸਿਆ ਕਿ ਏ. ਵੀ ਸੀ ਮਹਿੰਦਰਾ ਮੋਟਰਜ ਬਠਿੰਡਾ ਵੱਲੋਂ ਸੇਲਜ਼ ਕੰਨਸਲਟੈਂਟ, ਡਿਜ਼ੀਟਲ ਮੈਨੇਜਰ ਅਤੇ ਪੇਂਟਰ ਦੀਆਂ ਅਸਾਮੀਆਂ ਲਈ ਚੋਣ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸੇਲਜ਼ ਕੰਨਸਲਟੈਂਟ ਲਈ ਯੋਗਤਾ 12ਵੀਂ ਪਾਸ, ਡਿਜੀਟਲ ਮੈਨੇਜਰ ਲਈ ਯੋਗਤਾ ਡਿਪਲੋਮਾ ਇੰਨ ਡਿਜੀਟਲ ਮਾਰਕੀਟਿੰਗ ਨਾਲ ਇਕ ਸਾਲ ਦਾ ਤਜਰਬਾ ਤੇ ਪੇਂਟਰ ਲਈ ਯੋਗਤਾ ਆਟੋਮੋਬਾਇਲ ਇੰਡਸਟਰੀ ਵਿੱਚ ਇਕ ਸਾਲ ਦਾ ਪੇਂਟਰ ਦਾ ਤਜਰਬਾ ਹੋਣਾ ਜ਼ਰੂਰੀ ਹੈ।

ਇਨ੍ਹਾਂ ਅਸਾਮੀਆਂ ਲਈ ਉਮਰ ਹੱਦ 20 ਤੋਂ 35 ਸਾਲ ਅਤੇ ਤਨਖਾਹ 10 ਹਜ਼ਾਰ ਰੁਪਏ ਤੋਂ 25 ਹਜ਼ਾਰ ਰੁਪਏ ਤੱਕ ਪ੍ਰਤੀ ਮਹੀਨਾ ਹੋਵੇਗੀ। ਇਸ ਤੋਂ ਇਲਾਵਾ ਨਾਨਮੀ ਕਲਾਥਿੰਗ ਬਠਿੰਡਾ ਵਲੋਂ ਸੇਲਜ਼ਮੈਨ ਤੇ ਕੈਸ਼ੀਅਰ ਦੀਆਂ ਅਸਾਮੀਆਂ ਲਈ ਵੀ ਸਿਲੈਕਸ਼ਨ ਕੀਤੀ ਜਾਣੀ ਹੈ। ਸੇਲਜ਼ਮੈਨ ਲਈ ਯੋਗਤਾ ਬਾਰਵੀਂ ਨਾਲ ਛੇ ਮਹੀਨੇ ਦਾ ਕਲਾਥਿੰਗ ਦਾ ਤਜਰਬਾ ਅਤੇ ਕੈਸ਼ੀਅਰ ਲਈ ਬਾਰ੍ਹਵੀਂ ਨਾਲ ਬਿਜ਼ੀ/ਟੈਲੀ ਵਿੱਚ ਬੀਲਿੰਗ ਦਾ ਤਜਰਬਾ ਹੋਣਾ ਜਰੂਰੀ ਹੈ। ਬਲਤੇਜ ਸਿੰਘ ਨੇ ਦੱਸਿਆ ਕਿ ਪਲੇਸਮੈਂਟ ਕੈਂਪ ਵਿੱਚ ਭਾਗ ਲੈਣ ਦੇ ਚਾਹਵਾਨ ਪ੍ਰਾਰਥੀ ਆਪਣੇ ਨਾਲ ਬਾਈਓਡਾਟਾ, ਯੋਗਤਾ ਦੇ ਸਰਟੀਫਿਕੇਟ, ਅਧਾਰ ਕਾਰਡ ਆਦਿ ਲੈ ਕੇ 11 ਅਕਤੂਬਰ ਸਵੇਰੇ 9.30 ਵਜੇ ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ, ਸਾਹਮਣੇ ਚਿਲਡਰਨ ਪਾਰਕ ਸਿਵਲ ਲਾਈਨ ਬਠਿੰਡਾ ਵਿਖੇ ਪਹੁੰਚ ਸਕਦੇ ਹਨ।

## ਨੌਜਵਾਨ ਸਮਾਜ ਸੇਵਾ ਐਂਡ ਵੈੱਲਫੇਅਰ ਸੁਸਾਇਟੀ ਵੱਲੋਂ ਗਰੀਬ ਲੜਕੀਆਂ ਦੇ ਵਿਆਹ ਕਰਾਉਣਾ ਸ਼ਲਾਘਾਯੋਗ ਕਦਮ : ਕਬੀਰ ਦਾਸ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਨੌਜਵਾਨ ਸਮਾਜ ਸੇਵਾ ਐਂਡ ਵੈਲਫੇਅਰ ਸੁਸਾਇਟੀ ਵੱਲੋਂ ਪਿੰਡ ਕੁਲਾਰਾਂ ਵਿਖੇ ਗਰੀਬ ਲੜਕੀਆਂ ਦੇ ਵਿਆਹ ਕੀਤੇ ਗਏ ਜਿਸ ਵਿੱਚ ਅਸ਼ੀਰਵਾਦ ਦੇਣ ਲਈ ਸ੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਦੇ ਹਲਕਾ ਇੰਚਾਰਜ ਸ਼ਤਰਾਣਾ ਕਬੀਰ ਦਾਸ ਵਲੋਂ ਪਹੁੰਚ ਕੇ ਨਵ ਵਿਆਹੇ ਜੋੜਿਆਂ ਨੂੰ ਅਸ਼ੀਰਵਾਦ ਦਿੱਤਾ ਗਿਆ। ਇਸ ਮੌਕੇ ਉਨ੍ਹਾਂ ਆਖਿਆ ਕਿ ਨੌਜਵਾਨ ਸਮਾਜ ਸੇਵੀ ਐਂਡ ਵੈਲਫੇਅਰ ਸੁਸਾਇਟੀ ਪਿੰਡ ਕੁਲਾਰਾਂ ਦਾ ਇਹ ਬਹੁਤ ਵਧੀਆ ਉਪਰਾਲਾ ਹੈ ਜੋ ਗਰੀਬ ਕੁੜੀਆਂ ਦੇ ਵਿਆਹ ਕਰ ਰਹੀ ਹੈ। ਉਹਨਾਂ ਕਿਹਾ ਕਿ ਇਹੋ ਜਿਹੇ ਕਾਰਜਾਂ ਵਿੱਚ ਪਾਰਟੀਬਾਜ਼ੀ ਛੱਡ ਕੇ ਸਾਰੇ ਲੋਕਾਂ ਨੂੰ ਸਮਾਜ ਸੇਵੀ ਸੰਸਥਾਵਾਂ ਦਾ ਸਾਥ ਦੇਣਾ ਚਾਹੀਦਾ ਹੈ। ਇਸ ਮੌਕੇ ਉਹਨਾਂ ਦੇ ਨਾਲ ਗਿਆਨ ਸਿੰਘ ਕੁਲਾਰ,ਜਰਨੈਲ ਸਿੰਘ ਕੁਲਾਰ, ਭਰਪੂਰ ਸਿੰਘ ਸਾਬਕਾ ਡਾਇਰੈਕਟਰ, ਰਣਧੀਰ ਸਿੰਘ ਸਰਕਲ ਪ੍ਰਧਾਨ ਕੁਲਾਰਾਂ, ਪ੍ਰਧਾਨ ਰਣਜੀਤ ਸਿੰਘ ਕੁਲਾਰ, ਸਾਬਕਾ ਪ੍ਰਧਾਨ ਕੋ. ਸੋਸਾਇਟੀ ਜਸਵਿੰਦਰ ਸਿੰਘ ਕੁਲਾਰ, ਮਨਿੰਦਰ ਸਿੰਘ ਸਾਹਿਜਪੁਰਾ, ਅਵਤਾਰ ਸਿੰਘ ਦੋਦੜਾ, ਪ੍ਰਿਥੀ ਸਿੰਘ ਦੋਦੜਾ, ਗੁਰਦਾਸ ਸਿੰਘ, ਕਾਕਾ ਸਿੰਘ, ਰਾਜ ਸਿੰਘ ਮੈਂਬਰ ਆਦਿ ਹਾਜ਼ਰ ਸਨ।

## ਗੱਲਾ ਮਜ਼ਦੂਰ ਯੂਨੀਅਨ ਦੀ ਹੜਤਾਲ 'ਚ ਰਾਜਿੰਦਰ ਦੀਪਾ ਨੇ ਕੀਤੀ ਸ਼ਿਰਕਤ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਗੱਲਾ ਮਜ਼ਦੂਰ ਯੂਨੀਅਨ ਨਾਲ ਮਜ਼ਦੂਰੀ 'ਚ ਕੀਤੇ 25% ਵਾਧੇ ਤੋਂ ਪਿੱਛੇ ਹਟਣ ਤੋਂ ਬਾਅਦ ਪੰਜਾਬ ਭਰ ਦੇ ਗੱਲਾ ਮਜ਼ਦੂਰ ਯੂਨੀਅਨ ਵੱਲੋਂ ਮੰਡੀਆਂ 'ਚ ਹੜਤਾਲ ਕੀਤੀ ਗਈ ਹੈ। ਸੁਨਾਮ ਵਿਖੇ ਗੱਲਾ ਮਜ਼ਦੂਰਾਂ ਵੱਲੋਂ ਮੰਡੀ ਵਿੱਚ ਲਗਾਏ ਧਰਨੇ ਵਿੱਚ ਸੀਨੀਅਰ ਅਕਾਲੀ ਆਗੂ ਰਾਜਿੰਦਰ ਦੀਪਾ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਗਵਾਈ ਤੇ ਭਰੋਸਾ ਦਿਵਾਇਆ ਕਿ ਸ਼੍ਰੋਮਣੀ ਅਕਾਲੀ ਦਲ ਉਹਨਾਂ ਦੀ ਲੜਾਈ ਮੋਹਰੀ ਹੋ ਕੇ ਲੜੇਗਾ। ਜ਼ਿਕਰਯੋਗ ਹੈ ਕਿ 2011 'ਚ ਪ੍ਰਕਾਸ਼ ਸਿੰਘ ਬਾਦਲ ਵੱਲੋਂ ਇਹਨਾਂ ਦੀ ਮਜ਼ਦੂਰੀ ਵਿੱਚ 25% ਦਾ ਵਾਧਾ ਕੀਤਾ ਗਿਆ ਸੀ ਤੇ ਉਸ ਤੋਂ ਬਾਅਦ ਵੀ ਹਰ ਸਾਲ ਵਾਧਾ ਕੀਤਾ ਜਾਂਦਾ ਰਿਹਾ ਹੈ। ਦੀਪਾ ਨੇ ਕਿਹਾ ਕਿ ਜੇਕਰ ਮੁੱਖ ਮੰਤਰੀ ਨੇ ਜਲਦੀ ਇਹਨਾਂ ਦੀ ਮੰਗ ਨਾ ਮੰਨੀ ਅਤੇ ਹੜਤਾਲ ਜਾਰੀ ਰਹੀ ਤਾਂ ਆਉਣ ਵਾਲੇ ਸਮੇਂ ਵਿੱਚ ਝੋਨੇ ਦੀ ਢੋਆ-ਢੁਆਈ ਵਿੱਚ ਮੁਸ਼ਕਲ ਹੋਣ ਕਾਰਨ ਕਿਸਾਨਾਂ ਦੀ ਵੀ ਖੱਜਲ ਖੁਆਰੀ ਹੋ ਸਕਦੀ ਹੈ।

# ਪਰਾਲੀ ਸਾੜਨ 'ਤੇ ਫੱਗੂ ਦੇ ਕਿਸਾਨ ਨੂੰ 2500 ਰੁਪਏ ਜੁਰਮਾਨਾ


ਫੱਗੂ ਦੇ ਕਿਸਾਨ ਦੇ ਖੇਤ 'ਚ ਖੜੇ ਐਸ ਡੀ ਐਮ ਕਾਲਾਂਵਾਲੀ।

**ਕਾਲਾਂਵਾਲੀ (ਸੁਰਿੰਦਰ ਪਾਲ ਸਿੰਘ)**-ਕਾਲਾਂਵਾਲੀ ਦੇ ਐਸ ਡੀ ਐਮ ਸੁਰੇਸ਼ ਰਵੀਸ਼ ਨੇ ਦੱਸਿਆ ਕਿ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ 'ਤੇ ਪ੍ਰਸ਼ਾਸਨ ਵੱਲੋਂ ਪਰਾਲੀ ਸਾੜਨ ਵਾਲੇ ਕਿਸਾਨਾਂ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ, ਜਿਸ ਦੇ ਚਲਦਿਆਂ ਉਨ੍ਹਾਂ ਪਿੰਡ ਫੱਗੂ ਦੇ ਕਿਸਾਨ ਨੂੰ ਝੋਨੇ ਦੀ ਪਰਾਲੀ ਸਾੜਨ ਦੇ ਦੋਸ਼ ਵਿੱਚ 2500 ਰੁਪਏ ਜੁਰਮਾਨਾ ਕੀਤਾ ਹੈ।ਐਸ ਡੀ ਐਮ ਨੇ ਦੱਸਿਆ ਕਿ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ 'ਤੇ ਪ੍ਰਸ਼ਾਸਨ ਵੱਲੋਂ ਪਰਾਲੀ ਸਾੜਨ ਵਾਲੇ ਕਿਸਾਨਾਂ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ, ਜਿਸ ਦੇ ਚਲਦਿਆਂ ਪਿੰਡ ਫੱਗੂ ਦੇ ਇਕ ਕਿਸਾਨ ਨੇ ਝੋਨੇ ਦੀ ਪਰਾਲੀ ਨੂੰ ਅੱਗ ਲਗਾ ਦਿੱਤੀ, ਜਿਸ ਲਈ ਉਸਨੂੰ ਜੁਰਮਾਨਾ ਕੀਤਾ ਗਿਆ।ਉਨ੍ਹਾਂ ਕਿਹਾ ਕਿ ਜਿਲ੍ਹਾ ਪ੍ਰਸ਼ਾਸਨ ਵੱਲੋਂ ਪਰਾਲੀ ਸਾੜਨ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਨਾਲ ਨਾਲ ਲੋਕਾਂ ਨੂੰ ਇਸ ਸੰਬੰਧੀ ਜਾਗਰੂਕ ਵੀ ਕੀਤਾ ਜਾ ਰਿਹਾ ਹੈ, ਪਰ ਇਸਦੇ ਬਾਵਜੂਦ ਕਿਸਾਨ ਪਰਾਲੀ ਨੂੰ ਅੱਗ ਲਗਾ ਰਹੇ ਹਨ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪਰਾਲੀ ਨੂੰ ਖੇਤਾਂ ਵਿੱਚ ਨਾਂ ਸਾੜਨ। ਕਿਸਾਨ ਪਰਾਲੀ ਨੂੰ ਖੇਤਾਂ ਵਿੱਚ ਹੀ ਨਸ਼ਟ ਕਰਨ ਜਾਂ ਇਸ ਦੀਆਂ ਗੰਢਾਂ ਬਣਾਉਣ।

## ਸਲਾਈਟ ਮੁਲਾਜ਼ਮ ਜਥੇਬੰਦੀ ਦੇ ਜਨਰਲ ਸਕੱਤਰ ਜਗਦੀਸ਼ ਚੰਦ ਨੂੰ ਸਦਮਾ, ਮਾਤਾ ਦਾ ਦਿਹਾਂਤ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**

ਮੁਲਾਜ਼ਮ ਜਥੇਬੰਦੀ ਸਲਾਈਟ ਇੰਪਲਾਈਜ਼ ਵੈਲਫੇਅਰ ਐਸੋਸੀਏਸ਼ਨ ਲੌਂਗੋਵਾਲ ਦੇ ਜਨਰਲ ਸਕੱਤਰ ਜਗਦੀਸ਼ ਚੰਦ ਨੂੰ ਉਸ ਵੇਲੇ ਸਦਮਾ ਲੱਗਾ ਜਦੋਂ ਉਹਨਾਂ ਦੇ ਸਤਿਕਾਰਤ ਮਾਤਾ ਪਾਰਵਤੀ ਸ਼ਰਮਾ ਸਦਾ ਲਈ ਵਿਛੋੜਾ ਦੇ ਗਏ।



ਜਥੇਬੰਦੀ ਦੇ ਪ੍ਰਧਾਨ ਜੁਝਾਰ ਲੌਂਗੋਵਾਲ, ਮੀਤ ਪ੍ਰਧਾਨ ਨਵਦੀਪ ਕੁਮਾਰ, ਜੁਆਇੰਟ ਸਕੱਤਰ ਸੱਤਪਾਲ ਸਿੰਘ, ਖਜਾਨਚੀ ਰਾਮ ਕਰਨ, ਗੁਰਜੀਤ ਸਿੰਘ, ਲਕਸ਼ਮੀ ਨਾਰਾਇਣ ਸਿੰਘ, ਸੁਲੱਖਣ ਸਿੰਘ, ਤਿਲਕ ਰਾਜ ਗੁਲੇਰੀਆ ਅਤੇ ਵਿਪਨ ਕੁਮਾਰ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਮਾਤਾ ਜੀ ਦੀ ਘਾਲਣਾ, ਸਿਰੜ ਅਤੇ ਸਖਤ ਮਿਹਨਤ ਨੂੰ ਸਿਜਦਾ ਕਰਦਿਆਂ ਇਸਨੂੰ ਪਰਵਾਰ ਲਈ ਕਦੇ ਪੂਰਾ ਨਾ ਹੋਣ ਵਾਲਾ ਘਾਟਾ ਦੱਸਿਆ।

ਭਰਾਤਰੀ ਜਥੇਬੰਦੀਆਂ ਦੇ ਆਗੂਆਂ ਬਲਵੀਰ ਲੌਂਗੋਵਾਲ, ਅਮਰੀਕ ਗਿੱਲ, ਸੁਖਦੇਵ ਸੈਣੀ, ਕਮਲਜੀਤ ਵਿੱਕੀ, ਕਿਸਾਨ ਆਗੂ ਜਸਵਿੰਦਰ ਸੋਮਾ, ਕੁਲਵਿੰਦਰ ਸੋਨੀ, ਲਖਵੀਰ ਲੌਂਗੋਵਾਲ, ਪ੍ਰਿਥੀ ਸਿੰਘ ਆਦਿ ਆਗੂਆਂ ਨੇ ਵੀ ਮੁਲਾਜ਼ਮ ਆਗੂ ਨਾਲ ਦੁੱਖ ਵੰਡਾਉਂਦਿਆਂ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਇਮਾਨਦਾਰ ਤੇ ਕੰਮ ਕਰਾਉਣ ਵਾਲੇ ਉਮੀਦਵਾਰ ਨੂੰ ਹੀ ਲੋਕ ਆਪਣਾ ਵੋਟ ਪਾਉਣ : ਮਾਹਲਾ

**ਬਾਘਾ ਪੁਰਾਣਾ (ਮਨੀ ਸਿੰਗਲਾ)**

ਸਥਾਨਕ ਸ਼ਹਿਰ ਦੀ ਕਾਲੇਕੇ ਸੜਕ ਉੱਪਰ ਸਥਿਤ ਬੈਂਕ ਵਾਲੀ ਗਲੀ ਵਾਰਡ ਨੰਬਰ 06 ਵਿੱਚ ਨਗਰ ਕੌਂਸਲ ਦੀਆਂ ਚੋਣਾਂ ਦੇ ਮੱਦੇਨਜ਼ਰ ਚੇਅਰਮੈਨ ਅਮਰਜੀਤ ਸਿੰਘ ਮਾਣੂੰਕੇ ਦੇ ਗ੍ਰਹਿ ਵਿਖੇ ਸ਼੍ਰੋਮਣੀ ਅਕਾਲੀ ਦਲ ਦੀ ਅਹਿਮ ਮੀਟਿੰਗ ਹੋਈ, ਇਸ ਮੀਟਿੰਗ ਵਿੱਚ ਵਾਰਡ ਵਿਚਲੇ ਲੋਕਾਂ ਨੇ ਵੱਡੇ ਪੱਧਰ ਦੀ ਸ਼ਮੂਲੀਅਤ ਕੀਤੀ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਜਨਰਲ ਸਕੱਤਰ ਜਥੇਦਾਰ ਤੀਰਥ ਸਿੰਘ ਮਾਹਲਾ, ਸਾਬਕਾ ਪ੍ਰਧਾਨ ਨਗਰ ਕੌਂਸਲ ਬਾਲ ਕ੍ਰਿਸ਼ਨ ਬਾਲੀ ਤੋਂ ਇਲਾਵਾ ਬਲਤੇਜ ਸਿੰਘ ਲੰਗੇਆਣਾ ਸਰਕਲ ਪ੍ਰਧਾਨ, ਸੁਖਜੀਤ ਸਿੰਘ ਮਾਹਲਾ, ਤਰਲੋਚਨ ਸਿੰਘ ਕਾਲੇਕੇ, ਗੁਰਵੀਰ ਸਿੰਘ ਬਰਾੜ ਚੰਨੂੰਵਾਲਾ ਯੂਥ ਆਗੂ ਨੇ ਸ਼ਮੂਲੀਅਤ ਕੀਤੀ। ਇਸ ਦੌਰਾਨ ਸੰਬੋਧਨ ਕਰਦਿਆਂ ਜਥੇਦਾਰ ਤੀਰਥ ਸਿੰਘ ਮਾਹਲਾ ਨੇ ਇਕੱਤਰਤਾ ਨੂੰ ਕਿਹਾ ਕਿ ਨਗਰ ਕੌਂਸਲ ਚੋਣਾਂ ਲਈ ਵਾਰਡ ਨੰਬਰ 6 'ਚੋਂ ਉਮੀਦਵਾਰ ਤੁਹਾਡੀ ਮਰਜੀ ਅਨੁਸਾਰ ਦਿੱਤਾ ਜਾਵੇਗਾ ਤਾਂ ਪਵਨ ਗੋਇਲ ਦਾ ਨਾਂਅ ਸਾਹਮਣੇ ਆਉਣ 'ਤੇ ਸਮੂਹ ਇਕੱਤਰਤਾ ਨੇ ਆਪਣੀ ਸਹਿਮਤੀ ਪ੍ਰਗਟਾਈ, ਉਪਰੰਤ ਜਥੇਦਾਰ ਮਾਹਲਾ ਨੇ ਵਾਰਡ ਨੰਬਰ 6 'ਚੋਂ ਪਵਨ ਗੋਇਲ ਨੂੰ ਉਮੀਦਵਾਰ ਐਲਾਨਿਆ। ਜਥੇਦਾਰ ਤੀਰਥ ਸਿੰਘ ਮਾਹਲਾ ਨੇ ਕਿਹਾ ਕਿ ਨਗਰ ਕੌਂਸਲ ਚੋਣਾਂ ਮੌਕੇ ਤੁਸੀਂ ਇਮਾਨਦਾਰ ਅਤੇ ਕੰਮ ਕਰਾਉਣ ਵਾਲਾ ਉਮੀਦਵਾਰ ਦੇਖ ਕੇ ਹੀ ਵੋਟ ਪਾਉਣੀ ਹੈ, ਕਿਉਂਕਿ ਇਮਾਨਦਾਰ ਵਿਅਕਤੀ ਹੀ ਸਾਫ-ਸੁਥਰੇ ਢੰਗ ਨਾਲ ਕੰਮ ਕਰਵਾ ਸਕਦਾ, ਜੋ ਉਮੀਦਵਾਰ ਹਰੇਕ ਇਨਸਾਨ ਦੇ ਦੁੱਖ-ਸੁੱਖ 'ਚ ਸਹਾਈ ਹੁੰਦਾ ਹੈ, ਉਹ ਕਿਸੇ ਵੀ ਆਮ ਵਿਅਕਤੀ ਦਾ ਕੰਮ ਪਹਿਲ ਦੇ ਅਧਾਰ 'ਤੇ ਕਰਵਾ ਸਕਦਾ ਹੈ, ਇਸ ਮੌਕੇ ਜਥੇਦਾਰ ਮਾਹਲਾ ਨੇ ਹਲਕੇ ਅੰਦਰ ਸੱਤਾਧਾਰੀ ਆਮ ਆਦਮੀ ਪਾਰਟੀ ਵਲੋਂ ਕੀਤੀ ਜਾ ਰਹੀ ਧੱਕੇਸ਼ਾਹੀ ਅਤੇ ਚਾਰ-ਚੁਫੇਰੇ ਫੈਲੇ ਭ੍ਰਿਸ਼ਟਾਚਾਰ ਬਾਰੇ ਖੁੱਲ੍ਹ ਕੇ ਲੋਕਾਂ ਨੂੰ ਚਾਨਣਾ ਪਾਇਆ। ਮੀਟਿੰਗ ਵਿੱਚ ਦਵਿੰਦਰ ਕੁਮਾਰ ਚੀਕਾ, ਪਵਨ ਢੰਡ, ਕੈਨੇਡੀਅਨ ਪਰਮਿੰਦਰ ਸਿੰਘ ਆੜ੍ਹਤੀਆ, ਰਾਕੇਸ਼ ਕੁਮਾਰ ਤੋਤਾ, ਸ਼ੰਨੀ ਬਰਾੜ, ਚਰਨਪ੍ਰੀਤ ਸਿੰਘ, ਕਮਲ ਸ਼ਰਮਾਂ ਮਾਹੀ, ਬਲਕਰਨ ਸਿੰਘ ਮਾਣੂੰਕੇ, ਸਾਬਕਾ ਕੌਂਸਲਰ ਸਤਨਾਮ ਸਿੰਘ, ਤੀਰਥ ਬਾਂਸਲ, ਰਵੀ ਗੁਪਤਾ, ਚੈਰੀ ਭਾਟੀਆ, ਏ.ਐੱਸ. ਬੇਦੀ, ਸੁਰਿੰਦਰ ਬਾਂਸਲ, ਰੋਸ਼ੀ ਅਰੋੜਾ, ਨੀਟਾ ਸੈਨਟਰੀ ਸਟੋਰ ਵਾਲੇ, ਪ੍ਰੇਮ ਗਰਗ, ਸ਼ਿਵਰਾਜ ਰਾਜੂ, ਪਵਨ ਬਾਂਸਲ, ਤਰੁਨ ਗੋਇਲ, ਰਣਜੀਤ ਭੀਤੇ, ਅਮਿਤ ਬਾਂਸਲ, ਰਜਿੰਦਰ ਕੁਮਾਰ ਠੇਕੇਦਾਰ, ਸੁਖਜਿੰਦਰ ਸਿੰਘ ਰਾਜਾ ਠੇਕੇਦਾਰ, ਦੀਪੂ ਗੋਇਲ, ਨਵੀਨ ਗੋਇਲ, ਸ਼ੈਰੂ ਬਰਾੜ, ਰਾਜੂ ਅਰੋੜਾ, ਪਿਆਰੇ ਲਾਲ ਗੋਇਲ, ਸੰਜੀਵ ਸੀਮਿੰਟ ਵਾਲੇ ਆਦਿ ਦਾ ਸ਼ਾਮਲ ਹੋਣ ਤੇ ਚੇਅਰਮੈਨ ਅਮਰਜੀਤ ਸਿੰਘ ਮਾਣੂੰਕੇ ਨੇ ਧੰਨਵਾਦ ਕੀਤਾ।

## 14 ਦੀ ਸਾਂਝੀ ਰੈਲੀ 'ਚ ਪੰਜਾਬ ਪੈਨਸ਼ਨਰਜ਼ ਯੂਨੀਅਨ ਏਟਕ ਸ਼ਮੂਲੀਅਤ ਕਰੇਗੀ : ਚਾਵਲਾ




**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਪੈਨਸ਼ਨਰਜ਼ ਯੂਨੀਅਨ ਜਿਲ੍ਹਾ ਫਰੀਦਕੋਟ ਏਟਕ ਦੀ ਮਹੀਨਾਵਾਰ ਮੀਟਿੰਗ ਸਥਾਨਕ ਸ਼ਹੀਦ ਭਗਤ ਸਿੰਘ ਪਾਰਕ ਸਥਿਤ ਯੂਨੀਅਨ ਦੇ ਦਫਤਰ 'ਚ ਕੁਲਵੰਤ ਸਿੰਘ ਚਾਨੀ ਜਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਜੱਥੇਬੰਦੀ ਦੇ ਸੂਬਾਈ ਆਗੂ ਅਸ਼ੋਕ ਕੌਸਲ ਤੇ ਜਿਲ੍ਹਾ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਪਿਛਲੇ ਡੇਢ ਸਾਲ ਦੇ ਰਾਜ ਦੌਰਾਨ ਮੁਲਾਜ਼ਮ ਅਤੇ ਪੈਨਸ਼ਨਰ ਜੱਥੇਬੰਦੀਆਂ ਦੀਆਂ ਮੰਗਾਂ ਪ੍ਰਵਾਨ ਕਰਨਾ ਤਾਂ ਦੂਰ ਰਿਹਾ, ਉਨ੍ਹਾਂ ਨਾਲ ਮੀਟਿੰਗ ਨਾ ਕਰਨ ਦੀ 'ਸਹੁੰ ਵੀ ਨਹੀਂ ਭੰਨੀ', ਜਿਸ ਕਰਕੇ 'ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ 14 ਅਕਤੂਬਰ ਨੂੰ ਚੰਡੀਗੜ੍ਹ 'ਚ ਸੂਬਾ ਪੱਧਰ ਦੀ ਰੈਲੀ ਕਰਕੇ ਸਰਕਾਰ ਨੂੰ ਜੋਰਦਾਰ ਹਲੂਣਾ ਦਿੱਤਾ ਜਾਵੇਗਾ। ਉਨ੍ਹਾ ਦੱਸਿਆ ਕਿ ਹਰ ਇੱਕ ਛੋਟੇ ਵੱਡੇ ਮੁਲਾਜ਼ਮ ਅਤੇ ਪੈਨਸ਼ਨਰ ਦਾ ਮਹਿੰਗਾਈ ਭੱਤੇ ਅਤੇ ਤਨਖਾਹ/ਪੈਨਸ਼ਨ ਦੁਹਰਾਈ ਦੇ ਬਕਾਏ ਵਜੋਂ ਡੇਢ ਤੋਂ ਦੋ ਲੱਖ ਰੁਪਏ ਸਰਕਾਰ ਵੱਲ ਖੜਾ ਹੈ ਜਿਸ ਉਪਰ ਪੰਜਾਬ ਸਰਕਾਰ 'ਕੁੰਡਲੀ ਮਾਰ ਕੇ ਬੈਠੀ ਹੈ। ਇਸ ਮੌਕੇ ਸੇਵਾ ਮੁਕਤ ਸੁਪਰਡੈਂਟ ਅਸ਼ੋਕ ਚਾਵਲਾ, ਗੁਰਚਰਨ ਸਿੰਘ ਮਾਨ, ਲੈਕਚਰਾਰ ਹਰਦੀਪ ਸਿੰਘ ਫਿੱਡੂ ਭਲਵਾਨ, ਮੇਜਰ ਸਿੰਘ ਡੀ ਪੀ ਈ ਅਤੇ ਲੈਕਚਰਾਰ ਜਗਸੀਰ ਸਿੰਘ ਨੇ ਦੱਸਿਆ ਕਿ ਚੰਡੀਗੜ੍ਹ ਰੈਲੀ 'ਚ ਵਧ ਤੋਂ ਵੱਧ ਸ਼ਮੂਲੀਅਤ ਕੀਤੀ ਜਾਵੇਗੀ। ਮੀਟਿੰਗ 'ਚ 21-22 ਅਕਤੂਬਰ ਨੂੰ ਮੋਗਾ ਵਿਖੇ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਦੀ 35ਵੀਂ ਬਰਸੀ ਨੂੰ ਸਮਰਪਿਤ 'ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਕਨਫੈਡਰੇਸ਼ਨ' ਦੀ ਕੌਮੀ ਕਾਨਫਰੰਸ ਨੂੰ ਤਨ-ਮਨ-ਧਨ ਨਾਲ ਸਫਲ ਬਨਾਉਣ ਦਾ ਸੱਦਾ ਦਿੱਤਾ ਗਿਆ।

# ਸਿਆਸੀ ਪਾਰਟੀਆਂ ਵੱਲੋਂ ਐੱਸ ਵਾਈ ਐੱਲ ਦਾ ਮੁੱਦਾ ਕਿਸਾਨਾਂ ਦੀ ਸਾਂਝ ਨੂੰ ਤੋੜਨ ਦੀ ਸਾਜ਼ਿਸ਼ : ਲੱਖੋਵਾਲ

**ਸਮਰਾਲਾ (ਸੁਰਜੀਤ ਸਿੰਘ)**



ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੀ ਮਹੀਨੇਵਾਰ ਮੀਟਿੰਗ ਅਜਮੇਰ ਸਿੰਘ ਲੱਖੋਵਾਲ ਪ੍ਰਧਾਨ ਪੰਜਾਬ ਦੀ ਪ੍ਰਧਾਨਗੀ ਹੇਠ ਹੋਈ ਜਿਸ 'ਚ ਯੂਨੀਅਨ ਦੇ ਅਹੁਦੇਦਾਰ, ਅਗਜੈਕਟਿਵ ਮੈਂਬਰ ਤੇ ਸਾਰੇ ਜਿਲ੍ਹਾ ਪ੍ਰਧਾਨ ਸ਼ਾਮਲ ਹੋਏ ਮੀਟਿੰਗ ਵਿੱਚ ਕਿਸਾਨੀ ਮੁੱਦਿਆਂ 'ਤੇ ਵਿਚਾਰਾਂ ਕੀਤੀਆਂ ਗਈਆਂ। ਮੀਟਿੰਗ ਦੀ ਜਾਣਕਾਰੀ ਪ੍ਰੈੱਸ ਨੂੰ ਦਿੰਦੇ ਹੋਏ ਅਜਮੇਰ ਸਿੰਘ ਲੱਖੋਵਾਲ ਨੇ ਕਿਹਾ ਕਿ ਕੇਂਦਰ 'ਚ ਲੱਗਭਗ 50 ਸਾਲ ਕਾਂਗਰਸ ਨੇ ਰਾਜ ਕੀਤਾ ਤੇ 15 ਸਾਲ ਭਾਜਪਾ ਸਰਕਾਰ ਬਣੀ ਰਹੀ ਵੋਟਾਂ ਬਟੋਰਨ ਖਾਤਰ ਇਹ ਸਿਆਸੀ ਪਾਰਟੀਆਂ ਚੋਣਾਂ ਸਮੇਂ ਫਾਇਦਾ ਲੈਣ ਲਈ ਵੋਟਾਂ ਤੋਂ ਪਹਿਲਾਂ ਐੱਸ ਵਾਈ ਐੱਲ ਦਾ ਮੁੱਦਾ ਦੇਸ਼ ਦੀਆਂ ਕੋਰਟਾਂ ਰਾਹੀਂ ਉਛਾਲਦੀਆਂ ਹਨ। ਜਿਸ ਨਾਲ ਇਹ ਗੁਆਂਢੀ ਸੂਬਿਆਂ ਤੋਂ ਵੋਟਾਂ ਲੈ ਕੇ ਆਪਣੀ ਸਰਕਾਰ ਬਣਾਉਂਦੀਆਂ ਆ ਰਹੀਆਂ ਹਨ। ਇਹੀ ਨੀਤੀ ਪਹਿਲਾਂ ਕਾਂਗਰਸ ਦੀ ਰਹੀ ਹੈ ਤੇ ਹੁਣ ਭਾਜਪਾ ਇਸ ਨੂੰ ਅਪਣਾ ਰਹੀ ਹੈ। ਭਾਰਤ 'ਚ ਹਿੰਦੂ ਵੋਟਾਂ ਬਟੋਰਨ ਲਈ ਪਹਿਲਾਂ ਕਾਂਗਰਸ ਹੁਣ ਭਾਜਪਾ ਸਿੱਖਾਂ ਬਾਰੇ ਬੇਬੁਨਿਆਦ ਦੋਸ਼ ਲਾ ਕੇ ਸਿੱਖਾਂ ਨੂੰ ਅੱਤਵਾਦੀ,ਖਾਲਿਸਤਾਨੀ ਬਣਾ ਕੇ ਪ੍ਰਚਾਰ ਕਰ ਰਹੇ ਹਨ। ਇਹ ਸਾਰਾ ਵਰਤਾਰਾ ਵੀ ਵੋਟਾਂ ਨੂੰ ਧਿਆਨ 'ਚ ਰੱਖਦੇ ਹੋਏ ਕੀਤਾ ਜਾ ਰਿਹਾ ਹੈ। ਦੇਸ਼ ਵਿੱਚ ਕਿਸਾਨਾਂ ਦੀ ਜੋ ਆਪਸੀ ਭਾਈਚਾਰਕ ਸਾਂਝ ਦਿੱਲੀ ਮੋਰਚੇ ਤੋਂ ਬਾਅਦ ਬਣੀ ਹੈ। ਉਨ੍ਹਾਂ ਵਿੱਚ ਆਪਸੀ ਫੁੱਟ ਪਵਾ ਰਹੀਆਂ ਹਨ ਤਾਂ ਜੋ ਕਿਸਾਨ ਦੁਬਾਰਾ ਇਕੱਠੇ ਹੋ ਕੇ ਆਪਣੇ ਹੱਕ ਨਾ ਲੈ ਸਕਨ ਅਤੇ ਕੋਈ ਵੱਡਾ ਸੰਘਰਸ਼ ਸਰਕਾਰਾਂ ਖਿਲਾਫ਼ ਨਾ ਕਰ ਸਕਣ। ਉਹਨਾਂ ਕਿਹਾ ਕਿ ਦੇਸ਼ ਦੀ ਜਨਤਾ ਨੂੰ ਅਪੀਲ ਹੈ ਇਨ੍ਹਾਂ ਸਿਆਸੀ ਪਾਰਟੀਆਂ ਦੀਆਂ ਚਤੁਰ ਚਾਲਾਂ 'ਚ ਨਾ ਫਸਣ। ਹਰਿੰਦਰ ਸਿੰਘ ਲੱਖੋਵਾਲ ਜਨਰਲ ਸਕੱਤਰ ਪੰਜਾਬ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨਾਲ ਵੋਟਾਂ ਸਮੇਂ ਕੀਤੇ ਵਾਅਦੇ ਪੂਰੇ ਕਰੇ ਤੇ ਹੜ੍ਹਾਂ ਨਾਲ ਜੋ ਪੰਜਾਬ 'ਚ ਹੜ੍ਹਾਂ ਜੋ ਨੁਕਸਾਨ ਹੋਇਆ ਹੈ ਉਸ ਦਾ ਮੁਆਵਜ਼ਾ ਤੁਰੰਤ ਜ਼ਾਰੀ ਕੀਤਾ ਜਾਵੇ।

ਮੀਟਿੰਗ 'ਚ ਰਣਜੀਤ ਸਿੰਘ ਰੁਟੈਂਡਾ, ਸੂਰਤ ਸਿੰਘ ਕਾਦਰਵਾਲਾ, ਮੁਖਤਿਆਰ ਸਿੰਘ ਦੀਨਾ, ਕਿਰਨਪਾਲ ਸਿੰਘ ਸੋਢੀ ਸਾਰੇ ਅਹੁਦੇਦਾਰ ਪੰਜਾਬ ਗੁਰਪ੍ਰੀਤ ਸਿੰਘ ਸਾਹਾਬਾਣਾ, ਦਾਰਾ ਸਿੰਘ, ਅਮਰੀਕ ਸਿੰਘ, ਬਲਦੇਵ ਸਿੰਘ, ਬੂਟਾ ਸਿੰਘ, ਨਿਰਮਲ ਸਿੰਘ, ਬਲਜੀਤ ਸਿੰਘ, ਰਣਜੀਤ ਸਿੰਘ, ਸੁਰਜੀਤ ਸਿੰਘ, ਦਵਿੰਦਰ ਸਿੰਘ, ਜਸਵੀਰ ਸਿੰਘ, ਸਤਨਾਮ ਸਿੰਘ, ਅਵਤਾਰ ਸਿੰਘ, ਗੁਸੇਵਕ ਸਿੰਘ, ਗੁਰਪ੍ਰੀਤ ਸਿੰਘ, ਸਰਬਜੀਤ ਸਿੰਘ, ਰਘੂਬੀਰ ਸਿੰਘ, ਮੇਜ਼ਰ ਸਿੰਘ, ਗੁਰਮੇਲ ਸਿੰਘ, ਸੁਖਚੈਨ ਸਿੰਘ ਸਾਰੇ ਜਿਲਾਂ ਪ੍ਰਧਾਨ ਗਿਆਨ ਮੰਡ, ਸਤਨਾਮ ਸਿੰਘ ਆਦਿ ਹਾਜ਼ਰ ਸਨ।

# ਸੁਖਬੀਰ ਵੱਲੋਂ ਮੁੱਖ ਮੰਤਰੀ ਨੂੰ ਐੱਸ ਵਾਈ ਐੱਲ 'ਤੇ ਬਹਿਸ ਲਈ ਚੁਣੌਤੀ



**ਬਰਨਾਲਾ (ਰਾਜਿੰਦਰ ਬਰਾੜ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਚੁਣੌਤੀ ਦਿੱਤੀ ਕਿ ਉਹ ਸਤਲੁਜ ਯਮੁਨਾ ਲਿੰਕ ਨਹਿਰ (ਐਸ ਵਾਈ ਐਲ) ਦੀ ਸੁਪਰੀਮ ਕੋਰਟ ਵਿੱਚ ਸੁਣਵਾਈ 'ਤੇ ਕੀਤੇ ਧੋਖੇ 'ਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਪੰਜਾਬ ਦੇ ਦਰਿਆਈ ਪਾਣੀਆਂ 'ਤੇ ਹੱਕ ਹਰਿਆਣਾ ਨੂੰ ਦੇਣ ਦੇ ਮਾਮਲੇ 'ਤੇ 10 ਅਕਤੂਬਰ ਨੂੰ ਬਹਿਸ ਕਰ ਕੇ ਵਿਖਾਉਣ। ਇਥੇ ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਵੱਲੋਂ ਆਯੋਜਿਤ ਯੂਥ ਮਿਲਣੀ ਪ੍ਰੋਗਰਾਮ ਵਿਚ ਭਾਰੀ ਭੀੜ ਨੂੰ ਸੰਬੋਧਨ ਕਰਦਿਆਂ ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਪਾਰਟੀ 10 ਅਕਤੂਬਰ ਨੂੰ ਚੰਡੀਗੜ੍ਹ ਵਿਚ ਮੁੱਖ ਮੰਤਰੀ ਦੀ ਰਿਹਾਇਸ਼ ਤੱਕ ਰੋਸ ਮਾਰਚ ਕਰੇਗੀ। ਉਹਨਾਂ ਕਿਹਾ ਕਿ ਮੈਂ ਮੁੱਖ ਮੰਤਰੀ ਨੂੰ ਚੁਣੌਤੀ ਦਿੰਦਾ ਹਾਂ ਕਿ ਉਹ ਇਸ ਮੌਕੇ 'ਤੇ ਐਸ ਵਾਈ ਐਲ ਨਹਿਰ ਦੇ ਮਾਮਲੇ 'ਤੇ ਸਰਕਾਰ ਦੀ ਧੋਖਾਦੇਹੀ ਦੇ ਮਾਮਲੇ 'ਤੇ ਬਹਿਸ ਕਰਨ। ਉਹਨਾਂ ਕਿਹਾ ਕਿ ਬਹਿਸ ਲਈ ਮੀਡੀਆ ਨੂੰ ਵੀ ਸੱਦਾ ਦੇਣਾ ਚਾਹੀਦਾ ਹੈ ਤਾਂ ਜੋ ਪੰਜਾਬੀ ਆਪ ਦੋਵੇਂ ਬੁਲਾਰਿਆਂ ਦੇ ਵਿਚਾਰ ਸੁਣ ਕੇ ਆਪਣਾ ਮਨ ਬਣਾ ਸਕਣ। ਅਕਾਲੀ ਦਲ ਦੇ ਬਰਨਾਲਾ ਹਲਕੇ ਦੇ ਇੰਚਾਰਜ ਕੁਲਵੰਤ ਸਿੰਘ ਕੀਤੂ ਨੇ ਵੀ ਇਸ ਮੌਕੇ ਸੰਬੋਧਨ ਕੀਤਾ।

## ਸਾਂਝ ਕੇਂਦਰ ਦੀ ਟੀਮ ਵੱਲੋਂ ਸਕੂਲ ਦੇ ਬੱਚਿਆਂ ਨੂੰ ਸਟੇਸ਼ਨਰੀ ਤਕਸੀਮ



**ਮਲੋਟ (ਗੁਰਮੀਤ ਸਿੰਘ ਮੱਕੜ)**-ਮਾਣਯੋਗ ਸ਼ਪੈਸ਼ਲ ਡਾਇਰੈਕਟਰ ਜਨਰਲ ਪੁਲਸ ਕਮਿਊਨਟੀ ਅਫੇਰਜ਼ ਡਿਵੀਜ਼ਨ ਪੰਜਾਬ, ਮਾਨਯੋਗ ਸੀਨੀਅਰ ਕਪਤਾਨ ਪੁਲਸ ਸ੍ਰੀ ਮੁਕਤਸਰ ਸਾਹਿਬ ਭਾਗੀਰਥ ਸਿੰਘ ਮੀਨਾ ਆਈ.ਪੀ.ਐਸ ਅਤੇ ਕਪਤਾਨ ਪੁਲਿਸ (ਸਥਾਨਕ) ਕਮ ਜਿਲ੍ਹਾ ਕਮਿਊਨਿਟੀ ਪੁਲਿਸ ਅਫਸਰ ਕੁਲਵੰਤ ਰਾਏ ਪੀ.ਪੀ.ਐਸ ਦੇ ਦਿਸ਼ਾਂ ਨਿਰਦੇਸ਼ਾਂ ਅਨੁਸਾਰ ਇੰਚਾਰਜ ਜਿਲ੍ਹਾ ਸਾਂਝ ਕੇਂਦਰ ਸ਼੍ਰੀ ਮੁਕਤਸਰ ਸਾਹਿਬ ਇੰਸਪੈਕਟਰ ਦਿਨੇਸ਼ ਕੁਮਾਰ ਦੀ ਯੋਗ ਅਗਵਾਈ 'ਚ ਸਬ ਡਿਵੀਜ਼ਨ ਸਾਂਝ ਕੇਂਦਰ ਮਲੋਟ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਰੱਥੜੀਆਂ ਵਿਖੇ ਚੈਰੀਟੇਬਲ ਪ੍ਰੋਗਰਾਮ ਤਹਿਤ ਸਕੂਲ ਦੇ ਬੱਚਿਆਂ ਨੂੰ ਸਟੇਸ਼ਨਰੀ ਤਕਸੀਮ ਕੀਤੀ ਗਈ। ਇਸ ਮੌਕੇ 'ਤੇ ਏ.ਐਸ.ਆਈ ਅਮਨਪ੍ਰੀਤ ਸਿੰਘ ਅਤੇ ਸੀਨੀ. ਸਿਪਾਹੀ ਸੁਖਪਾਲ ਸਿੰਘ ਆਦਿ ਸਾਂਝ ਕੇਂਦਰ ਸਟਾਫ ਹਾਜ਼ਰ ਸੀ। ਸਾਂਝ ਟੀਮ ਦਾ ਸਕੂਲ ਹੈੱਡ ਟੀਚਰ ਰਾਜੇਸ਼ ਕੁਮਾਰ ਅਤੇ ਸਮੂਹ ਸਕੂਲ ਸਟਾਫ ਵਲੋ ਵਿਸ਼ੇਸ਼ ਧੰਨਵਾਦ ਕੀਤਾ ਗਿਆ।

# ਭਾਰਤ ਵਿਕਾਸ ਪ੍ਰੀਸ਼ਦ ਦੀ ਹੋਈ ਅਹਿਮ ਮੀਟਿੰਗ



**ਬਾਘਾ ਪੁਰਾਣਾ (ਮਨੀ ਸਿੰਗਲਾ)**

ਭਾਰਤ ਵਿਕਾਸ ਪ੍ਰੀਸ਼ਦ ਬਾਘਾ ਪੁਰਾਣਾ ਦੇ ਪ੍ਰਧਾਨ ਭੂਸ਼ਨ ਗੋਇਲ ਅਤੇ ਚੇਅਰਮੈਨ ਸ਼ਸੀ ਗਰਗ ਦੀ ਅਗਵਾਈ ਵਿਚ ਮੀਟਿੰਗ ਕੀਤੀ ਗਈ, ਜਿਸ 'ਚ ਸ਼ੁਸ਼ੀਲ ਸ਼ਰਮਾਂ ਰੀਜਨਲ ਜਨਰਲ ਸਕੱਤਰ ਨਾਰਥ ਜੋਨ ਉਤਰੀ-1 ਵਿਸ਼ੇਸ਼ ਤੌਰ 'ਤੇ ਪੁੱਜੇ। ਉਨ੍ਹਾਂ ਨਾਲ ਸੁਨੀਲ ਜੈਨ ਰਿਜਨਲ ਸੈਕਟਰੀ, ਡਾ. ਰਜੇਸ਼ਪੁਰੀ, ਮਨੋਜ ਮੌਂਗਾਂ, ਰਘਬੀਰ ਗਰਗ ਜ਼ਿਲ੍ਹਾ ਕੋਆਰਡੀਨੇਟਰ, ਰਕੇਸ਼ ਸੱਚਦੇਵਾ ਭਾਰਤ ਕੋ ਜਾਣੋ ਅਤੇ ਰਜੇਸ਼ ਗੁਪਤਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ 'ਚ ਭਾਰਤ ਵਿਕਾਸ ਪ੍ਰੀਸ਼ਦ ਦੇ ਸਮਾਜ ਪ੍ਰਤੀ ਕੀਤੇ ਜਾਣ ਵਾਲੇ ਕੰਮਾ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ ਗਿਆ ਹੈ। ਮੀਟਿੰਗ 'ਚ ਸ਼ਾਮਲ ਮੈਂਬਰਾਨ ਨੇ ਪ੍ਰਧਾਨ ਭੂਸ਼ਣ ਗੋਇਲ ਅਤੇ ਸ਼ਸ਼ੀ ਗਰਗ ਚੈਅਰਮੈਨ ਦੀ ਅਗਵਾਈ 'ਚ ਆਏ ਹੋਏ ਮੁਖ ਮਹਿਮਾਨ ਨੂੰ ਫੁੱਲਾ ਦਾ ਗੁਲਦਸਤਾ ਅਤੇ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ। ਮੀਟਿੰਗ ਵਿਚ ਹਾਜ਼ਰ ਦਵਿੰਦਰ ਬਾਂਸਲ ਸੈਕਟਰੀ, ਅਜੈ ਗੁੰਬਰ, ਹਰਪ੍ਰੀਤ ਸਿੰਘ ਘੋਟੂ, ਮਨੋਜ ਅਗਰਵਾਲ, ਪ੍ਰੇਮ ਪਾਲ ਗਰਗ, ਦੀਪਕ ਤਲਵਾੜ, ਸੰਜੇ ਬਾਂਸਲ (ਸਾਰੇ ਕਾਰਜਕਾਰੀ ਮੈਂਬਰ), ਮਨੋਜ ਗਰਗ, ਸੰਜੇ ਮਿਤਲ, ਅਸ਼ਵਨੀ ਮਿੱਤਲ, ਸੁਨੀਲ ਸੋਮੀ, ਗੁਰਪ੍ਰੀਤ ਸਿੰਘ ਕਾਲਾ, ਕ੍ਰਿਸ਼ਨ ਕਾਂਸਲ ਐੱਸ.ਡੀ.ਓ, ਸੁਨੀਲ ਸੰਨੀ, ਸੁਰੇਸ਼ ਕੁਮਾਰ ਗੋਇਲ, ਹਰੀ ਗੋਰਵ ਜਿੰਦਲ, ਜਰਨੈਲ ਸਿੰਘ, ਦਲਜੀਤ ਸਿੰਘ, ਗਗਨਦੀਪ ਗੋਇਲ ਸਾਹਿਲ ਅਰੋੜਾ ਅਤੇ ਹੋਰ ਮੈਂਬਰ ਸ਼ਾਮਲ ਹੋਏ।

# ਨਸੀਬ ਕੌਰ ਦੇ ਦੇਹਾਂਤ 'ਤੇ ਵੱਖ-ਵੱਖ ਆਗੂਆਂ ਵੱਲੋਂ ਦੁੱਖ ਪ੍ਰਗਟ

**ਮਹਿਲ ਕਲਾਂ (ਬਲਵਿੰਦਰ ਵਜੀਦਕੇ)** ਕਸਬਾ ਮਹਿਲ ਕਲਾਂ ਤੋਂ ਪੱਤਰਕਾਰ ਗੁਰਪ੍ਰੀਤ ਸਿੰਘ ਸਹਿਜੜਾ ਦੇ ਦਾਦੀ ਮਾਤਾ ਨਸੀਬ ਕੌਰ ਜੋ ਕਿ ਪਿਛਲੇ ਦਿਨੀ ਅਕਾਲ ਚਲਾਣਾ ਕਰ ਗਏ ਸਨ। ਇਸ ਸੰਬੰਧੀ ਓਹਨਾਂ ਦੇ ਅਕਾਲ ਚਲਾਣੇ 'ਤੇ ਵੱਖ ਵੱਖ ਆਗੂਆਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਸੰਬੰਧੀ ਕਰਨੇਸ ਸ਼ਰਮਾ ਆਈ ਏ ਐਸ, ਜਗਮਿੰਦਰਜੀਤ ਸਿੰਘ ਸੰਧੂ ਸੰਯੁਕਤ ਡਾਇਰੈਕਟਰ ਪੰਚਾਇਤ ਵਿਭਾਗ ਪੰਜਾਬ, ਬਲਦੇਵ ਰਾਜ ਤਹਿਸੀਲਦਾਰ ਮਹਿਲ ਕਲਾਂ, ਐਸ ਡੀ ਐਮ ਸਤਵੰਤ ਸਿੰਘ, ਐਸ ਪੀ ਪ੍ਰਗਿੱਆ ਜੈਨ, ਐਸ ਪੀ ਕੇਹਰ ਸਿੰਘ ਖਹਿਰਾ, ਐਸ ਪੀ ਜਸਵੀਰ ਸਿੰਘ, ਡੀ ਐਸ ਪੀ ਸੁਬੇਗ ਸਿੰਘ, ਡੀ ਐਸ ਪੀ ਜਤਿੰਦਰਪਾਲ ਸਿੰਘ, ਡੀ ਐਸ ਪੀ ਗੁਰਵਿੰਦਰ ਸਿੰਘ, ਡੀ ਐਸ ਪੀ ਕੰਵਰਪਾਲ ਸਿੰਘ ਇੰਸਪੈਕਟਰ ਰਾਹੁਲ ਕੌਸਲ, ਇੰਸਪੈਕਟਰ ਕਮਲਜੀਤ ਸਿੰਘ ਗਿੱਲ, ਇੰਸਪੈਕਟਰ ਜਸਵੀਰ ਸਿੰਘ ਬੁੱਟਰ, ਇੰਸਪੈਕਟਰ ਅਮਰੀਕ ਸਿੰਘ, ਹਲਕਾ ਮਹਿਲ ਕਲਾਂ ਦੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ, ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਨਾਥ ਸਿੰਘ ਹਮੀਦੀ, ਸ੍ਰੋਮਣੀ ਅਕਾਲੀ ਦਲ ਦੇ ਕੌਮੀ ਜਥੇਬੰਦਕ ਸਕੱਤਰ ਰਿੰਕਾ ਕੁਤਬਾ ਬਾਹਮਣੀਆਂ, ਚੈਅਰਮੈਨ ਹਰਵਿੰਦਰ ਕੁਮਾਰ ਜਿੰਦਲ, ਸਮਾਜ ਸੇਵੀ ਸਰਬਜੀਤ ਸਿੰਘ ਸੰਬੂ, ਜਸਵਿੰਦਰ ਸਿੰਘ ਮਾਗਟ, ਮਾ ਹਰਬੰਸ ਸਿੰਘ ਸੇਰਪੁਰ, ਬੀ ਡੀ ਪੀ ਓ ਲਖਵਿੰਦਰ ਕੌਰ, ਲੋਕ ਭਲਾਈ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਡਾਕਟਰ ਪਰਮਿੰਦਰ ਸਿੰਘ ਹਮੀਦੀ, ਪ੍ਰੈਸ ਕਲੱਬ ਮਹਿਲ ਕਲਾਂ ਵੱਲੋਂ ਚੇਅਰਮਾਨ ਅਵਤਾਰ ਸਿੰਘ ਅਣਖੀ, ਪ੍ਰਧਾਨ ਬਲਵਿੰਦਰ ਸਿੰਘ ਵਜੀਦਕੇ, ਪੱਤਰਕਾਰ ਜਗਸੀਰ ਸਿੰਘ, ਜਗਰਾਜ ਸਿੰਘ ਮੂੰਮ, ਗੁਣਤਾਜ ਪ੍ਰੈਸ ਕਲੱਬ ਮਹਿਲ ਕਲਾਂ ਵੱਲੋਂ ਪ੍ਰੇਮ ਕੁਮਾਰ ਪਾਸੀ, ਡਾਕਟਰ ਮਿੱਠੂ, ਮੁਹੰਮਦ, ਗੁਰਸੇਵਕ ਸਿੰਘ ਸਹੋਤਾ, ਆਜਾਦ ਪ੍ਰੈਸ ਕਲੱਬ ਦੇ ਪ੍ਰਧਾਨ ਜਸਵੀਰ ਸਿੰਘ ਵਜੀਦਕੇ, ਤਰਸੇਮ ਸਿੰਘ ਚੰਨਣਵਾਲ, ਬਲਦੇਵ ਸਿੰਘ ਗਾਗੇਵਾਲ, ਸੁਸੀਲ ਕੁਮਾਰ ਬਾਂਸਲ, ਹਰਪਾਲ ਸਿੰਘ ਪਾਲੀ, ਕਾਨੂੰਗੋ ਰਾਜਵਿੰਦਰ ਸਿੰਘ, ਪਟਵਾਰੀ ਪ੍ਰਭਜੋਤ ਸਿੰਘ ਬਰਨਾਲਾ, ਮੇਨ ਮਾਰਕੀਟ ਐਸੋਸੇਸਨ ਮਹਿਲ ਕਲਾਂ ਦੇ ਪ੍ਰਧਾਨ ਨਿਰਮਲ ਸਿੰਘ ਪੰਡੋਰੀ, ਹੈਡ ਮਾਸਟਰ ਕੁਲਦੀਪ ਸਿੰਘ ਕਮਲ, ਜਸਕਰਨ ਸਿੰਘ ਸਹਿਜੜਾ, ਜਸਪਾਲ ਸਿੰਘ, ਅਮਿਤਪਾਲ ਸਿੰਘ, ਬਿਕਰਮਜੀਤ ਸਿੰਘ, 108 ਦੇ ਪਾਇਲਟ ਤਰਸੇਮ ਸਿੰਘ, ਗੁਰਦੀਪ ਸਿੰਘ ਖੇੜੀ, ਰਣਜੀਤ ਸਿੰਘ ਹਠੂਰ, ਟੋਨੀ ਜਰਮਨ, ਦੀਪ ਕਨੇਡਾ, ਕੈਰੇ ਪੈਟਰੋ ਪੁਆਇਟ ਦੇ ਮਾਲਕ ਸੋਨੋ, ਪ੍ਰਿਸ, ਅਵਤਾਰ ਸਿੰਘ, ਬਲਵਿੰਦਰ ਕੁਮਾਰ ਮੋਲਾ, ਜਸਵਿੰਦਰ ਸਿੰਘ ਜੱਸਾ ਸਮੇਤ ਵੱਡੀ ਗਿਣਤੀ ਵਿੱਚ ਆਗੂਆਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਪੱਤਰਕਾਰ ਜਸਵੰਤ ਸਿੰਘ ਲਾਲੀ ਤੇ ਪੱਤਰਕਾਰ ਗੁਰਪ੍ਰੀਤ ਸਿੰਘ ਸਹਿਜੜਾ ਨੇ ਦੱਸਿਆ ਕਿ ਮਾਤਾ ਨਸੀਬ ਕੌਰ ਨਮਿਤ ਰੱਖੇ ਗਏ ਸ੍ਰੀ ਸਹਿਜ ਪਾਠ ਜੀ ਦਾ ਭੋਗ ਤੇ ਅੰਤਿਮ ਅਰਦਾਸ 15 ਅਕਤੂਬਰ (ਦਿਨ ਐਤਵਾਰ) ਨੂੰ ਪਿੰਡ ਸਹਿਜੜਾ (ਬਰਨਾਲਾ) ਵਿਖੇ ਹੋਵੇਗੀ।



## ਸਮਿਤ ਮਾਨ ਪੰਜਾਬ ਪ੍ਰੋਫੈਸ਼ਨਲਜ਼ ਕਾਂਗਰਸ ਦੇ ਸੂਬਾ ਪ੍ਰਧਾਨ ਨਿਯੁਕਤ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਆਲ ਇੰਡੀਆ ਪ੍ਰੋਫੈਸ਼ਨਲਜ਼ ਕਾਂਗਰਸ ਦੇ ਸੂਬਾ ਪ੍ਰਧਾਨ ਦੀ ਕੀਤੀ ਗਈ ਨਿਯੁਕਤੀ 'ਚ ਕੌਮੀ ਸ਼ੂਟਰ ਸਮਿਤ ਸਿੰਘ ਮਾਨ ਨੂੰ ਪ੍ਰਧਾਨ ਨਿਯੁਕਤ ਕੀਤਾ ਹੈ ਅਤੇ ਵਿਜੈ ਸਿੰਘ ਨੂੰ ਸੂਬਾ ਸਕੱਤਰ ਨਿਯੁਕਤ ਕੀਤਾ ਹੈ। ਡਾ. ਸ਼ਸੀ ਥਰੂਰ ਚੇਅਰਮੈਨ ਅਤੇ ਸਲਮਾਨ ਏ ਰੋਜ, ਡਿਪਟੀ ਚੇਅਰਮੈਨ ਇੰਚਾਰਜ ਦੱਖਣ ਦੇ ਦਸਤਖਤਾਂ ਹੇਠ ਜਾਰੀ ਹੋਏ ਪੱਤਰ ਮੁਤਾਬਿਕ ਉਨ੍ਹਾਂ ਨੂੰ ਸੂਬੇ 'ਚ ਕਾਂਗਰਸ ਨੂੰ ਹੋਰ ਮਰਬੂਤ ਕਰਨ ਲਈ ਕਿਹਾ ਗਿਆ ਹੈ। ਆਪਣੀ ਨਿਯੁਕਤੀ ਤੇ ਆਲ ਇੰਡੀਆ ਕਾਂਗਰਸ ਦੇ ਪ੍ਰਧਾਨ ਮਲਿਕਾਅਰਜੁਨ ਖੜਗੇ, ਕੌਮੀ ਆਗੂ ਸੋਨੀਆ ਗਾਂਧੀ, ਰਾਹੁਲ ਗਾਂਧੀ, ਪ੍ਰਿੰਯਕਾ ਗਾਂਧੀ, ਸੂਬਾ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਡਾ. ਸ਼ਸ਼ੀ ਥਰੂਰ ਚੇਅਰਮੈਨ ਅਤੇ ਸਲਮਾਨ ਏ ਰੋਜ, ਡਿਪਟੀ ਚੇਅਰਮੈਨ ਇੰਚਾਰਜ ਦੱਖਣ ਸਮੇਤ ਸਮੁੱਚੀ ਕਾਂਗਰਸ ਲੀਡਰਸ਼ਿਪ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਦੇਸ਼ ਦੇ ਲੋਕ ਹੁਣ ਕਾਹਲੇ ਕਦਮੀ ਹੋ ਕੇ ਕਾਂਗਰਸ ਦੇ ਹੱਕ ਵਿੱਚ ਫ਼ਤਵਾ ਦੇਣ ਲਈ 2024 ਦੀ ਉਡੀਕ ਕਰ ਰਹੇ ਹਨ।



## ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਐਂਡ ਅਲਾਇਡ ਦੀ ਮਹੀਨਾਵਾਰ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਐਂਡ ਅਲਾਇਡ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਗੁਰਬਚਨ ਸਿੰਘ ਦੀ ਪ੍ਰਧਾਨਗੀ ਹੇਠ ਮੇਨ ਵਾਟਰ ਵਰਕਸ ਕੰਪਲੈਕਸ ਵਿਖੇ ਬਣੇ ਦਫਤਰ ਵਿੱਚ ਹੋਈ। ਇਸ ਮੌਕੇ ਅਸ਼ੋਕ ਕੁਮਾਰ ਭਾਰਤੀ, ਸ਼ਾਮ ਲਾਲ, ਜਸਵਿੰਦਰ ਸਿੰਘ, ਗੁਰਜੰਟ ਸਿੰਘ ਦਲੇਰ, ਦਰਸ਼ਨ ਸਿੰਘ ਸੋਥਾ ਮੁਖਤਿਆਰ ਸਿੰਘ ਬੇਦੀ, ਹਰਭਜਨ ਸਿੰਘ ਸੰਧੂ ਨੇ ਸ਼ਾਝਾ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਉਹਨਾਂ ਵੱਲੋਂ ਪੰਜਾਬ ਸਰਕਾਰ ਤੋਂ ਪਿਛਲੇ ਲੰਮੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਮੁਲਾਜ਼ਮਾਂ ਦਾ 66 ਮਹੀਨੇ ਦਾ ਏਰੀਅਰ ਦਿੱਤਾ ਜਾਵੇ। ਕੇਂਦਰ ਦੀ ਤਨਖਾਹਾਂ ਅਨੁਸਾਰ 8% ਡੀ ਏ ਜਾਰੀ ਕੀਤਾ ਜਾਵੇ, ਛੇਵੇਂ ਪੇਅ ਕਮਿਸ਼ਨ ਮੁਤਾਬਕ 2.59 ਨਾਲ ਗੁਣਾ ਕਰਕੇ ਪੈਨਸ਼ਨ ਵਿੱਚ ਵਾਧਾ ਕੀਤਾ ਜਾਵੇ। ਉਹਨਾ ਦੱਸਿਆ ਕਿ ਪਿੰਡਾਂ ਦੇ ਵਿਚ ਬਣੇ ਜਲ ਘਰ ਖੰਡਰ ਬਣਦੇ ਜਾ ਰਹੇ ਹਨ ਇਹਨਾਂ ਜਲ ਘਰ ਨੂੰ ਸਰਕਾਰ ਆਪਣੇ ਹੱਥ ਵਿੱਚ ਲੈ ਵੇ ਅਤੇ ਸਰਕਾਰੀ ਕਰਮਚਾਰੀ ਰੱਖ ਕੇ ਪਿੰਡਾਂ ਦੇ ਲੋਕਾਂ ਨੂੰ ਸਾਫ ਪਾਣੀ ਮੁਹੱਈਆ ਕਰਵਾਇਆ ਜਾਵੇ। ਇਸ ਮੌਕੇ ਅਵਤਾਰ ਸਿੰਘ ਜੇ ਈ, ਲਖਪਤ ਰਾਏ, ਬਲਰਾਜ ਸਿੰਘ ਬੇਦੀ, ਨਰਿੰਦਰ ਕੁਮਾਰ, ਹਰਭਜਨ ਸਿੰਘ, ਗੁਰਦਿਆਲ ਸਿੰਘ ਅਤੇ ਇੰਦਰਜੀਤ ਮਾਨ ਆਦਿ ਹਾਜ਼ਰ ਹੋਏ।

## ਚੇਅਰਮੈਨ ਘੁੱਲੀ ਨੇ ਅਨਾਜ ਮੰਡੀ ਧੂਰੀ 'ਚ ਝੋਨੇ ਦੀ ਖਰੀਦ ਸ਼ੁਰੂ ਕਰਵਾਈ



**ਧੂਰੀ (ਸੁਖਦੇਵ ਧੂਰੀ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਵਿਧਾਨ ਸਭਾ ਹਲਕੇ ਦੇ ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਅਨਾਜ ਮੰਡੀ ਧੂਰੀ ਵਿੱਚ ਝੋਨੇ ਦੀ ਖਰੀਦ ਸ਼ੁਰੂ ਕਰਵਾਉਂਦਿਆ ਕਿਹਾ ਕਿ ਧੂਰੀ ਹਲਕੇ ਦੀਆਂ ਅਨਾਜ ਮੰਡੀਆਂ 'ਚ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਅਨਾਜ ਮੰਡੀਆਂ ਵਿੱਚ ਝੋਨੇ ਦੀ ਖਰੀਦ ਨੂੰ ਲੇ ਕੇ ਪੁਖਤਾ ਪ੍ਰਬੰਧ ਕੀਤੇ ਗਏ ਹਨ ਅਤੇ ਉਨ੍ਹਾਂ ਕਿਸਾਨਾਂ ਨੂੰ ਅਨਾਜ ਮੰਡੀਆਂ ਵਿੱਚ ਸੁੱਕਾ ਝੋਨਾ ਲਿਆਉਣ ਦੀ ਅਪੀਲ ਵੀ ਕੀਤੀ। ਇਸ ਮੌਕੇ ਅੰਮ੍ਰਿਤ ਬਰਾੜ ਇੰਚਾਰਜ ਮੁੱਖ ਮੰਤਰੀ ਦਫਤਰ ਕੈਂਪਸ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਡਾ ਅਨਵਰ ਭਸੌੜ, ਆਪ ਆਗੂ ਗੁਰਤੇਜ ਸਿੰਘ ਤੇਜੀ ਕੱਕੜਵਾਲ, ਆਪ ਆਗੂ ਅਮਰਦੀਪ ਸਿੰਘ ਧਾਂਦਰਾ, ਆੜ੍ਹਤੀਆ ਐਸੋਸੀਏਸਨ ਦੇ ਪ੍ਰਧਾਨ ਜਗਤਾਰ ਸਿੰਘ ਸਮਰਾ, ਕੌਂਸਲਰ ਪੁਸ਼ਪਿੰਦਰ ਸਰਮਾ ਅਤੇ ਕੌਂਸਲਰ ਭੁਪਿੰਦਰ ਸਿੰਘ, ਮੰਡੀ ਬੋਰਡ ਦੇ ਅਧਿਕਾਰੀ ਅਤੇ ਆੜ੍ਹਤੀਏ ਤੇ ਕਿਸਾਨ ਵੀ ਹਾਜ਼ਰ ਸਨ।

# 'ਖੇਡਾਂ ਵਤਨ ਪੰਜਾਬ ਦੀਆਂ' 'ਚ ਸਪਰਿੰਗ ਡਿਊ ਸਕੂਲ ਅੱਵਲ



**ਜਗਰਾਉ (ਅਮਿਤ ਖੰਨਾ)**-ਖੇਡਾਂ ਵਤਨ ਪੰਜਾਬ ਦੀਆ ਬਲਾਕ ਲੈਵਲ ਦੀਆਂ ਖੇਡਾਂ 'ਚ ਇਲਾਕੇ ਦੀ ਪ੍ਰਸਿੱਧ ਸੰਸਥਾ ਸਪਰਿੰਗ ਡਿਊ ਪਬਲਿਕ ਸਕੂਲ, ਨਾਨਕਸਰ ਦੇ ਵਿਦਿਆਰਥੀਆਂ ਨੇ ਮੱਲਾਂ ਮਾਰੀਆ। ਖੇਡ ਸਟੇਡੀਅਮ ਮੱਲ੍ਹਾ ਵਿਖੇ ਹੋਇਆ ਬਲਾਕ ਪੱਧਰ ਦੀਆ ਖੇਡਾਂ ਵਿੱਚ ਕ੍ਰਮਵਾਰ ਅਨੁਸਾਰ ਵਿਦਿਆਰਥੀਆਂ ਨੇ ਪੁਜੀਸ਼ਨਾ ਹਾਸਲ ਕੀਤੀਆ। ਐਥਲੈਟਿਕ ਈਵੈਂਟ 'ਚ ਲਾਂਗ ਜੰਪ 'ਚ ਗੁਰਪਾਲ ਸਿੰਘ ਪਹਿਲਾ ਸਥਾਨ, ਰੁਪਿੰਦਰਜੀਤ ਸਿੰਘ 1500 ਮੀਟਰ ਰੇਸ 'ਚੋਂ ਪਹਿਲਾ ਸਥਾਨ ਅਤੇ 400 ਮੀਟਰ 'ਚੋਂ ਤੀਜਾ ਸਥਾਨ, ਜਸ਼ਨਦੀਪ ਸਿੰਘ 1500 ਮੀਟਰ ਅਤੇ 300 ਮੀਟਰ 'ਚੋਂ ਤੀਜਾ ਸਥਾਨ, ਜਗਮੀਤ ਸਿੰਘ ਲਾਂਗ ਜੰਪ 'ਚੋਂ ਤੀਜਾ ਸਥਾਨ, ਤਨਵੀਰ ਕੌਰ ਲਾਂਗ ਜੰਪ 'ਚੋਂ ਪਹਿਲਾ ਅਤੇ 600 ਮੀਟਰ 'ਚੋਂ ਦੂਜਾ ਸਥਾਨ, ਨਿਯਾਸ਼ਾ 800 ਮੀਟਰ 'ਚੋਂ ਪਹਿਲਾ ਅਤੇ 400 ਮੀਟਰ 'ਚੋਂ ਤੀਜਾ ਸਥਾਨ, ਗੁਰਬੀਰ ਕੌਰ 1500 ਮੀਟਰ 'ਚੋਂ ਪਹਿਲਾ, ਅਵਨੀਤ ਕੌਰ 3000 ਮੀਟਰ 'ਚੋਂ ਪਹਿਲਾ, ਅਸ਼ਮੀਤ ਕੌਰ 300 ਮੀਟਰ ਵਿੱਚੋ ਤੀਜਾ ਸਥਾਨ ਹਾਸਿਲ ਕੀਤਾ. ਇਸੇ ਲੜੀ ਤਹਿਤ ਟੀਮ ਖੇਡਾਂ ਵਿੱਚੋ ਖੋ-ਖੋ ਅੰਡਰ 17 (ਲੜਕੀਆ) ਨੇ ਪਹਿਲਾ ਸਥਾਨ ਅਤੇ ਵਾਲੀਵਾਲ (ਸ਼ੂਟਿੰਗ) ਅੰਡਰ 21 (ਲੜਕੇ) ਨੇ ਪਹਿਲਾ ਸਥਾਨ ਹਾਸਲ ਕੀਤਾ। ਪ੍ਰਿੰਸੀਪਲ ਨਵਨੀਤ ਚੌਹਾਨ ਨੇ ਸਟਾਫ ਅਤੇ ਜੇਤੂ ਬੱਚਿਆਂ ਨੂੰ ਵਧਾਈ ਦਿੱਤੀ। ਵਾਇਸ ਪ੍ਰਿੰਸੀਪਲ ਬੇਅੰਤ ਕੁਮਾਰ ਅਤੇ ਮੈਨੇਜਰ ਮਨਦੀਪ ਚੌਹਾਨ ਨੇ ਦੱਸਿਆ ਕਿ ਸਕੂਲ ਪ੍ਰਬੰਧਕੀ ਕਮੇਟੀ ਦੀ ਦੂਰ ਦਰਸ਼ੀ ਸੋਚ ਅਤੇ ਅਧਿਆਪਕਾਂ ਦੀ ਅਣਥੱਕ ਮਿਹਨਤ ਸਦਕਾ ਸਕੂਲ ਦੇ ਵਿਦਿਆਰਥੀ ਵਿੱਦਿਅਕ ਖੇਤਰ ਨਾਲ-ਨਾਲ ਖੇਡਾਂ 'ਚ ਵੀ ਵਧੀਆ ਅਤੇ ਸ਼ਾਨਦਾਰ ਪ੍ਰਦਰਸ਼ਨ ਕਰ ਰਹੇ ਹਨ। ਸਕੂਲ ਪ੍ਰਬੰਧਕੀ ਕਮੇਟੀ ਵੱਲੋਂ ਪ੍ਰਧਾਨ ਮਨਜੋਤ ਕੁਮਾਰ, ਚੇਅਰਮੈਨ ਬਲਦੇਵ ਬਾਵਾ, ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਸਿੰਘ, ਵੱਲੋਂ ਸਾਰਿਆਂ ਨੂੰ ਵਧਾਈ ਦਿੱਤੀ ਗਈ। ਇਸ ਮੌਕੇ ਮੈਡਮ ਬਲਜੀਤ ਕੌਰ, ਕਰਮਜੀਤ ਸੰਗਰਾਉ, ਅਮਨਦੀਪ ਕੌਰ, ਅੰਜੂ ਬਾਲਾ ਅਤੇ ਜਗਸੀਰ ਸਿੰਘ ਆਦਿ ਹਾਜ਼ਰ ਸਨ।

## ਹਰਾ ਚਾਰਾ ਤੇ ਤੂੜੀ ਦੇ ਰੇਟ ਵਧਣ ਕਾਰਨ ਪਸ਼ੂ ਪਾਲਕਾਂ ਦੀ ਹੋਈ ਤੌਬਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ 'ਚ ਹੜ੍ਹ ਤੋਂ ਬਾਅਦ ਪਸ਼ੂ ਪਾਲਕਾਂ ਨੂੰ ਘਾਟੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪਿਛਲੇ 3 ਮਹੀਨਿਆਂ ਤੋਂ ਹਰਾ ਚਾਰਾ 9 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਵਿਕ ਰਿਹਾ ਹੈ ਅਤੇ ਦੁੱਧ ਦਾ ਕਾਰੋਬਾਰ ਕਰਨ ਵਾਲੇ ਪਸ਼ੂ ਪਾਲਕਾਂ ਨੂੰ ਦੁੱਧ ਦੇ ਰੇਟ ਵਧਣ ਕਾਰਨ ਘਾਟੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਮਹਿੰਗੇ ਭਾਅ ਦਾ ਰਾਸ਼ਨ ਖੁਆ ਕੇ ਦੁੱਧ ਦਾ ਰੇਟ ਪੂਰਾ ਨਹੀਂ ਮਿਲ ਰਿਹਾ, ਕੁਝ ਪਸ਼ੂ ਪਾਲਣ ਦਾ ਧੰਦਾ ਛੱਡ ਰਹੇ ਹਨ, ਦੂਜੇ ਪਾਸੇ ਬਾਜ਼ਾਰਾਂ 'ਚ ਨਕਲੀ ਦੁੱਧ ਦਾ ਧੰਦਾ ਜ਼ੋਰਾਂ 'ਤੇ ਹੈ, ਪਸ਼ੂ ਪਾਲਕਾਂ ਨੂੰ ਦੋਹਰੀ ਮਾਰ ਝੱਲਣੀ ਪੈ ਰਹੀ ਹੈ। ਡੇਅਰੀ ਦਾ ਧੰਦਾ ਕਰਨ ਵਾਲੇ ਗੁਰਜੀਤ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਨਕਲੀ ਦੁੱਧ ਦੀ ਵਿਕਰੀ ਬੰਦ ਕਰੇ। ਗੋਰਖ ਧੰਦਾ ਪੂਰੀ ਤਰ੍ਹਾਂ ਬੰਦ ਕੀਤਾ ਜਾਵੇ ਅਤੇ ਹਰੇ ਚਾਰੇ ਦੇ ਰੇਟ ਅਸਮਾਨੀ ਛੂਹ ਰਹੇ ਹਨ।ਪਸ਼ੂ ਪਾਲਣ ਦਾ ਧੰਦਾ ਬਹੁਤ ਜ਼ਿਆਦਾ ਹੋ ਗਿਆ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਦੁੱਧ ਦੇ ਰੇਟ ਵਧਾ ਕੇ 100 ਰੁਪਏ ਪ੍ਰਤੀ ਕਿਲੋ ਕੀਤੇ ਜਾਣ ਤਾਂ ਜੋ ਪਸ਼ੂ ਪਾਲਕ ਆਪਣਾ ਕਾਰੋਬਾਰ ਜਾਰੀ ਰੱਖ ਸਕਣ।

# 'ਮਜ਼ਦੂਰ ਵਿਰੋਧੀ ਨੋਟੀਫਿਕੇਸ਼ਨ ਵਾਪਸ ਕਰਵਾਉਣ ਤੱਕ ਸੰਘਰਸ਼ ਜਾਰੀ ਰਹੇਗਾ'




**ਲੁਧਿਆਣਾ (ਐਮ ਐਸ ਭਾਟੀਆ)**-ਏਟਕ, ਸੀਟੂ ਅਤੇ ਸੀ ਟੀ ਯੂ ਪੰਜਾਬ ਵੱਲੋਂ ਇਥੇ ਕੰਮ ਦੇ ਘੰਟੇ 8 ਤੋਂ ਵਧਾ ਕੇ 12 ਕਰਨ ਦੇ ਵਿਰੋਧ 'ਚ ਜਿਲ੍ਹਾ ਪੱਧਰੀ ਸਾਂਝੀ ਕਨਵੈਂਸ਼ਨ ਸੱਦੀ ਗਈ। ਸਾਥੀ ਪਰਮਜੀਤ ਸਿੰਘ, ਐਮ ਐਸ ਭਾਟੀਆ ਅਤੇ ਜੁਗਿੰਦਰ ਰਾਮ ਤੇ ਆਧਾਰਤ ਪ੍ਰਧਾਨਗੀ ਮੰਡਲ ਦੀ ਪ੍ਰਧਾਨਗੀ ਹੇਠ ਕੀਤੀ ਗਈ ਇਸ ਕਨਵੈਂਸ਼ਨ ਨੂੰ ਸੰਬੋਧਨ ਕਰਨ ਵਾਲਿਆਂ 'ਚ ਸੀਟੂ ਪੰਜਾਬ ਦੇ ਜਨਰਲ ਸਕੱਤਰ ਸਾਥੀ ਚੰਦਰਸੇਖਰ, ਸੀਟੀਯੂ ਪੰਜਾਬ ਦੇ ਪ੍ਰਧਾਨ ਦੇਵਰਾਜ ਵਰਮਾ, ਏਟਕ ਦੇ ਆਗੂ ਅਤੇ ਜੁਆਇੰਟ ਕੌਂਸਲ ਆਫ ਟਰੇਡ ਯੂਨੀਅਨ ਦੇ ਜਨਰਲ ਸਕੱਤਰ ਸਾਥੀ ਡੀ ਪੀ ਮੌੜ ਤੋਂ ਇਲਾਵਾ ਸਾਥੀ ਚਰਨ ਸਰਾਭਾ, ਸੁਖਵਿੰਦਰ ਸਿੰਘ ਲੋਟੇ, ਸੁਬਾਸ਼ ਰਾਨੀ, ਅਮਰਨਾਥ ਕੂੰਮ ਕਲਾਂ, ਕਮੇਸਵਰ ਯਾਦਵ, ਜੋਰਾ ਸਿੰਘ ਅਤੇ ਬਲਰਾਮ ਆਦਿ ਸਾਮਿਲ ਸਨ। ਇਟਕ ਆਗੂ ਸਾਥੀ ਤਿਵਾੜੀ ਨੇ ਵੀ ਸੰਬੋਧਨ ਕੀਤਾ। ਕਨਵੈਂਸ਼ਨ 'ਚ ਬੁਲਾਰਿਆਂ ਨੇ ਕਿਹਾ ਕਿ ਇਸ ਨੋਟਿਸ ਰਾਹੀਂ ਪੰਜਾਬ ਸਰਕਾਰ ਨੇ ਆਪਣੀ ਮਜ਼ਦੂਰ ਵਿਰੋਧੀ ਦਿੱਖ ਦਾ ਪ੍ਰਗਟਾਵਾ ਕਰ ਦਿੱਤਾ ਹੈ। ਇਸ ਮੁਤਾਬਕ ਮਜ਼ਦੂਰਾਂ ਨੂੰ ਹੁਣ 12 ਘੰਟੇ ਕੰਮ ਕਰਨਾ ਕਾਨੂੰਨੀ ਬਣਾ ਦਿੱਤਾ ਗਿਆ ਹੈ। ਦੁਨੀਆ ਭਰ ਵਿੱਚ ਇੰਜ ਦਾ ਕਿਤੇ ਵੀ ਨਹੀਂ ਹੈ। ਹਰ ਥਾਂ 'ਤੇ ਕੰਮ ਤੇ ਘੰਟੇ ਅੱਠ ਹੀ ਹਨ। ਨੋਟੀਫਿਕੇਸਨ 'ਚ ਜਿਹੜੇ ਵਿਸ਼ੇਸ਼ ਹਾਲਾਤਾਂ ਦੀ ਗੱਲ ਕੀਤੀ ਗਈ ਹੈ, ਉਹ ਬਿਲਕੁਲ ਗਲਤ ਹੈ। ਇਸ ਨੋਟੀਫਿਕੇਸਨ ਦੇ ਨਾਲ ਕੇਵਲ ਉਦਯੋਗਪਤੀਆਂ ਦੇ ਹੱਕ ਦੀ ਗੱਲ ਕੀਤੀ ਗਈ ਹੈ।

ਸਟੇਜ ਦਾ ਸੰਚਾਲਨ ਜਗਦੀਸ਼ ਚੰਦ ਨੇ ਕੀਤਾ। ਪ੍ਰਧਾਨਗੀ ਮੰਡਲ ਵੱਲੋਂ ਸਾਥੀ ਐਮ ਐਸ ਭਾਟੀਆ ਨੇ ਆਏ ਹੋਏ ਸਾਥੀਆਂ ਦਾ ਧੰਨਵਾਦ ਕੀਤਾ। 16 ਅਕਤੂਬਰ ਟਰੇਡ ਯੂਨੀਅਨਾਂ ਵੱਲੋਂ ਸਾਂਝੇ ਤੌਰ 'ਤੇ ਡਿਪਟੀ ਕਮਿਸ਼ਨਰ ਲੁਧਿਆਣਾ ਅਤੇ ਅਸਿਸਟੈਂਟ ਲੇਬਰ ਕਮਿਸ਼ਨਰ ਦੇ ਰਾਹੀਂ ਮੁੱਖ ਮੰਤਰੀ ਦੇ ਨਾਂਅ ਨੋਟੀਫਿਕੇਸਨ ਵਾਪਸ ਲੈਣ ਦਾ ਮੰਗ ਪੱਤਰ ਦਿੱਤਾ ਜਾਵੇਗਾ। 23 ਅਕਤੂਬਰ ਨੂੰ ਲੇਬਰ ਦਫਤਰ ਲੁਧਿਆਣਾ ਦੇ ਸਾਹਮਣੇ ਵਿਸਾਲ ਧਰਨਾ ਦੇ ਕੇ ਮੰਗ ਪੱਤਰ ਦਿੱਤਾ ਜਾਵੇਗਾ। ਆਗੂਆਂ ਦੇ ਤਿੰਨ ਨਵੰਬਰ ਨੂੰ ਲੇਬਰ ਅਫਸਰ ਮੋਹਾਲੀ ਵਿਖੇ ਪੰਜਾਬ ਪੱਧਰ ਦੇ ਰੋਸ਼ ਮੁਜ਼ਾਰੇ ਅਤੇ ਰੈਲੀ 'ਚ ਵੱਡੀ ਗਿਣਤੀ 'ਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

## ਸ਼ਹੀਦ ਭਾਈ ਤਾਰੂ ਦਾ ਜਨਮ ਦਿਹਾੜਾ ਮਨਾਇਆ



**ਜਗਰਾਉ (ਅਮਿਤ ਖੰਨਾ)**-ਜੀ ਐਚ ਜੀ ਅਕੈਡਮੀ ਜਗਰਾਉਂ ਵਿਖੇ ਵਿਦਿਆਰਥੀਆਂ ਨੂੰ ਆਪਣੇ ਇਤਿਹਾਸ ਅਤੇ ਧਰਮ ਨਾਲ ਜੋੜੀ ਰੱਖਣ ਅਤੇ ਉਸ ਬਾਰੇ ਜਾਣਕਾਰੀ ਦੇਣ ਲਈ ਮਹਾਨ ਵਿਅਕਤੀਆਂ, ਮਹਾਂਪੁਰਸ਼ਾਂ ਅਤੇ ਗੁਰੂਆਂ ਦੇ ਪੁਰਬ ਤੇ ਵੱਖ - ਵੱਖ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਰਹਿੰਦੀਆਂ ਹਨ। 10 ਅਕਤੂਬਰ ਨੂੰ ਸਕੂਲ 'ਚ ਭਾਈ ਤਾਰੂ ਸਿੰਘ ਦੇ ਜਨਮ ਦਿਹਾੜੇ 'ਤੇ ਸਕੂਲ ਦੀਆਂ ਵਿਦਿਆਰਥਣਾਂ ਦਮਨਦੀਪ ਕੌਰ ਬਾਰਵੀਂ ਜਮਾਤ, ਜਸਮੀਤ ਕੌਰ ਅਤੇ ਅਮਨਪ੍ਰੀਤ ਕੌਰ ਦਸਵੀਂ ਜਮਾਤ ਦੀਆਂ ਵਿਦਿਆਰਥਣਾਂ ਵੱਲੋਂ ਸ਼ਹੀਦ ਭਾਈ ਤਾਰੂ ਸਿੰਘ ਨਾਲ ਸੰਬੰਧਿਤ ਕਵਿਸਰੀ 'ਸਿੰਘ ਹੈ ਦਸ਼ਮੇਸ਼ ਪਿਤਾ ਦਾ, ਡੋਲ ਨਾ ਜਾਵੀ ਵੇ। ਛਕਿਆ ਹੈ ਪਾਹੁਲ ਖੰਡੇ ਦਾ। ਗਾਇਨ ਕੀਤੀ ਗਈ। ਉਹਨਾਂ ਨੇ ਉਸ ਸਮੇਂ ਦੇ ਦ੍ਰਿਸ਼ ਨੂੰ ਕਵੀਸਰੀ ਰਾਹੀਂ ਬਹੁਤ ਹੀ ਸੁੰਦਰ ਤਰੀਕੇ ਨਾਲ ਬਿਆਨ ਕੀਤਾ। ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਰਮਨਜੋਤ ਕੌਰ ਗਰੇਵਾਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਹੋਇਆਂ ਭਾਈ ਤਾਰੂ ਸਿੰਘ ਦੇ ਜੀਵਨ ਤੋਂ ਸਿੱਖਿਆ ਲੈਂਦਿਆਂ ਹੋਇਆਂ ਧਰਮ ਪ੍ਰਤੀ ਦ੍ਰਿੜ ਇਰਾਦਾ ਰੱਖਣ ਲਈ ਪ੍ਰੇਰਿਤ ਕੀਤਾ ਅਤੇ ਉਹਨਾਂ ਨੂੰ ਆਪਣੇ ਮਹਾਂਪੁਰਖਾਂ ਦੇ ਪਾਏ ਪੂਰਨਿਆਂ 'ਤੇ ਚੱਲਣ ਲਈ ਕਿਹਾ।

11--Otc-PAGE- 8 qxd.qxd 10/10/2023 10:32 PM Page 1



# ਮਾਰਕੀਟ ਕਮੇਟੀ ਚੇਅਰਮੈਨ ਡਾਢੀ ਨੇ ਸੂਰੇਵਾਲ ਦਾਣਾ ਮੰਡੀ ਦਾ ਲਿਆ ਜਾਇਜ਼ਾ



**ਭਲਾਣ ( ਹਰਭਜਨ ਢਿੱਲੋਂ )** ਦਾਣਾ ਮੰਡੀ ਸੂਰੇਵਾਲ ( ਸਹਿਜੋਵਾਲ ) ਦੀ ਝੋਨੇ ਦੀ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਮਾਰਕੀਟ ਕਮੇਟੀ ਚੇਅਰਮੈਨ ਕਮਿੱਕਰ ਸਿੰਘ ਡਾਢੀ ਨੇ ਦੌਰਾ ਕੀਤਾ। ਇਸ ਮੌਕੇ ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ ਦੇ ਕਿਸਾਨਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦੇਣ ਲਈ ਅਤੇ ਉਹਨਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਵਚਨਬੱਧ ਹੈ। ਇਸ ਦੌਰਾਨ ਉਨਾਂ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸੁੱਕਾ ਝੋਨਾ ਮੰਡੀ ਵਿੱਚ ਲੈ ਕੇ ਆਓ ਅਤੇ ਪਰਾਲੀ ਨੂੰ ਅੱਗ ਬਿਲਕੁਲ ਨਾ ਲਾਓ। ਜਿਕਰਯੋਗ ਹੈ ਕਿ ਸੂਰੇਵਾਲ ਦੀ ਮੰਡੀ ਵਿੱਚ ਬਾਥਰੂਮ ਤੇ ਟਾਇਲਟ ਜਾਣ ਦਾ ਪ੍ਰਬੰਧ ਨਹੀਂ ਹੈ। ਜਿਸ ਕਰਕੇ ਆੜ੍ਹਤੀ, ਮਜਦੂਰ ਅਤੇ ਕਿਸਾਨਾਂ ਨੂੰ ਬੜੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ। ਦੂਸਰਾ ਮੰਡੀ ਵਿੱਚ ਕਣਕ ਦੇ ਅੰਬਾਰ ਲੱਗੇ ਹੋਏ ਹੋਣ ਕਰਕੇ ਮੰਡੀ ਵਿੱਚ ਥਾਂ ਵੀ ਘੱਟ ਹੈ। ਜਿਸ ਕਾਰਨ ਕਿਸਾਨਾਂ ਨੂੰ ਆਪਣੇ ਟਰੈਕਟਰ ਟਰਾਲੀਆਂ ਸੜਕ ਉੱਤੇ ਹੀ ਖੜੇ ਕਰਨੇ ਪੈਂਦੇ ਅਤੇ ਉਹਨਾਂ ਨੂੰ ਆਪਣੇ ਨੰਬਰ ਦਾ ਇੰਤਜਾਰ ਕਰਨ ਵਿੱਚ ਬੜੀ ਮੁਸਕਲ ਆਉਂਦੀ ਹੈ। ਜੇਕਰ ਇਹੀ ਕਣਕ ਗਰੀਬੀ ਰੇਖਾ ਤੋਂ ਹੇਠਾਂ ਜਿਨਾਂ ਦੇ ਰਾਸ਼ਨ ਕਾਰਡ ਬਣੇ ਹੋਏ ਹਨ, ਉਹਨਾਂ ਨੂੰ ਮੰਡੀ ਵਿੱਚ ਝੋਨਾ ਆਉਣ ਤੋਂ ਪਹਿਲਾਂ ਵੰਡ ਦਿੱਤੀ ਜਾਵੇ ਤਾਂ ਮੰਡੀ ਵਿੱਚ ਥਾਂ ਵੀ ਖਾਲੀ ਹੋ ਜਾਵੇਗੀ ਅਤੇ ਇਸ ਕਣਕ ਨੂੰ ਸੁਸਰੀ ( ਕੀੜਾ ) ਲੱਗਣ ਤੋਂ ਵੀ ਬਚਾਓ ਹੋ ਸਕਦਾ ਹੈ। ਆੜ੍ਹਤੀਆਂ ਦੀ ਮੰਗ ਹੈ ਕਿ ਉਹਨਾਂ ਨੂੰ ਪੱਕੇ ਬਲਾਕ ਰੂਮ ਬਣਾ ਕੇ ਦਿੱਤੇ ਜਾਣ ਤਾਂ ਕਿ ਮੌਸਮ ਅਨੁਸਾਰ ਆੜ੍ਹਤੀ ਤੇ ਮਜਦੂਰ ਉਸ ਕਮਰੇ 'ਚ ਬੈਠ ਵੀ ਸਕਣ ਤੇ ਆਰਾਮ ਵੀ ਕਰ ਸਕਦੇ ਹਨ।

ਇਸ ਮੌਕੇ ਕੇਸਰ ਸਿੰਘ ਸੰਧੂ, ਆਪ ਆਗੂ ਗੁਰਬਖਸ਼ ਸਿੰਘ ਬਿੱਲਾ ਮਹਿਲਵਾਂ, ਸੋਨੂ ਚੌਧਰੀ, ਗੁਰਚੈਨ ਸਿੰਘ ਫੌਜੀ, ਸੁਰਜੀਤ ਸਿੰਘ, ਜਸਬੀਰ ਸਿੰਘ, ਸੋਹਣ ਸਿੰਘ ਨਿੱਕੂਵਾਲ, ਗੁਰਮੇਲ ਸਿੰਘ ਬੁਰਜ, ਆੜ੍ਹਤੀ ਸੋਹਣ ਸਿੰਘ ਗਰੇਵਾਲ ਭੱਲੜੀ, ਜਸਵਿੰਦਰ ਸਿੰਘ ਸ਼ਿੰਦਾ, ਹਰਜਾਪ ਸਿੰਘ , ਗੌਰਵ ਕਪਲਾ, ਰਜਿੰਦਰ ਬੈਂਸਪੁਰ ਅਤੇ ਹੋਰ ਆੜਤੀ ਤੇ ਕਿਸਾਨ ਵੀ ਇਸ ਮੌਕੇ ਸ਼ਾਮਿਲ ਸਨ।

# ਪ੍ਰਸ਼ਾਸਨਿਕ ਸੇਵਾਵਾਂ/ਪੀ ਸੀ ਐੱਸ (ਪ੍ਰੀ)- 2024 ਪ੍ਰੀਖਿਆ ਦੇ ਸੰਯੁਕਤ ਕੋਚਿੰਗ ਕੋਰਸ ਲਈ ਅਰਜ਼ੀਆਂ ਦੀ ਮੰਗ

**ਚੰਡੀਗੜ੍ਹ, (ਗੁਰਜੀਤ ਬਿੱਲਾ)**— ਅਨੁਸੂਚਿਤ ਜਾਤੀਆਂ, ਪੱਛੜੀਆਂ ਜਾਤੀਆਂ ਅਤੇ ਘੱਟ ਗਿਣਤੀ ਵਰਗ ਦੇ ਵਿਕਾਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲਗਾਤਾਰ ਯਤਨਸ਼ੀਲ ਹੈ। ਇਸੇ ਲੜੀ ਤਹਿਤ ਅਨੁਸੂਚਿਤ ਜਾਤੀਆਂ, ਹੋਰ ਪੱਛੜੀਆਂ ਜਾਤੀਆਂ ਅਤੇ ਘੱਟ ਗਿਣਤੀ ਨਾਲ ਸਬੰਧਤ ਪੰਜਾਬ ਰਾਜ ਦੇ ਵਸਨੀਕ ਗਰੈਜੂਏਟ ਉਮੀਦਵਾਰਾਂ ਲਈ ਸਿਵਲ ਸੇਵਾਵਾਂ/ਪੀ.ਸੀ.ਐਸ (ਸ਼ੁਰੂਆਤੀ)-2024 ਪ੍ਰੀਖਿਆ ਲਈ ਮੁਫ਼ਤ ਸੰਯੁਕਤ ਕੋਚਿੰਗ ਕੋਰਸ ਲਈ 23 ਅਕਤੂਬਰ 2023 ਤੱਕ ਅਰਜ਼ੀਆਂ ਦੀ ਮੰਗ ਕੀਤੀ ਹੈ। ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਅਨੁਸੂਚਿਤ ਜਾਤੀਆਂ, ਹੋਰ ਪੱਛੜੀਆਂ ਜਾਤੀਆਂ ਅਤੇ ਘੱਟ ਗਿਣਤੀ (ਮੁਸਲਿਮ, ਸਿੱਖ, ਕ੍ਰਿਸ਼ਚਨ, ਬੋਧੀ, ਜੋਰੋਸਟ੍ਰੀਅਨ ਅਤੇ ਜੈਨ) ਨਾਲ ਸਬੰਧਤ ਪੰਜਾਬ ਰਾਜ ਦੇ ਵਸਨੀਕ ਯੋਗ ਗਰੈਜੂਏਟ ਉਮੀਦਵਾਰਾਂ ਲਈ ਅੰਬੇਡਕਰ ਇੰਸਟੀਚਿਊਟ ਆਫ ਕਰੀਅਰਜ ਐਂਡ ਕੋਰਸਜ, ਫੇਜ 3ਬੀ-, ਐਸ.ਏ.ਐਸ ਨਗਰ ਵਿਖੇ ਸਿਵਲ ਸੇਵਾਵਾਂ/ਪੀ.ਸੀ.ਐਸ (ਸ਼ੁਰੂਆਤੀ)-2024 ਪ੍ਰੀਖਿਆ ਲਈ ਮੁਫ਼ਤ ਸੰਯੁਕਤ ਕੋਚਿੰਗ ਕੋਰਸ ਸ਼ੁਰੂ ਕੀਤੇ ਜਾਣੇ ਹਨ। ਇਸ ਕੋਰਸ ਵਿੱਚ ਦਾਖਲੇ ਦੇ ਚਾਹਵਾਨ ਉਮੀਦਵਾਰ ਦੇ ਪਰਿਵਾਰ ਦੀ ਸਾਰੇ ਸਰੋਤਾਂ ਤੋਂ ਆਮਦਨ 3.00 ਲੱਖ ਰੁਪਏ ਪ੍ਰਤੀ ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ। ਡਾ. ਬਲਜੀਤ ਕੌਰ ਨੇ ਦੱਸਿਆ ਕਿ ਕੋਰਸ ਦੀਆਂ 40 ਸੀਟਾਂ ਵਿੱਚੋਂ 50 ਫੀਸਦ ਸੀਟਾਂ ਅਨੁਸੂਚਿਤ ਜਾਤੀਆਂ ਲਈ, 30 ਫੀਸਦ ਹੋਰ ਪੱਛੜੀਆਂ ਸ਼੍ਰੇਣੀਆਂ ਲਈ ਅਤੇ 20 ਫੀਸਦ ਘੱਟ ਗਿਣਤੀ ਭਾਈਚਾਰੇ ਨਾਲ ਸਬੰਧਤ ਉਮੀਦਵਾਰਾਂ ਲਈ ਰਾਖਵੀਆਂ ਹਨ, ਜਦਕਿ ਕਿ ਹਰੇਕ ਵਰਗ ਵਿੱਚ ਉਪਲਬਧ ਉਮੀਦਵਾਰਾਂ ਵਿੱਚ 30 ਫੀਸਦ ਔਰਤਾਂ ਅਤੇ 5 ਫੀਸਦ ਦਿਵਿਆਂਗ ਉਮੀਦਵਾਰ ਸ਼ਾਮਲ ਕੀਤੇ ਜਾਣਗੇ। ਚੁਣੇ ਗਏ ਉਮੀਦਵਾਰਾਂ ਨੂੰ ਸਰਕਾਰ ਅਨੁਸਾਰ ਮੁਫ਼ਤ ਕੋਚਿੰਗ, ਮੁਫ਼ਤ ਹੋਸਟਲ ਰਿਹਾਇਸ਼ ਅਤੇ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਕੈਬਨਿਟ ਮੰਤਰੀ ਨੇ ਦੱਸਿਆ ਕਿ ਉਮੀਦਵਾਰ ਦੀ ਚੋਣ, ਅੰਬੇਡਕਰ ਇੰਸਟੀਚਿਊਟ ਆਫ਼ ਕਰੀਅਰਜ਼ ਐਂਡ ਕੋਰਸਜ਼ , ਫੇਜ਼ 3-ਬੀ-2 , ਐਸ.ਏ.ਐਸ. ਨਗਰ, ਮੋਹਾਲੀ ਵਿਖੇ 27 ਅਕਤੂਬਰ 2023 ਨੂੰ ਸਵੇਰੇ 10.30 ਵਜੇ ਤੋਂ 11.30 ਵਜੇ ਤੱਕ ਹੋਣ ਵਾਲੀ ਮਾਨਸਿਕ ਯੋਗਤਾ, ਆਮ ਜਾਗਰੂਕਤਾ (ਇਤਿਹਾਸ, ਭੂਗੋਲ, ਭਾਰਤੀ ਰਾਜਨੀਤੀ, ਭਾਰਤੀ ਅਰਥਵਿਵਸਥਾ, ਰੋਜ਼ਾਨਾ ਵਿਗਿਆਨ, ਮੌਜੂਦਾ ਮਾਮਲੇ ਆਦਿ) ਦੇ ਔਬਜੈਕਟਿਵ ਟਾਈਪ ਟੈਸਟ ਦੇ ਆਧਾਰ 'ਤੇ ਕੀਤੀ ਜਾਵੇਗੀ।

ਟੈਸਟ ਦਾ ਸਮਾਂ ਇੱਕ ਘੰਟਾ ਹੋਵੇਗਾ। ਉਮੀਦਵਾਰ ਨੂੰ ਇੱਕ ਪਾਸਪੋਰਟ ਸਾਈਜ਼ ਫੋਟੋ ਅਤੇ ਇੱਕ ਫੋਟੋ ਆਈ.ਡੀ. ਸਬੂਤ ਜਿਵੇਂ ਕਿ ਆਧਾਰ ਕਾਰਡ, ਵੋਟਰ ਕਾਰਡ, ਡਰਾਈਵਿੰਗ ਲਾਇਸੈਂਸ ਆਦਿ, ਇੱਕ ਨੀਲੀ ਬਾਲ ਪੈੱਨ ਅਤੇ ਤਰਜੀਹੀ ਤੌਰ 'ਤੇ ਟੈਸਟ ਦੇ ਸਮੇਂ ਪੇਪਰ ਲਿਖਣ ਲਈ ਇੱਕ ਗੱਤਾ ਲਿਆਉਣਾ ਲਾਜ਼ਮੀ ਹੋਵੇਗਾ। ਚਾਹਵਾਨ ਉਮੀਦਵਾਰ ਆਪਣਾ ਬਿਨੈ-ਪੱਤਰ ਸਮੇਤ ਸਰਟੀਫਿਕੇਟਾਂ ਦੀਆਂ ਸਵੈ-ਪ੍ਰਮਾਣਿਤ ਕਾਪੀਆਂ ਨੂੰ ਪ੍ਰਿੰਸੀਪਲ, ਅੰਬੇਡਕਰ ਇੰਸਟੀਚਿਊਟ ਆਫ ਕਰੀਅਰਜ ਐਂਡ ਕੋਰਸ, ਫੇਜ 3ਬੀ-2, ਐਸ.ਏ.ਐਸ. ਨਗਰ, ਮੋਹਾਲੀ ਦੇ ਦਫਤਰ ਵਿਖੇ 23 ਅਕਤੂਬਰ 2023 ਤੱਕ ਭੇਜ ਸਕਦੇ ਹਨ।

# ਸੇਂਟ ਸੋਲਜਰ ਦੇ ਵਿਦਿਆਰਥੀਆਂ ਨੇ ਪਿੰਗਲਾ ਘਰ 'ਚ ਮਨਾਇਆ 'ਵਰਲਡ ਮੈਂਟਲ ਹੈਲਥ ਡੇਅ'



**ਜਲੰਧਰ (ਇਕਬਾਲ ਸਿੰਘ ਉੱਭੀ)** ਸੇਂਟ ਸੋਲਜਰ ਗਰੁੱਪ ਆਫ ਇੰਸਟੀਚਿਊਸ਼ਨਜ ਵੱਲੋਂ 'ਵਰਲਡ ਮੈਂਟਲ ਹੈਲਥ ਡੇਅ' ਪਿੰਗਲਾ ਘਰ 'ਚ ਮਾਨਸਿਕ ਰੋਗਾਂ ਨਾਲ ਜੂਝ ਰਹੇ ਬੱਚਿਆਂ, ਬਜ਼ੁਰਗਾਂ ਤੇ ਅਪਾਹਜ ਲੋਕਾਂ ਨਾਲ ਮਨਾਇਆ ਗਿਆ। ਇਸ ਮੌਕੇ ਗਰੁੱਪ ਦੇ ਵਾਈਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ, ਪ੍ਰਿੰਸੀਪਲ ਮਨਗਿੰਦਰ ਸਿੰਘ, ਸਟਾਫ ਮੈਂਬਰ ਤੇ ਵਿਦਿਆਰਥੀ ਪਿੰਗਲਾ ਘਰ ਪਹੁੰਚੇ, ਜਿਨ੍ਹਾਂ ਦਾ ਸਵਾਗਤ ਮੈਨੇਜਰ ਕੈਪਟਨ ਜਗਦੀਸ਼ ਚੰਦਰ ਅਤੇ ਸ਼੍ਰੀਮਤੀ ਮਾਰੀਆ ਵੱਲੋਂ ਕੀਤਾ ਗਿਆ। ਇਸ ਦੌਰਾਨ ਸ਼੍ਰੀਮਤੀ ਚੋਪੜਾ ਨੇ ਮਾਨਸਿਕ ਰੋਗੀ ਬੱਚਿਆਂ ਤੇ ਬਜ਼ੁਰਗਾਂ ਨੂੰ ਗੁਲਾਬ ਦਾ ਫੁੱਲ ਦੇ ਕੇ ਉਨ੍ਹਾਂ ਪ੍ਰਤੀ ਪਿਆਰ ਤੇ ਸਨਮਾਨ ਦਾ ਪ੍ਰਗਟਾਵਾ ਕੀਤਾ। ਇਸ ਤੋਂ ਇਲਾਵਾ ਪਿੰਗਲਾ ਘਰ 'ਚ ਰਹਿਣ ਵਾਲੇ ਸਾਰੇ ਮੈਂਬਰਾਂ ਕੱਪੜੇ ਤੇ ਫਲ ਵੰਡੇ ਅਤੇ ਉਨ੍ਹਾਂ ਪ੍ਰਤੀ ਅਪਣਤ ਦੀ ਭਾਵਨਾ ਦਾ ਪ੍ਰਗਟਾਵਾ ਕੀਤਾ। ਵਾਈਸ ਚੇਅਰਪਰਸਨ ਸ਼੍ਰੀਮਤੀ ਚੋਪੜਾ ਨੇ ਸਾਰਿਆਂ ਦਾ ਮੂੰਹ ਮਿੱਠਾ ਕਰਵਾ ਕੇ ਉਨ੍ਹਾਂ ਦੇ ਜੀਵਨ 'ਚ ਮਿਠਾਸ ਬਣੀ ਰਹਿਣ ਦੀ ਕਾਮਨਾ ਕੀਤੀ। ਸ਼੍ਰੀਮਤੀ ਚੋਪੜਾ ਨੇ ਕਿਹਾ ਇਕ ਮਾਨਸਿਕ ਰੋਗੀ ਨੂੰ ਪਿਆਰ ਦਾ ਅਹਿਸਾਸ ਕਰਵਾਉਣਾ ਸਾਡੀ ਸਾਰਿਆਂ ਦੀ ਜ਼ਿੰਮੇਦਾਰੀ ਕਿਉਂਕਿ ਉਹ ਸਾਡੇ ਹੀ ਸਮਾਜ ਦਾ ਇਕ ਅਨਿੱਖੜਵਾਂ ਹਿੱਸਾ । ਉਨ੍ਹਾਂ ਨੇ ਮੌਜੂਦਾ ਹਾਲਾਤ ਨੂੰ ਧਿਆਨ 'ਚ ਰੱਖਦੇ ਹੋਏ ਅੱਜ ਦੇ ਨੌਜਵਾਨਾਂ ਨੂੰ ਮਾਨਸਿਕ ਤੰਦਰੁਸਤੀ ਲਈ ਯੋਗ ਤੇ ਮੈਡੀਟੇਸ਼ਨ ਕਰਨ ਦਾ ਸੰਦੇਸ਼ ਦਿੰਦੇ ਹੋਏ ਕਿਹਾ ਕਿ ਯੋਗ ਸਾਨੂੰ ਮਾਨਸਿਕ ਤੌਰ 'ਤੇ ਸਾਕਾਰਾਤਮ ਊਰਜਾ ਪ੍ਰਦਾਨ ਕਰਦਾ ਹੈ। ਸ਼੍ਰੀਮਤੀ ਚੋਪੜਾ ਨੇ ਮੌਕੇ 'ਤੇ ਮੌਜੂਦ ਸਮੂਹ ਵਿਦਿਆਰਥੀਆਂ ਨੂੰ ਮਾਨਸਿਕ ਤੌਰ 'ਤੇ ਬਿਮਾਰ ਲੋਕਾਂ ਦੀ ਵੱਧ ਤੋਂ ਵੱਧ ਮਦਦ ਕਰਨ ਲਈ ਪ੍ਰੇਰਿਤ ਕੀਤਾ।



## 235 ਗ੍ਰਾਮ ਨਸ਼ੀਲੇ ਪਦਾਰਥ ਸਮੇਤ 2 ਗ੍ਰਿਫ਼ਤਾਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ )**—ਇੰਸ: ਜਸਬੀਰ ਸਿੰਘ ਮੁੱਖ ਅਫਸਰ, ਥਾਣਾ ਚੱਬੇਵਾਲ ਹੁਸ਼ਿਆਰਪੁਰ ਦੀ ਦੇਖ ਰੇਖ ਹੇਠ ਗੁਰਨਾਮ ਸਿੰਘ ਜੇ ਆਰ ਸਮੇਤ ਪੁਲਸ ਪਾਰਟੀ ਪਿੰਡ ਬਜਰਾਵਰ ਪੁੱਜੀ ਤਾਂ ਸਾਹਮਣੇ ਤੋਂ ਇਕ ਮੋਟਰ ਸਾਈਕਲ ਨੰਬਰ -07-7329 ਮਾਰਕਾ ਸਪਲੈਂਡਰ 'ਤੇ 2 ਨੌਜਵਾਨ ਆਉਂਦੇ ਦਿਖਾਈ ਦਿੱਤੇ, ਜਿਹਨਾਂ ਨੂੰ ਸ਼ੱਕ ਦੇ ਤੌਰ 'ਤੇ ਰੋਕ ਕੇ ਚੈਕ ਕੀਤਾ ਤਾਂ ਮੋਟਰਸਾਈਕਲ ਚਾਲਕ ਕੇ ਆਪਣਾ ਨਾਂਅ ਵਿਸ਼ਾਲ ਪੁੱਤਰ ਗੁਰਮੇਲ ਸਿੰਘ ਵਾਸੀ ਬਜਰਾਵਰ ਥਾਣਾ ਚੱਬੇਵਾਲ ਦੱਸਿਆ, ਉਸਦੇ ਕੋਲੋਂ 110 ਗ੍ਰਾਮ ਨਸ਼ੀਲਾ ਪਦਾਰਥ ਬ੍ਰਾਮਦ ਹੋਇਆ ਅਤੇ ਪਿਛੇ ਬੈਠੇ ਨੌਜਵਾਨ ਬਲਜਿੰਦਰ ਸਿੰਘ ਉਰਫ ਬਿੱਲਾ ਪੁੱਤਰ ਜੋਗਿੰਦਰ ਸਿੰਘ ਵਾਸੀ ਮੈਹਿਨਾ ਥਾਣਾ ਚੱਬੇਵਾਲ ਪਾਸੋਂ 115 ਗ੍ਰਾਮ ਨਸ਼ੀਲਾ ਪਦਾਰਥ ਬ੍ਰਾਮਦ ਹੋਇਆ। ਜਿਹਨਾਂ ਦੇ ਖਿਲਾਫ ਥਾਣਾ ਚੱਬੇਵਾਲ ਵਿਖੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਪੰਜਾਬ ਸਰਕਾਰ ਦਾ ਲੋਕ ਵਿਰੋਧੀ ਚਿਹਰਾ ਸਾਹਮਣੇ ਆਇਆ : ਚੰਦੂਮਾਜਰਾ

**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**- ਪੰਜਾਬ ਦੇ ਮੁੱਖ ਮੰਤਰੀ ਵੱਲੋਂ ਐਸ ਵਾਈ ਐਲ ਦੇ ਮੁੱਦੇ 'ਤੇ ਕੀਤੀ ਜਾ ਰਹੀ ਬਿਆਨਬਾਜ਼ੀ ਬਿਲਕੁਲ ਗੈਰ ਸੰਜੀਦਗੀ ਵਾਲੀ ਹੈ , ਕਿਉਂਕਿ ਉਸ ਨੂੰ ਇਸ ਮਸਲੇ ਤੇ ਆਪਣਿਆਂ ਨਾਲ ਲੜਨ ਦੀ ਬਜਾਏ ਕੇਂਦਰ ਸਰਕਾਰ ਨਾਲ ਗੱਲ ਕਰਨੀ ਚਾਹੀਦੀ ਹੈ । ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਸਾਬਕਾ ਮੁੱਖ ਮੰਤਰੀ ਸਾਬਕਾ ਸੰਸਦ ਮੈਂਬਰ ਪ੍ਰੋ੍ ਪ੍ਰੇਮ ਸਿੰਘ ਚੰਦੂਮਾਜਰਾ ਨੇ ਇੱਥੇ ਮਾਂਗਟ ਮੋਟਰ ਵਿਖੇ ਗੱਲ ਕਰਦਿਆਂ ਕੀਤਾ । ਉਨ੍ਹਾਂ ਕਿਹਾ ਕਿ ਅਜੋਕਾ ਸਮਾਂ ਅਜਿਹਾ ਚੱਲ ਰਿਹਾ ਹੈ, ਜਿਸ ਵਿੱਚ ਪੰਜਾਬੀਆਂ ਨੂੰ ਏਕਾ ਕਰਨ ਦੀ ਲੋੜ ਸੀ ਤੇ ਇਹ ਲੜਾਈ ਕਿਸੇ ਇੱਕ ਦੀ ਨਹੀ ਸਗੋਂ ਸਾਰੇ ਪੰਜਾਬੀਆਂ ਦੀ ਹੈ । ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਬ ਉੱਚ ਅਦਾਲਤ ਵਿੱਚ ਹਲਫਨਾਮਾ ਦੇਣਾ ਕਿ ਐਸ ਵਾਈ ਐਲ ਪੰਜਾਬ ਵਿੱਚੋਂ ਨਿਕਲ ਸਕਦੀ ਹੈ ਜੋ ਕਿ ਬਹੁਤ ਹੀ ਮੰਦਭਾਗੀ ਗੱਲ ਹੈ ਅਤੇ ਇਸ 'ਤੇ ਵਿਰੋਧੀ ਪਾਰਟੀਆਂ ਰੌਲਾ ਤਾਂ ਪਾਉਣਗੀਆਂ ਅਤੇ ਇਸ ਨਾਲ ਹੀ ਸਰਕਾਰ ਦਾ ਲੋਕ ਵਿਰੋਧੀ ਚਿਹਰਾ ਸਾਹਮਣੇ ਆਇਆ ਹੈ । ਉਨ੍ਹਾਂ ਕਿਹਾ ਕਿ ਜਾਤ ਅਧਾਰਿਤ ਹੋ ਰਹੀ ਗਣਨਾ ਬਹੁਤ ਹੀ ਮੰਦਭਾਗੀ ਗੱਲ ਹੈ, ਕਿਉਂਕਿ ਇਸ ਨਾਲ ਦੇਸ਼ ਵਿੱਚ ਹੋਰ ਜਿਆਦਾ ਵੰਡੀਆਂ ਪੈਣਗੀਆਂ ਜੋ ਕਿ ਦੇਸ਼ ਹਿੱਤ ਵਿੱਚ ਨਹੀਂ ਹੈ । ਉਨ੍ਹਾਂ ਕਿਹਾ ਕਿ ਜੇ ਪੰਜਾਬ ਨੂੰ ਬਚਾਉਣਾ ਹੈ ਤਾਂ ਸਾਰਿਆਂ ਨੂੰ ਉਨ੍ਹਾਂ ਲੋਕਾਂ ਨਾਲ ਲੜਨਾ ਪਵੇਗਾ ਜੋ ਗੈਰ ਪਰੰਪਰਾਗਤ ਅਤੇ ਗੈਰ ਮਾਨਤਾ ਨਾਲ ਪੰਜਾਬ ਦੇ ਪਾਣੀਆਂ ਤੇ ਡਾਕਾ ਮਾਰ ਰਹੇ ਹਨ । ਇਸ ਮੌਕੇ ਸਾਬਕਾ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ, ਸੀਨੀਅਰ ਆਗੂ ਅਮਨਦੀਪ ਸਿੰਘ ਮਾਂਗਟ, ਬਲਦੇਵ ਸਿੰਘ ਹਾਫਿਜਾਬਾਦ , ਸ਼੍ਰੋਮਣੀ ਕਮੇਟੀ ਮੈਂਬਰ ਪਰਮਜੀਤ ਸਿੰਘ ਲੱਖੇਵਾਲ, ਯੂਥ ਆਗੂ ਲਖਵੀਰ ਸਿੰਘ ਲੱਖੀ, ਭਾਈ ਪਰਮਿੰਦਰ ਸਿੰਘ ਸੇਖੋਂ , ਸਤਨਾਮ ਸਿੰਘ ਹੈਪੀ ਅਤੇ ਮਨਜਿੰਦਰ ਸਿੰਘ ਰਾਜੂ ਆਦਿ ਹਾਜਰ ਸਨ ।

# ਅੱਖਾਂ ਦੀ ਜਾਂਚ ਤੇ ਮੋਤੀਆਬਿੰਦ ਦਾ ਆਪ੍ਰੇਸ਼ਨ ਕੈਂਪ



**ਜਲੰਧਰ :( ਸ਼ੈਲੀ ਐਲਬਰਟ)** ਬੋਰੀ ਮੈਮੋਰੀਅਲ ਐਜੂਕੇਸ਼ਨਲ ਐਂਡ ਮੈਡੀਕਲ ਟਰੱਸਟ ਦੁਆਰਾ ਚਲਾਈ ਗਈ ਸੀਐਸਆਰ ਦਿਸ਼ਾ- ਐਨ ਇੰਨੀਸ਼ਿਏਟਿਵ ਦੀ ਅਗਵਾਈ ਹੇਠ ਇੰਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਨੇ ਭਗਵਾਨ ਵਾਲਮੀਕ ਮੰਦਰ, ਪ੍ਰਤਾਪ ਪੁਰਾ, ਜਲੰਧਰ ਵਿਖੇ ਇੱਕ ਬਹੁਤ ਹੀ ਸਫਲ ਮੈਡੀਕਲ ਅੱਖਾਂ ਦਾ ਕੈਂਪ ਲਗਾਇਆ। ਇਸ ਆਊਟਰੀਚ ਪ੍ਰੋਗਰਾਮ ਦਾ ਉਦੇਸ਼ ਅੱਖਾਂ ਦੀ ਸਿਹਤ ਅਤੇ ਦ੍ਰਿਸ਼ਟੀ ਦੀ ਦੇਖਭਾਲ ਬਾਰੇ ਜਾਗਰੂਕਤਾ ਫੈਲਾਉਣ ਦੇ ਉਦੇਸ਼ ਨਾਲ ਸਥਾਨਕ ਭਾਈਚਾਰੇ ਨੂੰ ਅੱਖਾਂ ਦੀ ਮੁਫ਼ਤ ਜਾਂਚ, ਸਲਾਹ-ਮਸ਼ਵਰੇ ਅਤੇ ਬੁਨਿਆਦੀ ਇਲਾਜ ਮੁਹੱਈਆ ਕਰਵਾਉਣਾ ਸੀ । ਇਸ ਸਮਾਗਮ ਦਾ ਸੰਚਾਲਨ ਰਾਹੁਲ ਜੈਨ, ਡਿਪਟੀ ਡਾਇਰੈਕਟਰ, ਸਕੂਲਾਂ ਅਤੇ ਕਾਲਜਾਂ, ਡਾ: ਧੀਰਜ ਬਨਾਤੀ (ਡਿਪਟੀ ਡਾਇਰੈਕਟਰ ਐਫੀਲੀਏਸ਼ਨ ਪਲੇਨਿੰਗ ਐਂਡ ਇੰਪਲੀਮੈਨਟੇਸ਼ਨ, ਗਗਨਦੀਪ ਹੰਸਪਾਲ (ਐਚਓਡੀ ਹੋਟਲ ਮੈਨੇਜਮੈਂਟ) ਅਤੇ ਇੰਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਚਿਊਸ਼ਨਜ਼,ਲੋਹਾਰਾਂ ਦੇ ਮੈਡੀਕਲ ਲੈਬ ਸਾਇੰਸ ਵਿਭਾਗ ਦੁਆਰਾ ਕੀਤਾ ਗਿਆ ਸੀ । ਡਾ. ਰੋਹਨ ਬੌਰੀ (ਆਈ ਸਪੈਸ਼ਲਿਸਟ ਐਂਡ ਸਰਜਨ ਆਫ ਇੰਨੋਸੈਂਟ ਹਾਰਟਸ ਸੈਂਟਰ , ਸ਼ਹੀਦ ਊਧਮ ਸਿੰਘ ਨਗਰ, ਜਲੰਧਰ) ਅਤੇ ਉਨ੍ਹਾਂ ਦੀ ਟੀਮ ਨੇ ਅੱਖਾਂ ਦੀ ਡੂੰਘਾਈ ਨਾਲ ਜਾਂਚ ਕੀਤੀ, ਜਿਸ ਵਿੱਚ ਅੱਖਾਂ ਦੇ ਟੈਸਟ, ਅੱਖਾਂ ਦੇ ਦਬਾਅ ਦੀ ਜਾਂਚ ਅਤੇ ਆਮ ਅੱਖਾਂ ਦੀਆਂ ਬਿਮਾਰੀਆਂ ਲਈ ਸਕ੍ਰੀਨਿੰਗ ਸ਼ਾਮਲ ਸਨ। ਹਸਪਤਾਲ ਵਿਖੇ ਮਰੀਜ਼ਾਂ ਦੀ ਵਿਸਤ੍ਰਿਤ ਜਾਂਚ ਤੋਂ ਬਾਅਦ ਨਿਰਧਾਰਤ ਮਿਤੀ 'ਤੇ ਮੁਫ਼ਤ ਮੋਤੀਆਬਿੰਦ ਦਾ ਆਪ੍ਰੇਸ਼ਨ ਕੀਤਾ ਜਾਵੇਗਾ।ਇਸ ਨੇਕ ਉਪਰਾਲੇ ਦੀ ਸ਼ਲਾਘਾ ਕਰਨ ਲਈ ਸਥਾਨਕ ਪਤਵੰਤੇ ਸੱਜਣਾਂ ਅਤੇ ਪਿੰਡਾਂ ਦੇ ਸਰਪੰਚਾਂ ਨੇ ਵੀ ਕੈਂਪ ਦਾ ਦੌਰਾ ਕੀਤਾ । ਉਹਨਾਂ ਨੇ ਕਮਿਊਨਿਟੀ ਦੀਆਂ ਸਿਹਤ ਸੰਭਾਲ ਲੋੜਾਂ ਨੂੰ ਸੰਬੋਧਿਤ ਕਰਨ ਵਿੱਚ ਅਜਿਹੀ ਸਰਗਰਮ ਭੂਮਿਕਾ ਨਿਭਾਉਣ ਲਈ ਗਰੁੱਪ ਦੀ ਸ਼ਲਾਘਾ ਕੀਤੀ ।

# ਸਮਾਜ ਭਲਾਈ ਮੋਰਚੇ ਨੇ ਜਤਿੰਦਰ ਹੈਪੀ ਨੂੰ ਦੋਆਬਾ ਪ੍ਰਧਾਨ ਨਿਯੁਕਤ ਕੀਤਾ



ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਸਮਾਜ ਭਲਾਈ ਮੋਰਚਾ ਦੀ ਇਕ ਅਹਿਮ ਮੀਟਿੰਗ ਸਰਕਾਰੀ ਕਾਲਜ ਰੋਡ ਸਥਿਤ ਸਮਾਜ ਭਲਾਈ ਮੋਰਚੇ ਦੇ ਮੁੱਖ ਦਫ਼ਤਰ ਵਿਖੇ ਰਾਸ਼ਟਰੀ ਪ੍ਰਧਾਨ ਦਵਿੰਦਰ ਕੁਮਾਰ ਸਰੋਆ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਜਤਿੰਦਰ ਕੁਮਾਰ ਹੈਪੀ ਨੂੰ ਦੋਆਬਾ ਪ੍ਰਧਾਨ ਨਿਯੁਕਤ ਕੀਤਾ ਗਿਆ। ਹੈਪੀ ਨੇ ਪਾਰਟੀ ਹਾਈ ਕਮਾਂਡ ਦਾ ਧੰਨਵਾਦ ਕੀਤਾ ਅਤੇ ਭਰੋਸਾ ਦਿਵਾਇਆ ਕਿ ਉਹ ਪਾਰਟੀ ਨੂੰ ਬੁਲੰਦੀਆਂ 'ਤੇ ਲਿਜਾਣ ਲਈ ਦਿਨ-ਰਾਤ ਕੰਮ ਕਰਨਗੇ ਤੇ ਸੰਵਿਧਾਨ ਵਿਰੋਧੀ ਤਾਕਤਾਂ 'ਤੇ ਨੱਥ ਪਾਵਾਂਗੇ ਅਤੇ ਸਮਾਜ ਭਲਾਈ ਮੋਰਚਾ ਦੇਸ਼ ਦੀ ਤਰੱਕੀ ਲਈ ਹਰ ਸੰਭਵ ਯੋਗਦਾਨ ਦੇਵੇਗਾ ਅਤੇ ਬਾਬਾ ਸਾਹਿਬ ਅੰਬੇਡਕਰ ਦੇ ਮਿਸ਼ਨ ਨੂੰ ਘਰ-ਘਰ ਪਹੁੰਚਾਵਾਂਗੇ। ਇਸ ਮੌਕੇ ਜਸਜੀਤ ਸਿੰਘ ਸੈਣੀ, ਰਮਨਪ੍ਰੀਤ ਪ੍ਰਧਾਨ ਹਲਕਾ ਚੱਬੇਵਾਲ, ਸਤਵੀਰ ਸਕੱਤਰ ਚੱਬੇਵਾਲ, ਅੰਕਿਤ ਸਿੱਧੂ, ਕਰਨਦੀਪ, ਸੁਖਵਿੰਦਰ ਸਿੰਘ, ਨਵਜੋਤ ਸਿੰਘ, ਗੁਰਪ੍ਰੀਤ ਸਿੰਘ, ਰਵੀ ਕੁਮਾਰ, ਸੁਰਿੰਦਰ ਠਾਕੁਰ, ਜਨਵੀਰ ਸਰੋਆ, ਅਵਤਾਰ ਸਿੰਘ ਅਤੇ ਹੋਰ ਪਾਰਟੀ ਵਰਕਰ ਹਾਜ਼ਰ ਸਨ।

## ਧਾਰਮਿਕ ਸਮਾਗਮ 17 ਨੂੰ

**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**-ਬਾਪੂ ਗੰਗਾ ਦਾਸ ਜੀ ਵੈਲਫੇਅਰ ਸੋਸਾਇਟੀ ਰਜਿਸਟਰਡ ਵੱਲੋਂ ਡੇਰਾ ਬਾਪੂ ਗੰਗਾ ਦਾਸ ਜੀ ਮਾਹਿਲਪੁਰ ਵਿਖੇ ਇਲਾਕਾ ਨਿਵਾਸੀ ਸੰਗਤਾਂ ਦੇ ਭਰਪੂਰ ਸਹਿਯੋਗ ਸਦਕਾ ਸੰਗਰਾਂਦ ਦਾ ਸ਼ੁੱਭ ਦਿਹਾੜਾ 17 ਅਕਤੂਬਰ ਨੂੰ ਸਵੇਰੇ 11 ਤੋਂ ਦੁਪਹਿਰ 2 ਵਜੇ ਤੱਕ ਬਹੁਤ ਹੀ ਸ਼ਰਧਾ ਤੇ ਉਤਸ਼ਾਹ ਪੂਰਵਕ ਢੰਗ ਨਾਲ ਮਨਾਇਆ ਜਾ ਰਿਹਾ ਹੈ। ਅਸਥਾਨ ਦੇ ਮੁੱਖ ਸੇਵਾਦਾਰ ਮਨਦੀਪ ਬੈਂਸ ਨੇ ਦੱਸਿਆ ਕਿ ਇਸ ਮੌਕੇ ਆਤਿਸ਼, ਹਰਮੇਸ ਰੰਗੀਲਾ ਅਤੇ ਓਂਕਾਰ ਵਾਲੀਆ ਧਾਰਮਿਕ ਪ੍ਰੋਗਰਾਮ ਪੇਸ਼ ਕਰਨਗੇ। ਗੁਰੂ ਕਾ ਲੰਗਰ ਅਟੁੱਟ ਚੱਲੇਗਾ।

## ਇਲਾਜ ਦੌਰਾਨ ਅਣਪਛਾਤੇ ਵਿਅਕਤੀ ਦੀ ਮੌਤ



**ਫਿਲੌਰ, ( ਨਿਰਮਲ )** ਥਾਣਾ ਫਿਲੌਰ ਦੇ ਏ ਐਸ ਆਈ ਜਸਵਿੰਦਰ ਸਿੰਘ ਨੇ ਦੱਸਿਆ ਕਿ ਬੀਤੇ ਦਿਨੀਂ ਉਨ੍ਹਾਂ ਨੂੰ ਜਖਮੀ ਹਾਲਤ 'ਚ ਵਿਅਕਤੀ ਮਿਲਿਆ ਸੀ, ਜਿਸ ਨੂੰ ਇਲਾਜ ਲਈ ਸਿਵਲ ਹਸਪਤਾਲ ਫਿਲੌਰ ਵਿਖੇ ਦਾਖਲ ਕਰਵਾਇਆ ਗਿਆ। ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਜਿਸ ਦੀ ਪਹਿਚਾਣ ਨਹੀਂ ਹੋ ਸਕੀ। ਮ੍ਰਿਤਕ ਵਿਅਕਤੀ ਦੀ ਉਮਰ ਕਰੀਬ 45/50 ਸਾਲ ਕੱਦ 5-5/6 ਇੰਚ, ਰੰਗ ਸਾਫ, ਸਰੀਰ ਪਤਲਾ,ਧਾਰੀਦਾਰ ਕਮੀਜ ਚਿੱਟਾ, ਮਹਿੰਦੀ ਰੰਗ ਦਾ ਲੋਅਰ ਪਾਇਆ ਹੋਇਆ ਹੈ। ਲਾਸ਼ ਸ਼ਨਾਖਤ ਲਈ ਸਿਵਲ ਹਸਪਤਾਲ ਫਿਲੌਰ ਵਿਖੇ ਰੱਖੀ ਗਈ ਹੈ।

## ਜਲ ਸ਼ਕਤੀ ਕੇਂਦਰ 'ਚ ਕਰਵਾਈ ਗਈ ਇੰਟਰ ਸਕੂਲ ਪ੍ਰਤੀਯੋਗਤਾ



**ਹੁਸ਼ਿਆਰਪੁਰ: (ਓ ਪੀ ਰਾਣਾ )** -ਪੰਡਤ ਜਗਤ ਰਾਮ ਮੈਮੋਰੀਅਲ ਟਰੱਸਟ ਵਲੋਂ ਜਲ ਸ਼ਕਤੀ ਕੇਂਦਰ ਵਿਚ ਜਲ ਸੰਭਾਲ ਵਿਸ਼ੇ 'ਤੇ ਸਕੂਲਾਂ ਦੇ ਭਾਸ਼ਣ ਅਤੇ ਪੇਂਟਿੰਗ ਮੁਕਾਬਲੇ ਆਯੋਜਿਤ ਕੀਤੇ ਗਏ। ਸਮਾਰੋਹ ਵਿਚ ਮੁੱਖ ਮਹਿਮਾਨ ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ, ਭੂਮੀ ਸੰਭਾਲ ਅਫ਼ਸਰ ਕੇਸ਼ਵ ਕੁਮਾਰ ਅਤੇ ਐਸ.ਡੀ.ਓ. ਰਾਜੇਸ਼ ਸ਼ਰਮਾ (ਤਲਵਾੜਾ) ਸ਼ਾਮਲ ਹੋਏ। ਵਧੀਕ ਡਿਪਟੀ ਕਮਿਸ਼ਨਰ ਨੇ ਸੰਬੋਧਨ ਕਰਦੇ ਹੋਏ ਪਾਣੀ ਦੀ ਸੰਭਾਲ ਬਾਰੇ ਜਾਗਰੂਕ ਕੀਤਾ। ਵੱਖ-ਵੱਖ ਸਕੂਲਾਂ ਤੋਂ ਆਏ ਵਿਦਿਆਰਥੀਆਂ ਦਾ ਆਪਸ ਵਿਚ ਪਾਣੀ ਦੀ ਸੰਭਾਲ ਨੂੰ ਲੈ ਕੇ ਕਰਵਾਏ ਗਏ ਭਾਸ਼ਣ ਮੁਕਾਬਲਿਆਂ ਵਿਚ ਪਹਿਲੇ ਸਥਾਨ 'ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਾਗੋਵਾਲ ਦੀ ਪ੍ਰਿੰਅਕਾ ਕੁਮਾਰੀ, ਦੂਜੇ ਸਥਾਨ 'ਤੇ ਡੀ.ਏ.ਵੀ ਸੀਨੀਅਰ ਸੈਕੰਡਰੀ ਸਕੂਲ ਹੁਸ਼ਿਆਰਪੁਰ ਦੀ ਈਸ਼ਾ ਬੈਂਸ ਅਤੇ ਤੀਜੇ ਸਥਾਨ 'ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੋਹਣ ਦੀ ਹਰਜੋਤ ਕੌਰ ਰਹੀ। ਪੇਂਟਿੰਗ ਮੁਕਾਬਲਿਆਂ ਵਿਚ ਪਹਿਲੇ ਸਥਾਨ 'ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਾਗੋਵਾਲ, ਦੂਜੇ ਸਥਾਨ 'ਤੇ ਡੀ.ਏ.ਵੀ ਸੀਨੀਅਰ ਸੈਕੰਡਰੀ ਸਕੂਲ ਅਤੇ ਤੀਜੇ ਸਥਾਨ 'ਤੇ ਐਲ.ਐਸ.ਡੀ ਸੀਨੀਅਰ ਸੈਕੰਡਰੀ ਸਕੂਲ ਬਸੀ ਦੌਲਤ ਖਾਂ ਰਿਹਾ। ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਏ ਵਿਦਿਆਰਥੀਆਂ ਨੂੰ ਟਰਾਫੀ, ਸਰਟੀਫਿਕੇਟ ਅਤੇ ਨਗਦ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪੰਡਤ ਜਗਤਰਾਮ ਮੈਮੋਰੀਅਲ ਫੋਰਸ ਟਰੱਸਟ ਦੇ ਡਾਇਰੈਕਟਰ ਸੰਜੀਵ ਸ਼ਰਮਾ ਅਤੇ ਚੇਅਰਪਰਸਨ ਜਿਓਤੀ ਸ਼ਰਮਾ ਅਤੇ ਸਮੂਹ ਟੀਮ ਮੌਜੂਦ ਸੀ।

## ਵੋਟਰ ਸੂਚੀਆਂ ਦੀ ਸਪੈਸ਼ਲ ਸੁਧਾਈ ਸੰਬੰਧੀ ਪ੍ਰੋਗਰਾਮ 27 ਤੋਂ ਸ਼ੁਰੂ

**ਐੱਸ ਏ ਐੱਸ ਨਗਰ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)** ਮੁੱਖ ਚੋਣ ਅਫਸਰ, ਪੰਜਾਬ,ਚੰਡੀਗੜ੍ਹ ਦੀਆਂ ਹਦਾਇਤਾਂ ਅਨੁਸਾਰ ਯੋਗਤਾ ਮਿਤੀ ਇੱਕ ਜਨਵਰੀ 2024 ਦੇ ਆਧਾਰ 'ਤੇ ਵੋਟਰ ਸੂਚੀਆਂ ਦੀ ਸਪੈਸ਼ਲ ਸੁਧਾਈ ਸਬੰਧੀ ਪ੍ਰੋਗਰਾਮ ਮਿਤੀ 27 ਅਕਤੂਬਰ ਤੋਂ ਸ਼ੁਰੂ ਹੋ ਰਿਹਾ ਹੈ। ਮਿਤੀ 27 ਅਕਤੂਬਰ ਤੋਂ 09 ਦਸੰਬਰ ਤੱਕ ਦਾਅਵੇ ਅਤੇ ਇਤਰਾਜ ਪ੍ਰਾਪਤ ਕੀਤੇ ਜਾਣਗੇ। ਇਸੇ ਤਰ੍ਹਾਂ ਬੂਥ ਲੈਵਲ ਅਫਸਰ (ਬੀ.ਐਲ.ਓਜ਼) ਦੁਆਰਾ ਦਾਅਵੇ ਅਤੇ ਇਤਰਾਜ ਪ੍ਰਾਪਤ ਕਰਨ ਲਈ ਮਿਤੀ 04 ਨਵੰਬਰ (ਸ਼ਨੀਵਾਰ) ਅਤੇ 05 ਨਵੰਬਰ (ਐਤਵਾਰ) ਅਤੇ 02 ਦਸੰਬਰ (ਸ਼ਨੀਵਾਰ) ਅਤੇ 03 ਦਸੰਬਰ (ਐਤਵਾਰ) ਨੂੰ ਸਵੇਰੇ 9:00 ਵਜੇ ਤੋਂ ਸ਼ਾਮ 5:00 ਵਜੇ ਤੱਕ ਪੋਲਿੰਗ ਸਟੇਸ਼ਨਾਂ 'ਤੇ ਵਿਸ਼ੇਸ਼ ਕੈਂਪ ਲਗਾਏ ਜਾਣਗੇ। ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ, ਐਸ.ਏ.ਐਸ.ਨਗਰ ਸ੍ਰੀਮਤੀ ਆਸ਼ਿਕਾ ਜੈਨ ਨੇ ਦੱਸਿਆ ਕਿ ਸਮੂਹ ਈ.ਆਰ.ਓਜ਼ ਵੱਲੋਂ ਆਪਣੇ ਵਿਧਾਨ ਸਭਾ ਚੋਣ ਹਲਕਿਆਂ ਵਿੱਚ ਇਨ੍ਹਾਂ ਕੈਂਪਾਂ ਦੀ ਨਿਗਰਾਨੀ ਕੀਤੀ ਜਾਵੇਗੀ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਹਰ ਪੋਲਿੰਗ ਸਟੇਸ਼ਨ ਉਪਰ ਦੋਵੇ ਦਿਨ ਇਹ ਵਿਸ਼ੇਸ਼ ਕੈਂਪ ਲੱਗਣ। ਉਨ੍ਹਾਂ ਕਿਹਾ ਕਿ ਸਪੈਸ਼ਲ ਕੈਂਪ ਦੌਰਾਨ ਬੀ.ਐਲ.ਓਜ਼ ਪੋਲਿੰਗ ਸਟੇਸ਼ਨ ਵਿੱਚ ਨਾਗਰਿਕਾਂ/ਵੋਟਰਾਂ ਪਾਸੋਂ ਦਾਅਵੇ/ਇਤਰਾਜ (ਫਾਰਮ ਨੰ.6, 7 ਅਤੇ 8) ਪ੍ਰਾਪਤ ਕਰਨਗੇ। ਇਸ ਤੋਂ ਇਲਾਵਾ ਅਧਾਰ ਕਾਰਡ ਨੂੰ ਵੋਟਰ ਕਾਰਡ ਨਾਲ ਲਿੰਕ ਕਰਨ ਦੇ ਟੀਚੇ ਨੂੰ ਵੀ ਪੂਰਾ ਕੀਤਾ ਜਾਵੇਗਾ। 18-19 ਸਾਲ ਦੇ ਯੁਵਾ ਅਤੇ ਦਿਵਿਆਂਗਜਨਾਂ ਦੀਆਂ ਵੋਟਾਂ ਬਣਾਉਣ ਲਈ ਵੀ ਵਿਸ਼ੇਸ਼ ਅਭਿਆਨ ਚਲਾਇਆ ਜਾ ਰਿਹਾ ਹੈ। ਉਨ੍ਹਾਂ 1 ਜਨਵਰੀ 2024 ਨੂੰ 18 ਸਾਲ ਦੀ ਉਮਰ ਪੂਰੀ ਕਰਨ ਵਾਲੇ ਸਮੂਹ ਨੌਜਵਾਨ ਲੜਕੇ-ਲੜਕੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀਆਂ ਵੋਟਾਂ ਜ਼ਰੂਰ ਬਣਾਉਣ। ਵੋਟ ਬਣਾਉਣ ਲਈ ਫਾਰਮ ਨੰ. 6, ਵੋਟ ਕਟਵਾਉਣ ਲਈ ਫਾਰਮ ਨੰ. 7, ਵੋਟ ਵਿੱਚ ਸੋਧ ਕਰਵਾਉਣ/ਵੋਟ ਸ਼ਿਫਟ ਕਰਵਾਉਣ ਲਈ ਫਾਰਮ ਨੰ. 8 ਤੇ ਭਰਿਆਂ ਜਾ ਸਕਦਾ ਹੈ। ਜ਼ਿਲ੍ਹਾ ਚੋਣ ਅਫਸਰ, ਐਸ.ਏ.ਐਸ. ਨਗਰ ਨੇ ਜ਼ਿਲ੍ਹੇ ਦੇ ਲੋਕਾਂ ਨੂੰ ਵੀ ਅਪੀਲ ਕੀਤੀ ਹੈ ਕਿ 4 ਤੇ 5 ਨਵੰਬਰ ਨੂੰ ਪੋਲਿੰਗ ਸਟੇਸ਼ਨਾਂ 'ਤੇ ਲੱਗ ਰਹੇ ਵਿਸ਼ੇਸ਼ ਕੈਂਪ ਵਿੱਚ ਬੀ.ਐਲ.ਓਜ਼. ਅਧਿਕਾਰੀਆਂ ਨੂੰ ਪੂਰਾ-ਪੂਰਾ ਸਹਿਯੋਗ ਦੇਣ।

# ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਵਿਚਾਰਾਂ



**ਜਲੰਧਰ, ( ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਜ਼ਿਲ੍ਹਾ ਵਿਕਾਸ ਯੋਜਨਾ ਤਿਆਰ ਕਰਨ ਦੇ ਮੰਤਵ ਨਾਲ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅੰਮ੍ਰਿਤਪਾਲ ਸਿੰਘ ਵੱਲੋਂ ਅੱਜ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲਗਾਤਾਰ ਲੋਕ-ਪੱਖੀ ਫੈਸਲੇ ਲਏ ਜਾ ਰਹੇ ਹਨ ਤਾਂ ਜੋ ਲੋਕਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ। ਉਨਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਜ਼ਿਲ੍ਹੇ ਦੇ ਸਮੂਹ ਹਲਕਿਆਂ ਦੇ ਵਿਕਾਸ ਕਾਰਜਾਂ ਲਈ ਫੰਡ ਜਾਰੀ ਕੀਤੇ ਜਾਣੇ ਹਨ, ਜਿਸ ਨੂੰ ਯੋਜਨਾਬੱਧ ਤਰੀਕੇ ਨਾਲ ਖਰਚ ਕਰਨ ਲਈ ਜ਼ਿਲ੍ਹਾ ਪੱਧਰੀ ਯੋਜਨਾ ਤਿਆਰ ਕੀਤੀ ਜਾ ਰਹੀ ਹੈ। ਉਨਾਂ ਕਿਹਾ ਕਿ ਇਸੇ ਮੰਤਵ ਤਹਿਤ ਫਿਲੌਰ ਹਲਕੇ ਦੀ ਯੋਜਨਾ ਤਿਆਰ ਕਰਨ ਸਬੰਧੀ ਦੂਜੀ ਮੀਟਿੰਗ ਹਲਕੇ ਦੇ ਬੀ.ਡੀ.ਪੀ.ਓ. ਦਫਤਰ ਵਿੱਚ ਕੀਤੀ ਗਈ ਹੈ। ਇਸ ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਭਾਗ ਲਿਆ, ਜਿਨ੍ਹਾਂ ਨੂੰ ਆਪੋ-ਆਪਣੇ ਵਿਭਾਗਾਂ ਨਾਲ ਸਬੰਧਤ ਯੋਜਨਾਵਾਂ ਤਿਆਰ ਕਰਕੇ ਜ਼ਿਲ੍ਹਾ ਯੋਜਨਾ ਕਮੇਟੀ ਨੂੰ ਸੌਂਪਣ ਲਈ ਕਿਹਾ ਗਿਆ ਹੈ। ਇਸ ਮੌਕੇ ਹਲਕਾ ਫਿਲੌਰ ਦੇ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ, ਜ਼ਿਲ੍ਹਾ ਦਿਹਾਤੀ ਦੇ ਪ੍ਰਧਾਨ ਸਟੀਵਨ ਕਲੇਰ, ਮਾਰਕੀਟ ਕਮੇਟੀ ਦੇ ਦੋਵੇਂ ਚੇਅਰਮੈਨ ਰੌਸ਼ਨ ਲਾਲ, ਪ੍ਰਦੀਪ ਦੁਗਾਲ ਅਤੇ ਬਲਾਕ ਪ੍ਰਧਾਨ ਮੌਜੂਦ ਸਨ।

## ਸਿਵਲ ਹਸਪਤਾਲ ਦੇ ਬਾਹਰ ਚਾਹ ਦੀਆਂ ਰੇਹੜੀਆਂ 'ਤੇ ਹੋ ਰਿਹੈ ਨਸ਼ੇ ਦਾ ਕਾਰੋਬਾਰ : ਬਾਲੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**— ਜ਼ਿਲ੍ਹਾ ਸੰਘਰਸ਼ ਕਮੇਟੀ ਵਲੋਂ ਇਕ ਮੈਮੋਰੈਂਡਮ ਜ਼ਿਲ੍ਹਾ ਪ੍ਰਧਾਨ ਕਰਮਵੀਰ ਬਾਲੀ ਦੀ ਪ੍ਰਧਾਨਗੀ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਮ ਡਿਸਟ੍ਰਿਕ ਹੈਲਥ ਆਫਸਰ ਲਖਵੀਰ ਸਿੰਘ ਨੂੰ ਦਿੱਤਾ ਗਿਆ। ਬਾਲੀ ਨੇ ਕਿਹਾ ਕਿ ਸਿਵਲ ਹਸਪਤਾਲ ਦੇ ਬਾਹਰ ਚਾਹ ਦੀਆਂ ਰੇਹੜੀਆਂ 'ਤੇ ਵੱਡੇ ਪੱਧਰ 'ਤੇ ਨਸ਼ੇ ਦਾ ਕਾਰੋਬਾਰ ਹੋ ਰਿਹਾ ਹੈ। ਸਵੇਰੇ ਹੀ ਨਸ਼ੇੜੀਆਂ ਦੀਆਂ ਲਾਈਨਾਂ ਲੱਗ ਜਾਂਦੀਆਂ ਹਨ। ਇਥੋਂ ਹੀ ਨਸ਼ਾ ਖਰੀਦ ਕੇ ਨਸ਼ੇੜੀ ਮਹਿੰਗੇ ਭਾਅ 'ਤੇ ਨਸ਼ਾ ਵੇਚ ਰਹੇ ਹਨ। ਹੈਰਾਨੀ ਦੀ ਗੱਲ ਹੈ ਕਿ ਕੈਬਿਨੇਟ ਮੰਤਰੀ ਸ਼ਹਿਰ ਦਾ ਹੁੰਦੇ ਹੋਏ ਆਏ ਦਿਨ ਸਿਵਲ ਹਸਪਤਾਲ ਦੇ ਦੌਰੇ ਹੁੰਦੇ ਰਹਿਣ ਦੇ ਬਾਵਜੂਦ ਨਸ਼ਾ ਸਰੇਆਮ ਬਿਕ ਰਿਹਾ ਹੈ। ਨਸ਼ਾ ਵੇਚਣ ਵਾਲੇ ਐਨੇ ਬੇਖੌਫ ਹਨ ਕਿ ਉਨ੍ਹਾਂ ਨੂੰ ਕਿਸੇ ਦੀ ਪਰਵਾਹ ਹੀ। ਉਹ ਬਿਨਾਂ ਡਰ ਦੇ ਨਸ਼ਾ ਵੇਚ ਰਹੇ ਹਨ। ਬਾਲੀ ਨੇ ਕਿਹਾ ਕਿ ਜ਼ਿਲ੍ਹਾ ਪ੍ਰਧਾਨ ਕਮੇਟੀ ਵਲੋਂ ਇਕ ਹਫਤੇ ਤੋਂ ਬਾਅਦ ਕਾਰਵਾਈ ਨਾ ਹੋਣ ਦੇ ਕਾਰਨ ਅਨਿਸਚਿਤਕਾਲੀਨ ਦਾ ਧਰਨਾ ਦਿੱਤਾ ਜਾਵਗੇ ਜਦੋਂ ਤਕ ਇਥੋਂ ਨਸ਼ੇ ਦਾ ਕਾਰੋਬਾਰ ਸਮਾਪਤ ਨਹੀਂ ਹੋ ਜਾਂਦਾ। ਇਸ ਮੌਕੇ 'ਤੇ ਨਿਰਮਲ ਸਿੰਘ, ਨਰਿੰਦਰ ਸਿੰਘ ਆਦਿ ਮੌਜੂਦ ਸਨ।

## ਪੰਜਾਬ ਸਟੇਟ ਪੈਨਸ਼ਨਰਜ਼ ਕਨਫੈਡਰੇਸ਼ਨ ਵਲੋਂ ਰੈਲੀ 'ਚ ਸ਼ਮੂਲੀਅਤ ਦੀ ਅਪੀਲ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਪੰਜਾਬ ਮੁਲਾਜ਼ਮ ਪੈਨਸ਼ਨਰਜ ਸਾਂਝਾ ਫਰੰਟ ਵਲੋਂ 14 ਅਕਤੂਬਰ ਨੂੰ ਸੂਬਾ ਪੱਧਰੀ ਰੈਲੀ ਚੰਡੀਗੜ੍ਹ ਵਿਖੇ ਰੱਖੀ ਗਈ ਹੈ। ਕਨਫੈਡਰੇਸ਼ਨ ਦੇ ਸੂਬਾਈ ਆਗੂਆਂ ਕਰਮ ਸਿੰਘ ਧਨੋਆ ਪ੍ਰਧਾਨ, ਕੁਲਵਰਨ ਸਿੰਘ ਜਨਰਲ ਸਕੱਤਰ ਅਤੇ ਪ੍ਰੇਮ ਚੰਦ ਅਗਰਵਾਲ ਵਿਤ ਸਕੱਤਰ ਨੇ ਸਾਂਝਾ ਪ੍ਰੈਸ ਬਿਆਨ ਜਾਰੀ ਕਰਦਿਆਂ ਪੰਜਾਬ ਦੇ ਸਮੁੱਚੇ ਪੈਨਸ਼ਨਰਜ ਨੂੰ ਅਪੀਲ ਕੀਤੀ ਕਿ ਇਸ ਮਹਾ ਰੈਲੀ ਵਿੱਚ ਵੱਡੇ ਪੱਧਰ 'ਤੇ ਸ਼ਾਮਿਲ ਹੋਣਾ ਯਕੀਨੀ ਬਣਾਇਆ ਜਾਵੇ। ਸੂਬੇ ਦੇ ਸਮੁੱਚੇ ਜ਼ਿਲ੍ਹਾ ਪ੍ਰਧਾਨਾਂ ਅਤੇ ਆਗੂਆਂ ਨੂੰ ਬੇਨਤੀ ਹੈ ਕਿ ਆਪਣੇ ਆਪਣੇ ਸਬ ਯੂਨਿਟਾਂ ਦੀਆਂ ਡਿਊਟੀਆਂ ਅਤੇ ਕੋਟੇ ਨਿਰਧਾਰਤ ਕਰਕੇ ਸੁਚੱਜੀ ਯੋਜਨਾਬੰਦੀ ਕੀਤੀ ਜਾਵੇ ਤਾਂ ਜੋ ਇਕੱਲੀ ਕਨਫੈਡਰੇਸ਼ਨ ਵਲੋਂ 2500 ਤੋਂ ਵੱਧ ਪੈਨਸ਼ਨਰਜ ਦੀ ਉਪਰੋਕਤ ਰੈਲੀ ਵਿੱਚ ਸ਼ਮੂਲੀਅਤ ਯਕੀਨੀ ਹੋ ਸਕੇ। ਸਰਕਾਰ ਵਲੋਂ ਮੀਟਿੰਗਾਂ ਦੇ ਕੇ ਮੀਟਿੰਗਾਂ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਪੰਜਾਬ ਦੇ ਮੁਲਾਜ਼ਮਾਂ ਪੈਨਸ਼ਨਰਾਂ ਦੀਆਂ ਮੰਗਾਂ ਦੀ ਪੂਰਤੀ ਨਹੀਂ ਕੀਤੀ ਜਾ ਰਹੀ। ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨਾ, ਮਾਣ ਭੱਤਿਆਂ ਵਿੱਚ ਵਾਧਾ ਕਰਨਾ, ਪੈਨਸ਼ਨਰਜ ਨੂੰ ਪੈਨਸ਼ਨ ਸੋਧ ਦਾ 2.59 ਗੁਣਾਂਕ ਅਤੇ ਨੋਸ਼ਨਲ ਫਿਕਸ਼ੇਸ਼ਨ ਕੇਂਦਰੀ ਪੈਟਰਨ ਤੇ ਦੇਣਾ, ਤਨਖਾਹ ਕਮਿਸ਼ਨ ਦੇ ਬਕਾਏ ਯਕਮੁਸ਼ਤ ਦੇਣਾ, ਡੀ ਏ ਦੀਆਂ ਰਹਿੰਦੀਆਂ ਕਿਸ਼ਤਾਂ ਰੀਲੀਜ਼ ਕਰਨਾ, ਮੁਲਾਜ਼ਮਾਂ ਦੇ ਖੋਹੇ ਭੱਤੇ ਬਹਾਲ ਕਰਨਾ, ਪੁਰਾਣੀ ਪੈਨਸ਼ਨ ਬਹਾਲ ਕਰਨਾ, ਕਾਰਪੋਰੇਸ਼ਨਾਂ, ਬੋਰਡਾਂ ਆਦਿ ਦੇ ਪੈਨਸ਼ਨਰਜ ਦੀਆਂ ਪੈਨਸ਼ਨਾਂ ਰੈਗੂਲਾਰਾਈਜ ਕਰਨਾ, ਕੈਸ਼ਲੈਸ ਇਲਾਜ ਸਕੀਮ ਚਾਲੂ ਕਰਨਾ, ਮੁਲਾਜ਼ਮਾਂ ਦੀ ਸਕੀਮ ਮੁੜ ਚਾਲੂ ਕਰਨਾ ਆਦਿ ਭਖਦੀਆਂ ਤੇ ਲਟਕਦੀਆਂ ਮੰਗਾਂ ਦੀ ਪੂਰਤੀ ਕਰਵਾਉਣ ਲਈ ਲਾਮਬੰਦ ਹੋ ਕੇ 14 ਅਕਤੂਬਰ ਨੂੰ ਚੰਡੀਗੜ੍ਹ ਵੱਲ ਵਹੀਰਾਂ ਘੱਤ ਕੇ ਲਾਮਿਸਾਲ ਇਕੱਠ ਕਰਕੇ ਸੁੱਤੀ ਸਰਕਾਰ ਨੂੰ ਜਗਾਇਆ ਅਤੇ ਮੰਗਾਂ ਮੰਨਣ ਲਈ ਮਜਬੂਰ ਕੀਤਾ ਜਾ ਸਕੇ।

## ਸਵੈ-ਇੱਛਾ ਨਾਲ ਖੂਨਦਾਨ ਦੀ ਪ੍ਰੇਰਨਾ ਦੇਣ ਲਈ ਕਰਵਾਏ ਸਕੂਲੀ ਵਿਦਿਆਰਥੀਆਂ ਦੇ ਪੋਸਟਰ ਮੇਕਿੰਗ ਮੁਕਾਬਲੇ



**ਫਗਵਾੜਾ (ਡਾ. ਰਮਨ, ਢੱਡਾ )** ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਦੀ ਤਰਫੋਂ ਚੇਅਰਮੈਨ ਕੇ.ਕੇ. ਸਰਦਾਨਾ ਦੀ ਸਰਪ੍ਰਸਤੀ ਹੇਠ ਸਵਾਮੀ ਸੰਤ ਦਾਸ ਪਬਲਿਕ ਸਕੂਲ ਵਿੱਚ ਸਵੈ-ਇੱਛਾ ਨਾਲ ਖੂਨਦਾਨ ਕਰਨ ਲਈ ਪ੍ਰੇਰਿਤ ਕਰਨ ਦੇ ਉਦੇਸ਼ ਨਾਲ ਵਿਦਿਆਰਥੀਆਂ ਦੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਸੌ ਤੋਂ ਵੱਧ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਸੀ। ਪਹਿਲੇ ਵਰਗ ਵਿੱਚ 8ਵੀਂ ਅਤੇ 9ਵੀਂ ਜਮਾਤ ਦੇ ਵਿਦਿਆਰਥੀ ਸ਼ਾਮਲ ਸਨ ਜਦਕਿ ਦੂਜੇ ਵਰਗ ਵਿੱਚ 10ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀ ਸ਼ਾਮਲ ਸਨ। ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਪਹਿਲੇ ਗਰੁੱਪ ਵਿੱਚ ਪ੍ਰਿਆ ਸੋਨਵਾਨੀ ਜੇਤੂ ਰਹੀ ਜਦਕਿ ਸਵਿਨੈ ਕੁਮਾਰ ਅਤੇ ਹਿਤੇਸ਼ ਰਤਨ ਕ੍ਰਮਵਾਰ ਦੂਜੇ ਅਤੇ ਤੀਜੇ ਸਥਾਨ 'ਤੇ ਰਹੇ। ਦੂਜੇ ਗਰੁੱਪ ਦਾ ਪਹਿਲਾ ਇਨਾਮ ਹਰਸ਼ਿਤ, ਦੂਜਾ ਸ੍ਰੀਜਨ ਅਤੇ ਤੀਜਾ ਹਰਸੁਖ ਚੱਗਰ ਨੂੰ ਦਿੱਤਾ ਗਿਆ। ਜੇਤੂ ਵਿਦਿਆਰਥੀਆਂ ਨੂੰ ਇਨਾਮਾਂ ਦੀ ਵੰਡ ਲਈ ਐਡਵੋਕੇਟ ਕਸ਼ਮੀਰ ਸਿੰਘ ਮੱਲੀ ਚੇਅਰਮੈਨ ਨਗਰ ਸੁਧਾਰ ਟਰੱਸਟ ਫਗਵਾੜਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਉਨ੍ਹਾਂ ਬਲੱਡ ਬੈਂਕ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਖੂਨਦਾਨ ਇੱਕ ਮਹਾਨ ਦਾਨ ਹੈ ਜਿਸ ਵਿੱਚ ਸਾਰਿਆਂ ਨੂੰ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਸਕੂਲ ਦੀ ਪ੍ਰਿੰਸੀਪਲ ਅੰਜੂ ਮਹਿਤਾ ਦੀ ਅਗਵਾਈ ਹੇਠ ਮੁੱਖ ਮਹਿਮਾਨ ਅਤੇ ਹੋਰ ਪਤਵੰਤਿਆਂ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਵਿਸ਼ਵਾਮਿੱਤਰ ਸ਼ਰਮਾ, ਕ੍ਰਿਸ਼ਨ ਕੁਮਾਰ, ਐਕਟੀਵਿਟੀ ਇੰਚਾਰਜ ਅਧਿਆਪਕ ਸਤਪਾਲ ਕੌਰ ਅਤੇ ਸਮੂਹ ਸਕੂਲ ਸਟਾਫ਼

## ਸਫੈਦਾ ਕਾਰ 'ਤੇ ਡਿੱਗਣ ਨਾਲ ਇਕ ਦੀ ਮੌਤ, ਚਾਰ ਜ਼ਖ਼ਮੀ



**ਕਾਲਾ ਸੰਘਿਆਂ (ਮਨਜੀਤ ਮਾਨ)** ਬੀਤੀ ਰਾਤ ਤੇਜ ਹਨ੍ਹੇਰੀ ਤੇ ਮੀਂਹ ਦੇ ਕਾਰਨ ਜਲੰਧਰ ਤੋਂ ਭਾਣਜੇ ਦੇ ਜਨਮ ਦਿਨ ਦੀ ਪਾਰਟੀ ਦੀ ਖੁਸ਼ੀ ਤੋਂ ਵਾਪਿਸ ਆ ਰਹੇ ਕਾਰ ਵਿੱਚ ਸਵਾਰ ਹੋ ਕੇ ਆ ਰਹੇ ਪਰਵਾਰ 'ਤੇ ਸਫੈਦਾ ਡਿੱਗਣ ਕਾਰਨ ਦਰਦਨਾਕ ਹਾਦਸਾ ਵਾਪਰ ਗਿਆ। ਇਸ ਹਾਦਸੇ ਦੌਰਾਨ ਇੱਕ ਆਲਟੋ ਕਾਰ ਚਾਲਕ ਦੀ ਮੌਕੇ 'ਤੇ ਮੌਤ ਹੋ ਗਈ ਤੇ ਪਰਵਾਰ ਦੇ ਚਾਰ ਜੀਆਂ ਦੇ ਗੰਭੀਰ ਸੱਟਾਂ ਲੱਗੀਆਂ। ਉੱਘੇ ਸਮਾਜ ਸੇਵਕ ਰਾਜੂ ਗੁੰਬਰ ਤੇ ਨਰਿੰਦਰ ਉੱਗੀ ਨੇ ਦੱਸਿਆ ਕਿ ਰਾਤ 11,30 ਵਜੇ ਦੇ ਕਰੀਬ ਉਨ੍ਹਾਂ ਦਾ ਪਰਵਾਰ ਆਲਟੋ ਕਾਰ ਨੰਬਰ ਪੀ ਬੀ 08 ਡੀ ਐਕਸ 1730 ਵਿੱਚ ਸਵਾਰ ਹੋ ਕੇ ਜਲੰਧਰ ਤੋਂ ਆਪਣੇ ਭਾਣਜੇ ਦੇ ਜਨਮ ਦਿਨ ਦੀ ਖੁਸ਼ੀ ਦੀ ਪਾਰਟੀ ਤੋਂ ਵਾਪਿਸ ਆਪਣੇ ਪਿੰਡ ਉੱਗੀ ਜ਼ਿਲ੍ਹਾ ਜਲੰਧਰ ਵੱਲ ਨੂੰ ਆ ਰਹੇ ਸਨ ਕਿ ਜਿਉਂ ਹੀ ਉਹ ਪਿੰਡ ਧਾਲੀਵਾਲ ਕਾਦੀਆਂ ਗੇਟ ਦੇ ਨੇੜੇ ਪਹੁੰਚੇ ਤਾਂ ਤੇਜ ਹਨ੍ਹੇਰੀ ਦੇ ਕਾਰਨ ਸੜਕ ਕਿਨਾਰੇ ਲੱਗਾ ਸਫੈਦਾ ਉਨ੍ਹਾਂ ਦੀ ਕਾਰ 'ਤੇ ਡਿੱਗ ਪਿਆ ਜਿਸ ਦੌਰਾਨ ਕਾਰ ਚਾਲਕ ਜਤਿੰਦਰਪਾਲ 27 ਸਾਲ ਪੁੱਤਰ ਯਸ਼ਪਾਲ ਵਾਸੀ ਪਿੰਡ ਉੱਗੀ ਦੀ ਮੌਕੇ 'ਤੇ ਮੌਤ ਹੋ ਗਈ,ਕਾਰ ਚਾਲਕ ਦੇ ਪਿਤਾ ਜੋ ਸੀਟ ਦੇ ਮੂਹਰੇ ਬੈਠੇ ਸਨ ਦਾ ਪੱਟ ਫਿਸ ਗਿਆ , ਮ੍ਰਿਤਕ ਜਤਿੰਦਰਪਾਲ ਦੀ ਪਤਨੀ ਜੋਤੀ, ਮਾਤਾ ਵੀਨਾ ਰਾਣੀ ਤੇ ਦਾਦੀ ਸੁਮਨ ਰਾਣੀ ਗੰਭੀਰ ਜਖਮੀ ਹੋ ਗਏ ਜਿਨ੍ਹਾਂ ਨੂੰ ਜਲੰਧਰ ਦੇ ਨਿੱਜੀ ਹਸਪਤਾਲ ਵਿਖੇ ਭਰਤੀ ਕਰਵਾਇਆ ਗਿਆ ਹੈ।

# ਕੂੜਾ ਪ੍ਰਬੰਧਨ ਪ੍ਰਣਾਲੀ ਬਾਰੇ ਜਾਗਰੂਕ ਕਰਨ ਲਈ ਸਕੂਲੀ ਵਿਦਿਆਰਥੀਆਂ ਦਾ ਦੌਰਾ



**ਐੱਸ.ਏ.ਐੱਸ. ਨਗਰ, (ਗੁਰਜੀਤ ਬਿੱਲਾ)**—ਪਿੰਡ ਬੁਥਗੜ੍ਹ ਦੇ ਸਰਕਾਰੀ ਸਕੂਲ ਦੇ 53 ਤੋਂ ਵੱਧ ਵਿਦਿਆਰਥੀਆਂ ਨੇ ਨਗਰ ਨਿਗਮ, ਮੁਹਾਲੀ ਦੇ ਕੂੜਾ ਪ੍ਰਬੰਧਨ ਦੇ ਯਤਨਾਂ ਬਾਰੇ ਜਾਣਨ ਲਈ ਬਾਗਬਾਨੀ ਰਹਿੰਦ-ਖੂੰਹਦ ਦੀ ਖਾਦ ਬਣਾਉਣ ਲਈ ਨੇਚਰ ਪਾਰਕ, ਰਸੋਈ ਦੇ ਰਹਿੰਦ-ਖੂੰਹਦ ਲਈ ਕੰਪੋਸਟ ਪਿਟਸ, ਵੇਸਟ ਸ਼ੈਡਿੰਗ, ਬੇਲਿੰਗ ਮਸੀਨਾਂ, ਵਰਮੀ ਕੰਪੋਸਟਿੰਗ ਸਬੰਧੀ ਥਾਵਾਂ ਅਤੇ ਕੈਟਲ ਪੌਂਡ ਦਾ ਦੌਰਾ ਕੀਤਾ। ਕੂੜਾ ਪ੍ਰਬੰਧਨ ਪ੍ਰਣਾਲੀ ਨੂੰ ਬਿਹਤਰ ਬਣਾਉਣ ਲਈ ਵਰਤੇ ਜਾਂਦੇ ਵੱਖੋ ਵੱਖ ਤਰੀਕਿਆਂ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਗਿਆ। ਸ਼੍ਰੀਮਤੀ ਨਵਜੋਤ ਕੌਰ ਕਮਿਸ਼ਨਰ ਮਿਊਂਸਪਲ ਕਾਰਪੋਰੇਸ਼ਨ ਨੇ ਇਸ ਬਾਰੇ ਕਿਹਾ ਕਿ ਸਸਟੇਨੇਬਿਲਟੀ ਲੀਡਰਜ ਪ੍ਰੋਗਰਾਮ 'ਸਵੱਛਤਾ ਹੀ ਸੇਵਾ' ਮੁਹਿੰਮ ਨਾਲ ਮੇਲ ਖਾਂਦਾ ਹੈ, ਜਿਸਦਾ ਉਦੇਸ ਵਿਦਿਆਰਥੀਆਂ ਨੂੰ ਸਵੱਛ ਭਾਰਤ ਮਿਸ਼ਨ ਵਿੱਚ ਤਬਦੀਲੀ ਕਰਨ ਵਾਲੇ ਬਣਨ ਲਈ ਜਾਗਰੂਕ ਕਰਨਾ ਹੈ। ਪ੍ਰੋਗਰਾਮ ਵਿੱਚ ਲਾਈਵ ਸੈਸ਼ਨਜ, ਵੈਬੀਨਾਰ, ਫੀਲਡ ਵਿਜ਼ਿਟ ਅਤੇ ਵੱਖ ਵੱਖ ਨਵੀਨਤਾਕਾਰੀ ਪ੍ਰੋਜੈਕਟ ਸ਼ਾਮਲ ਹੁੰਦੇ ਹਨ, ਜੋ ਵਿਦਿਆਰਥੀਆਂ ਨੂੰ ਰਹਿੰਦ-ਖੂੰਹਦ ਪ੍ਰਬੰਧਨ ਅਤੇ ਜ਼ਿੰਮੇਵਾਰ ਨਾਗਰਿਕਤਾ ਨੂੰ ਉਤਸ਼ਾਹਿਤ ਕਰਨ ਲਈ ਇੱਕ ਮਜ਼ਬੂਤ ਸਬੰਧ ਵਿਕਸਿਤ ਕਰਨ ਵਿੱਚ ਮਦਦ ਕਰਦੇ ਹਨ।

ਸਸਟੇਨੇਬਿਲਟੀ ਲੀਡਰਜ ਪ੍ਰੋਗਰਾਮ ਇੱਕ ਢਾਂਚਾਗਤ ਇੰਟਰਨਸ਼ਿਪ ਪ੍ਰੋਗਰਾਮ ਹੈ, ਜਿਸਨੂੰ ਦਿੱਲੀ ਪਬਲਿਕ ਸਕੂਲ, ਚੰਡੀਗੜ੍ਹ ਦੀ ਗਿਆਰਵੀਂ ਜਮਾਤ ਦੀ ਵਿਦਿਆਰਥਣ ਸੁਹਾਨੀ ਸ਼ਰਮਾ ਦੁਆਰਾ ਡਿਜ਼ਾਈਨ ਕੀਤਾ ਗਿਆ ਹੈ, ਜੋ ਪਿਛਲੇ ਮਹੀਨੇ ਐੱਸ.ਏ.ਐੱਸ.ਨਗਰ ਦੇ ਡਿਪਟੀ ਕਮਿਸ਼ਨਰ ਸ਼੍ਰੀਮਤੀ ਆਸ਼ਿਕਾ ਜੈਨ ਦੁਆਰਾ ਲਾਂਚ ਕੀਤਾ ਗਿਆ ਸੀ। ਗ੍ਰੇਡ 8ਵੀਂ-12ਵੀਂ ਦੇ ਵਿਦਿਆਰਥੀਆਂ ਸਬੰਧੀ ਇਸ ਪ੍ਰੋਗਰਾਮ ਲਈ 21 ਸਕੂਲਾਂ ਦੇ 1150 ਵਿਦਿਆਰਥੀ ਪਹਿਲਾਂ ਹੀ ਰਜਿਸਟ੍ਰੇਸ਼ਨ ਕਰਵਾ ਚੁੱਕੇ ਹਨ। ਸਿੱਖਿਆ ਵਿਭਾਗ ਦੀ ਕੋਆਰਡੀਨੇਟਰ ਸ਼੍ਰੀਮਤੀ ਪ੍ਰੀਤੀ ਬਾਂਸਲ ਨੇ ਦੱਸਿਆ ਕਿ ਇਸ ਹਫਤੇ ਹੁਸ਼ਿਆਰਪੁਰ, ਸੰਗਤੀਆਂ, ਰਾਣੀਮਾਜਰਾ ਅਤੇ ਖਿਜਰਾਬਾਦ ਸਕੂਲਾਂ ਦੇ ਵਿਦਿਆਰਥੀ ਫੀਲਡ ਵਿਜ਼ਿਟ ਲਈ ਜਾਣਗੇ। ਸਰਕਾਰੀ ਹਾਈ ਸਕੂਲ, ਕੁੰਭੜਾ, ਸਰਕਾਰੀ ਹਾਈ ਸਕੂਲ ਮਟੌਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫੇਜ਼ 3ਬੀ1, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫੇਜ਼ 11, ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਸੋਹਾਣਾ, ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਖਰੜ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤੀੜਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਵਾਂ ਸ਼ਹਿਰ ਬਡਾਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮੌਲੀ ਬੈਦਵਾਨ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁੱਲਾਂਪੁਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਨੌਲੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਹਿਲੋਲਪੁਰ ਦੇ 600 ਤੋਂ ਵੱਧ ਵਿਦਿਆਰਥੀਆਂ ਨੇ ਫੀਲਡ ਵਿਜ਼ਿਟ ਕਰ ਲਈ ਹੈ। ਸ਼੍ਰੀਮਤੀ ਗਿੰਨੀ ਦੁੱਗਲ, ਜ਼ਿਲ੍ਹਾ ਸਿੱਖਿਆ ਅਫਸਰ ਨੇ ਦੱਸਿਆ ਕਿ ਉਨ੍ਹਾਂ ਨੇ 1000 ਤੋਂ ਵੱਧ ਵਿਦਿਆਰਥੀਆਂ ਨੂੰ ਫੀਲਡ ਵਿਜ਼ਿਟ ਕਰਨ ਦਾ ਟੀਚਾ ਰੱਖਿਆ ਹੈ ਅਤੇ ਹਰ ਰੋਜ 50-100 ਵਿਦਿਆਰਥੀਆਂ ਨੂੰ ਲੈ ਕੇ ਜਾਣਾ ਹੈ। ਬਾਅਦ ਵਿੱਚ, ਵਿਦਿਆਰਥੀਆਂ ਲਈ ਉਹਨਾਂ ਦੇ ਖੇਤਰ ਦੇ ਤਜਰਬਿਆਂ ਦੇ ਅਧਾਰ 'ਤੇ ਗਤੀਵਿਧੀਆਂ ਨਿਰਧਾਰਤ ਕੀਤੀਆਂ ਜਾਣਗੀਆਂ। ਇਸ ਫੀਲਡ ਵਿਜ਼ਿਟ 'ਤੇ ਸ਼੍ਰੀਮਤੀ ਵੰਦਨਾ ਸੁਖੀਜਾ ਕਮਿਊਨਿਟੀ ਫੈਸੀਲੀਟੇਟਰ, ਡਾ. ਵਰਿੰਦਰ ਕੌਰ ਐੱਸ.ਡਬਲਿਊ. ਐਮ. ਮਾਹਿਰ ਅਤੇ ਸ਼੍ਰੀਮਤੀ ਆਰਜੂ ਤੰਵਰ ਆਈ. ਈ.ਸੀ. ਮਾਹਿਰ ਮੌਜੂਦ ਸਨ।

# ਬਿਰਧ ਆਸ਼ਰਮ 'ਚ ਲਾਇਆ ਮੁਫ਼ਤ ਮੈਡੀਕਲ ਜਾਂਚ ਕੈਂਪ



**ਅੱਡਾ ਸਰਾਂ , (ਕਾਜਲ )**- ਪ੍ਰਵਾਸੀ ਪੰਜਾਬੀ ਦਾਨੀ ਜਵਾਹਰ ਸਿੰਘ ਪੱਡਾ ਕਨੇਡਾ ਵੱਲੋਂ ਪਿੰਡ ਦੇਹਰੀਵਾਲ ਵਿਚ ਬੇਸਹਾਰਿਆਂ ਲਈ ਚਲਾਏ ਜਾ ਰਹੇ ਗੁਰੂ ਨਾਨਕ ਬਿਰਧ ਆਸ਼ਰਮ ਵਿਚ ਮੁਫ਼ਤ ਮੈਡੀਕਲ ਜਾਂਚ ਕੈਂਪ ਲਾਇਆ ਗਿਆ। ਸੀਤਾ ਦੇਵੀ ਮਹਿੰਗਾ ਸਿੰਘ ਮੈਮੋਰੀਅਲ ਵੇਵਜ਼ ਹਸਪਤਾਲ ਟਾਂਡਾ ਦੀ ਟੀਮ ਵੱਲੋਂ ਲਾਏ ਗਏ ਇਸ ਕੈਂਪ ਵਿਚ ਡਾ.ਗੁਰਜੋਤ ਸਿੰਘ ਪਾਬਲਾ,ਸਰਨਜੋਤ ਸਿੰਘ,ਪ੍ਰਭਜੋਤ ਸਿੰਘ,ਹਰਮਨ ਕੌਰ ਦੀ ਟੀਮ ਨੇ ਸੇਵਾਵਾਂ ਦਿੰਦੇ ਹੋਏ ਆਸ਼ਰਮ ਵਿਚ ਰਹਿੰਦੇ ਮੈਂਬਰਾਂ ਅਤੇ ਪਿੰਡ ਵਾਸੀਆਂ ਦੀ ਮੈਡੀਕਲ ਜਾਂਚ ਕਰਦੇ ਹੋਏ ਦਵਾਈਆਂ ਦਿੱਤੀਆਂ । ਇਸ ਦੌਰਾਨ ਡਾ.ਪਾਬਲਾ ਨੇ ਸਰਦੀਆਂ ਵਿਚ ਬਿਮਾਰੀਆਂ ਤੋਂ ਬਚਾਅ ਲਈ ਜਾਣਕਾਰੀਆਂ ਵੀ ਦਿੱਤੀਆਂ। ਕੈਂਪ ਦੇ ਸਮਾਪਨ 'ਤੇ ਪ੍ਰਬੰਧਕ ਸੇਵਾਦਾਰ ਹਰਵਿੰਦਰ ਸਿੰਘ ਬਸੀ ਜਲਾਲ ਨੇ ਹਸਪਤਾਲ ਦੀ ਟੀਮ ਦਾ ਸਨਮਾਨ ਕੀਤਾ। ਇਸ ਮੌਕੇ ਮੇਜਰ ਸਿੰਘ, ਮਹਿੰਦਰ ਸਿੰਘ, ਪੱਪੂ, ਪੂਰਨ ਸਿੰਘ, ਭੋਲੂ, ਵਿਨੋਦ ਕੁਮਾਰ, ਆਤਮਾ ਰਾਮ, ਬਿੱਲਾ, ਮਨੋਹਰ ਸਿੰਘ, ਰਮੇਸ਼ ਕੁਮਾਰ, ਗੁਰਦੀਪ ਸਿੰਘ, ਮਨੋਹਰ ਲਾਲ, ਦੀਪਕ ਕੁਮਾਰ, ਲਾਡੀ, ਮੁਖਤਿਆਰ ਸਿੰਘ, ਅਵਤਾਰ ਕੌਰ, ਸੋਨੀਆ, ਸਪਨਾ, ਮਾਲਾ, ਬਲਜੀਤ ਕੌਰ, ਹਰਜਿੰਦਰ ਕੌਰ, ਰਾਣੀ, ਮਹਿੰਦਰ ਕੌਰ, ਲਕਸ਼ਮੀ ਆਦਿ ਹਾਜ਼ਰ ਸਨ।

## ਧਾਰੀਵਾਲ ਨੇ ਲਾਪਤਾ ਗੁਰਪ੍ਰੀਤ ਸਿੰਘ ਮੁੱਖਲਿਆਣਾ ਦੇ ਪਰਵਾਰ ਦਾ ਹਾਲਚਾਲ ਪੁੱਛਿਆ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਮੁੱਖਲਿਆਣਾ ਦਾ ਵਾਸੀ ਗੁਰਪ੍ਰੀਤ ਸਿੰਘ (30) ਪੁੱਤਰ ਬਲਵੀਰ ਸਿੰਘ 2019 ਤੋਂ ਪੁਰਤਗਾਲ ਰਹਿ ਰਿਹਾ ਸੀ। ਉਸ ਦੇ ਪਰਵਾਰਕ ਮੈਂਬਰਾਂ ਨੇ ਦੱਸਿਆ ਕਿ 19 ਮਈ ਨੂੰ ਛੁੱਟੀ ਕੱਟ ਕੇ ਉਹ ਵਾਪਸ ਪੁਰਤਗਾਲ ਗਿਆ ਸੀ ਪਰ ਇਕ ਅਕਤੂਬਰ ਤੋਂ ਉਹ ਲਾਪਤਾ ਹੈ। ਉਸ ਨਾਲ ਕੋਈ ਸੰਪਰਕ ਨਹੀਂ ਹੋਇਆ। ਇਸ ਮੌਕੇ ਕੁਲਦੀਪ ਸਿੰਘ ਧਾਰੀਵਾਲ ਕੈਬਨਿਟ ਮੰਤਰੀ ਪੰਜਾਬ ਸਰਕਾਰ ਨੇ ਪਰਵਾਰ ਦਾ ਹਾਲਚਾਲ ਪੁੱਛਿਆ ਅਤੇ ਹਮਦਰਦੀ ਪ੍ਰਗਟ ਕੀਤੀ। ਉਨ੍ਹਾਂ ਪਰਵਾਰ ਨੂੰ ਵਿਸ਼ਵਾਸ ਦਿਵਾਇਆ ਕਿ ਪੰਜਾਬ ਸਰਕਾਰ ਉਸ ਨੂੰ ਜਲਦੀ ਤੋਂ ਜਲਦੀ ਲੱਭਣ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਪੁਰਤਗਾਲ ਦੀ ਐਂਬੈਸੀ ਨਾਲ ਗੱਲਬਾਤ ਕੀਤੀ ਜਾ ਰਹੀ ਹੈ। ਇਸ ਮੌਕੇ ਉਨ੍ਹਾਂ ਨਾਲ ਕੋਮਲ ਮਿੱਤਲ ਡੀ ਸੀ ਹੁਸ਼ਿਆਰਪੁਰ, ਪ੍ਰੀਤਵਿੰਦਰ ਸਿੰਘ ਬੈਂਸ ਐਸ ਡੀ ਐਮ, ਸਰਤਾਜ ਸਿੰਘ ਐਸ ਐਸ ਪੀ ਹੁਸ਼ਿਆਰਪੁਰ, ਹਰਮਿੰਦਰ ਸਿੰਘ ਸੰਧੂ ਹਲਕਾ ਇੰਚਾਰਜ ਚੱਬੇਵਾਲ, ਮੋਹਣ ਲਾਲ ਚਿੱਤੋਂ, ਜਥੇਦਾਰ ਜਸਵੀਰ ਸਿੰਘ ਜੱਲੋਵਾਲ, ਜਗਜੀਤ ਸਿੰਘ ਐਸ ਐਸ ਉ ਮੇਹਟੀਆਣਾ,ਅਮਰਜੀਤ ਸਿੰਘ ਸਰਪੰਚ ਮੁੱਖਲਿਆਣਾ, ਜਤਿੰਦਰ ਸਿੰਘ ਰਾਣਾ, ਮਹਿੰਦਰ ਸਿੰਘ ਸਾਬਕਾ ਸਰਪੰਚ, ਜਸਵਿੰਦਰ ਸਿੰਘ ਠੇਕੇਦਾਰ, ਭੁਪਿੰਦਰ ਸਿੰਘ ਭੁੰਗਰਨੀ, ਸਤਨਾਮ ਸਿੰਘ ਬੰਗਾ, ਸੂਬੇਦਾਰ ਭੁਪਿੰਦਰ ਸਿੰਘ ਬੰਗਾ ਆਦਿ ਹਾਜ਼ਰ ਸਨ।

11--Otc-PAGE- 9 qxd.qxd 10/10/2023 10:31 PM Page 1



# ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੀ ਚੰਡੀਗੜ੍ਹ ਵਿਖੇ ਸੂਬਾ ਪੱਧਰੀ ਰੈਲੀ 14 ਨੂੰ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪੰਜਾਬ ਮੁਲਾਜਮ ਤੇ ਪੈਨਸ਼ਨਰਜ ਸਾਂਝਾ ਫਰੰਟ ਦੀ ਚੰਡੀਗੜ੍ਹ ਵਿਖੇ ਸੂਬਾ ਪੱਧਰੀ ਰੈਲੀ 14 ਅਕਤੂਬਰ ਨੂੰ ਹੋਵੇਗੀ। ਇਸਦੇ ਸਬੰਧ ਵਿੱਚ ਪੈਨਸ਼ਨਰਜ ਯੂਨੀਅਨ ਸੂਬਾ ਕਮੇਟੀ ਅਤੇ ਪੰਜਾਬ .ਗੌ.ਟਰਾਂਸਪੋਰਟ ਵਰਕਰਜ ਯੂਨੀਅਨ ਦੀ ਸੂਬਾ ਕਮੇਟੀ ਦੀ ਸਾਂਝੀ ਹੰਗਾਮੀ ਮੀਟਿੰਗ ਪ੍ਰਧਾਨ ਗੁਰਮੇਲ ਸਿੰਘ ਮੈਲਡੇ ਦੀ ਪ੍ਰਧਾਨਗੀ ਹੇਠ ਪੰਜਾਬ ਗੌ. ਟਰਾਂਸਪੋਰਟ ਵਰਕਰਜ ਯੂਨੀਅਨ ਅਤੇ ਪੈਂਸ਼ਨਰਜ ਦੇ ਖਜਿਆਰ (ਹਿਮਾਚਲ) ਵਿਖੇ ਟਰੇਡ ਯੂਨੀਅਨ ਦੇ ਚੱਲ ਰਹੇ ਸਕੂਲ ਵਿਖੇ ਹੋਈ। ਇਸ ਮੌਕੇ ਸੂਬਾ ਪ੍ਰਧਾਨ ਗੁਰਮੇਲ ਸਿੰਘ ਮੈਲਡੇ ਡਿਪਟੀ ਜਨਰਲ ਸਕੱਤਰ ਸੱਤਿਆ ਪਾਲ ਗੁਪਤਾ ਅਤੇ ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ ਯੂਨੀਅਨ ਦੇ ਜਨਰਲ ਸਕੱਤਰ ਕਾ. ਜਗਦੀਸ਼ਰ ਸਿੰਘ ਚਾਹਲ ਅਤੇ ਪ੍ਰਧਾਨ ਗੁਰਜੀਤ ਸਿੰਘ ਘੋੜੇਵਾਹਾ ਨੇ ਇਕ ਇੱਕ ਸਾਂਝੇ ਪ੍ਰੈਸ ਬਿਆਨ ਰਾਹੀਂ ਕਿਹਾ ਹੈ ਕਿ ਸੂਬੇ ਅੰਦਰ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਕੇਵਲ ਆਪਣੇ ਪ੍ਰਚਾਰ ਤੋਂ ਬਿਨਾਂ ਸੂਬੇ ਦੇ ਲੋਕਾਂ ਲਈ ਕੋਈ ਵੀ ਕੰਮ ਨਹੀਂ ਕੀਤਾ ਜਾ ਰਿਹਾ ਹੈ ਅਤੇ ਮੁਲਾਜਮ, ਪੈਨਸ਼ਨਰ ਤੇ ਕਿਰਤੀ ਵਰਗ ਨੂੰ ਮਿਲ ਰਹੀਆਂ ਸਹੂਲਤਾਂ ਨੂੰ ਵੀ ਬੰਦ ਕਰਕੇ ਨਿੱਜੀਕਰਣ ਨੂੰ ਬੜਾਵਾ ਦੇਣ ਦੇ ਨਾਲ ਹੀ ਸਰਮਾਏਦਾਰੀ ਜਮਾਤ ਦੀ ਸੇਵਾ ਕੀਤੀ ਜਾ ਰਹੀ ਹੈ। ਜਥੇਬੰਦੀਆਂ ਨੂੰ ਗੱਲਬਾਤ ਲਈ ਸੱਦਾ ਪੱਤਰ ਦੇਕੇ ਸਮਾਂ ਨਾ ਦੇਣਾ ,ਇਹ ਮਾਨਤਾ ਪ੍ਰਾਪਤ ਜਥੇਬੰਦੀਆਂ ਦੀ ਤੌਹੀਨ ਹੈ , ਜੋ ਅਜਿਹਾ ਪਹਿਲਾਂ ਕਿਸੇ ਵੀ ਸਰਕਾਰ ਵੱਲੋਂ ਨਹੀਂ ਕੀਤਾ ਗਿਆ। ਮੁਲਾਜਮਾਂ ਦੀ ਪੁਰਾਣੀ ਪੈਂਨਸ਼ਨ ਬਹਾਲੀ ਦਾ ਐਲਾਨ ਕਰਕੇ ਸਰਕਾਰ ਮੁੱਕਰਨ ਵਾਲੀ ਸਥਿਤੀ ਵਿੱਚ ਪਹੁੰਚ ਚੁੱਕੀ ਹੈ। ਇਸ ਮੌਕੇ ਦੋਹਾਂ ਜੱਥੇਬੰਦੀਆਂ ਦੇ ਆਗੂਆਂ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁਲਾਜਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਹੱਲ ਕਰਵਾਉਣ ਲਈ ਕੀਤੇ ਜਾ ਰਹੇ ਸੰਘਰਸ਼ ਨੂੰ ਹੋਰ ਵੀ ਤੇਜ ਕੀਤਾ ਜਾ ਰਿਹਾ ਹੈ ।ਇਸ ਲਈ ਆਪਣੇ ਹੱਕਾਂ ਦੀ ਪ੍ਰਾਪਤੀ ਲਈ 14 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਰੈਲੀ 'ਚ ਸ਼ਮੂਲੀਅਤ ਕੀਤੀ ਜਾ ਰਹੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੰਜਾਬ ਗੌ. ਟਰਾਂਸਪੋਰਟ ਵਰਕਰਜ ਯੂਨੀਅਨ ਡਿਪਟੀ ਜਨ. ਸਕੱਤਰ ਗੁਰਜੰਟ ਸਿੰਘ ਕੋਕਰੀ,ਬਲਕਾਰ ਸਿੰਘ ਵਲਟੋਹਾ, ਸੀਨੀ: ਮੀਤ ਪ੍ਰਧਾਨ ਜਗਤਾਰ ਸਿੰਘ ਭੁੰਗਰਨੀ , ਜਥੇ ਬੰਦਕ ਸਕੱਤਰ ਅਵਤਾਰ ਸਿੰਘ ਤਾਰੀ, ਇਕਬਾਲ ਸਿੰਘ ਪਠਾਨਕੋਟ, ਮੁਕੰਦ ਲਾਲ , ਵਿਜੇ ਕਮਾਰ ਸਰਮਾ , ਸੰਤੋਖ ਸਿੰਘ , ਦਵਿੰਦਰਪਾਲ ਸਿੰਘ ,ਨਸੀਬ ਸਿੰਘ ਜੜੌਤ,ਦਰਸਨ ਸਿੰਘ ਥਰੀਕੇ,ਪ੍ਰਿਤਪਾਲ ਸਿੰਘ ,ਮਨਜੀਤ ਸਿੰਘ ਗਿੱਲ, ਬਲਰਾਜ ਸਿੰਘ ਭੰਗੂ, ਸਤਪਾਲ ਸਹਿਗਲ,ਭਿੰਦਰ ਸਿੰਘ, ਬਲਵਿੰਦਰ ਸਿੰਘ ਮੁਲਤਾਨੀ ,ਜਗੀਰ ਸਿੰਘ ਬਾਜਵਾ,ਹਰਿੰਦਰ ਸਿੰਘ ਚੀਮਾਂ, ਮਹਿੰਦਰ ਸਿੰਘ ਨਰੇਸ਼ ਸੋਢੀ ਆਦਿ ਹਾਜਰ ਸਨ ।

# 'ਸਾਹਿਤ ਸਭਾ ਸਕੂਲਾਂ 'ਚ ਪੁਸਤਕ ਪ੍ਰਦਰਸ਼ਨੀਆਂ ਲਾਵੇਗੀ'

**ਚਮਕੌਰ ਸਾਹਿਬ ( ਗੁਰਵਿੰਦਰਪਾਲ ਸਿੰਘ ਬੌਬੀ)**-ਸਾਹਿਤ ਸਭਾ ਬਹਿਰਾਮਪੁਰ ਬੇਟ ਦੇ ਮੈਂਬਰਾਂ ਦੀ ਮੀਟਿੰਗ ਸਭਾ ਦੇ ਪ੍ਰਧਾਨ ਹਰਨਾਮ ਸਿੰਘ ਡੱਲਾ ਦੀ ਪ੍ਰਧਾਨਗੀ ਹੇਠ ਹੋਈ । ਮੀਟਿੰਗ ਦੌਰਾਨ ਸਾਹਿਤ ਸਭਾ ਵੱਲੋਂ ਸਕੂਲਾਂ ਵਿੱਚ ਸਾਹਿਤਕ ਰੁਚੀ ਪੈਦਾ ਕਰਨ ਲਈ ਅਤੇ ਪ੍ਰਚਾਰ ਹਿੱਤ ਲਾਈਆਂ ਜਾ ਰਹੀਆਂ ਪੁਸਤਕ ਪ੍ਰਦਰਸ਼ਨੀਆਂ ਨੂੰ ਵਿਸ਼ੇਸ਼ ਹੁੰਗਾਰਾ ਮਿਲਣ 'ਤੇ ਸਕੂਲ ਅਧਿਆਪਕਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ ਅਤੇ ਸਭਾ ਵੱਲੋਂ ਇਹ ਪ੍ਰਦਰਸ਼ਨੀਆਂ ਇਲਾਕੇ ਦੇ ਹੋਰ ਸਕੂਲਾਂ ਤੱਕ ਲੈ ਕੇ ਜਾਣ ਦਾ ਫੈਸਲਾ ਵੀ ਲਿਆ ਗਿਆ ਹੈ। ਹਾਜਰ ਸਾਹਿਤਕਾਰਾਂ ਨੇ ਸਭਾ ਦੇ ਦਫਤਰ ਕੰਪਲੈਕਸ ਦੀ ਡਿਊਡੀ ਦਾ ਫਰਸ਼ ਪੱਕਾ ਕਰਨ ਬਾਰੇ ਵੀ ਫੈਸਲਾ ਲਿਆ। ਇਸ ਤੋਂ ਬਿਨਾਂ ਸਭਾ ਦੀ ਲਾਇਬ੍ਰੇਰੀ ਲਈ ਭਾਸ਼ਾ ਵਿਭਾਗ ਤੋਂ ਬਾਲ ਸਾਹਿਤ ਦੀਆਂ 3150 ਰੁਪਏ ਦੀਆਂ ਖਰੀਦੀਆਂ ਗਈਆਂ ਪੁਸਤਕਾਂ ਨੂੰ ਪ੍ਰਵਾਨਗੀ ਦਿੱਤੀ ਗਈ। ਮੈਂਬਰਸ਼ਿਪ ਨਵਿਆਈ ਗਈ ਅਤੇ ਨਵੇਂ ਮੈਂਬਰਾਂ ਨੂੰ ਜੀ ਆਇਆਂ ਕੀਤਾ ਗਿਆ। ਰਚਨਾਵਾਂ ਦੇ ਦੌਰ ਵਿੱਚ ਮੋਹਣ ਲਾਲ ਰਾਹੀ ਨੇ ਕੁਝ ਸ਼ੇਅਰ ਸੁਣਾਏ। ਪਰਮਿੰਦਰ ਸਿੰਘ ਪ੍ਰੇਮ ਨੇ ਗੀਤ, ਹਰਨਾਮ ਸਿੰਘ ਡੱਲਾ ਨੇ ਗਜਲ, ਸੰਤਵੀਰ ਵੱਲੋਂ ਕਹਾਣੀ, ਸੁਰਿੰਦਰ ਸਿੰਘ ਰਸੂਲਪੁਰ ਨੇ ਬਾਲ ਕਵਿਤਾ,ਕੁਲਵਿੰਦਰ ਵੱਲੋਂ ਕਵਿਤਾ,ਡਾਕਟਰ ਰਾਜਪਾਲ ਸਿੰਘ ਵੱਲੋਂ ਹਿੰਦੀ ਦੀ ਮਹਿਮਾਨ ਰਚਨਾ,ਯਾਦਵਿੰਦਰ ਸਿੰਘ ਯਾਦੀ ਵੱਲੋਂ ਗੀਤਾਂ ਦੀ ਪੁਸਤਕ ਲੱਭਦਾ ਨਾ ਸਿਰਨਾਵਾਂ ਵਿੱਚੋਂ ਗੀਤ ਸੁਣਾਇਆ ਅਤੇ ਪੁਸਤਕ ਦੀ ਕਾਪੀ ਰਾਣਾ ਮਨਮੋਹਣ ਸਿੰਘ ਨੂੰ ਭੇਟ ਕੀਤੀ। ਇਸ ਮੌਕੇ ਅਜਮੇਰ ਸਿੰਘ ,ਐਡਵੋਕੇਟ ਕੁਲਦੀਪ ਰਾਣਾ, ਲੇਖ ਰਾਜ ਧੀਰ, ਕੰਵਰਫੂਲ ਸਿੰਘ, ਡਾ. ਦੌਲਤ ਰਾਮ, ਡਾ. ਸ਼ਾਮ ਸਿੰਘ ਕੁੰਡਲਸ, ਡਾ. ਤੇਜਪਾਲ ਸਿੰਘ ਕੰਗ ਅਤੇ ਡਾ. ਸੁਰਿੰਦਰਪਾਲ ਸਿੰਘ ਆਦਿ ਹਾਜਰ ਸਨ ।

# ਸਿਵਲ ਹਸਪਤਾਲ ਬਚਾਓ ਸੰਘਰਸ਼ ਕਮੇਟੀ ਵੱਲੋਂ 16 ਦੇ ਧਰਨੇ ਦੀ ਤਿਆਰੀ ਲਈ ਕਮੇਟੀ ਗਠਿਤ



**ਫਿਲੌਰ (ਨਿਰਮਲ)** ਸਿਵਲ ਹਸਪਤਾਲ ਬਚਾਉ ਸੰਘਰਸ਼ ਕਮੇਟੀ ਦੀ ਅਹਿਮ ਮੀਟਿੰਗ ਦਿੱਲੀ ਸ਼ਹੀਦਾਂ ਦੀ ਯਾਦਗਰ ਫਿਲੌਰ ਵਿਖੇ ਤਰਜਿੰਦਰ ਧਾਲੀਵਾਲ ਅਤੇ ਕੁਲਦੀਪ ਫਿਲੌਰ ਦੀ ਪ੍ਰਧਾਨਗੀ ਹੇਠ ਹੋਈ । ਮੀਟਿੰਗ ਵਿੱਚ ਨੌਜਵਾਨ ਆਗੂ ਪਰਦੀਪ ਸੰਧੂ ਰਵਿਦਾਸਪੁਰਾ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਸਰਬਸੰਮਤੀ ਨਾਲ ਮਤਾ ਪਾਸ ਕਰਕੇ ਅੰਦੋਲਨ ਨੂੰ ਸਮਾਜਿਕ ਤੇ ਕਿਸੇ ਵੀ ਰਾਜਨੀਤਕ ਪਾਰਟੀ ਦੇ ਆਗੂਆਂ ਨੂੰ ਅੰਦੋਲਨ ਤੋਂ ਦੂਰ ਰੱਖਣ ਦਾ ਫੈਸਲਾ ਕੀਤਾ ਗਿਆ। ਇਸ ਉਪਰੰਤ ਸੰਘਰਸ਼ ਦਾ ਅਗਲਾ ਪੜਾਅ 16 ਅਕਤੂਬਰ ਤੋਂ 31 ਅਕਤੂਬਰ ਤੱਕ ਲੜੀਵਾਰ ਪੱਕੇ ਧਰਨੇ ਦੀ ਤਿਆਰੀ ਦੇ ਸਬੰਧ ਵਿੱਚ ਵੱਖ ਵੱਖ ਪਿੰਡਾਂ ਦੇ ਸਾਥੀਆਂ ਦੀ ਵੰਡ ਵੱਖ ਵੱਖ ਤਰੀਕਾਂ ਸਹਿਤ ਜਿੰਮੇਵਾਰੀਆਂ ਸੌਂਪੀਆਂ ਗਈਆਂ । ਇਸ ਉਪਰੰਤ 61 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਵਿੱਚ 49 ਸੀਟਾਂ ਮੌਕੇ ਉਪਰ ਭਰੀਆਂ ਗਈਆਂ ਤੇ ਬਾਕੀ 12 ਸੀਟਾਂ ਰਾਖਵੀਆਂ ਰੱਖੀਆਂ ਗਈਆਂ । ਅਮਰਜੀਤ ਲਾਡੀ , ਤਰਜਿੰਦਰ ਦਾਰਾਪੁਰ ,ਡਾ. ਬਲਜੀਤ ਦਾਰਾਪੁਰ ,ਸਰਪੰਚ ਮਦਨ ਲਾਲ ਕੰਗ ਅਰਾਈਆਂ ,ਨਿਰਮਲ ਸੰਗਤਪੁਰ , ਰਵੀ ਭੌਰਾ ਮੌ ਸਾਹਿਬ ,ਦੀਪਾ ਫਿਲੌਰ ,ਰਾਹੁਲ ਕੋਰੀ ,ਰਾਮ ਕਿਸਨ ਤੇਹਿੰਗ ,ਤਿਲਕ ਰਾਜ ਮਹਿਸਮਪੁਰ ,ਸਰਪੰਚ ਰਾਮ ਲੁਭਾਇਆ ਭੈਣੀ ,ਰਾਜਵਿੰਦਰ ਮੁਠੱਡਾ ,ਹਰਵਿੰਦਰ ਸਿੰਘ ਬੂਰਾ ਮੁੱਠਡਾ , ਹਰਦੀਪ ਸਿੰਘ ਤੇਹਿੰਗ ,ਦਲਜੀਤ ਮਹਿਸਮਪੁਰ ,ਗੁਰਮੇਲ ਮੁਡਾਰ ਮਹਿਸਮਪੁਰ ,ਮਨਜੀਤ ਦਾਰਾਪੁਰ ,ਦੇਸ ਰਾਜ ਗੋਗੀ ਦਾਰਾਪੁਰ ,ਪ੍ਰਦੀਪ ਦੋਸਾਂਝ ,ਤਰਜਿੰਦਰ ਸਿੰਘ ਧਾਲੀਵਾਲ , ਕੁਲਦੀਪ ਫਿਲੌਰ ,ਮੀਨੂੰ ਕੁਮਾਰੀ ਮੁਠੱਡਾ ,ਸਰਨ ਅਰੋੜਾ ਧੁਲੇਤਾ,ਹਰਪਿੰਦਰ ਧੁਲੇਤਾ ,ਗੁਰਜੀਤ ਜੀਤਾ ਪਾਲ ਕਦੀਮ ,ਦਲੀਪ ਚੰਦ ਕਟਾਰੀਆ ਪਾਲ ਨੌ ,ਪਰਮਜੀਤ ਕੌਰ ਪਾਲ ਨੌ, ਰਵਿੰਦਰ ਹਨੀ ਫਿਲੌਰ , ਅਵਤਾਰ ਦਾਦਰਾ ,ਡਾ ਅਸ਼ੋਕ ਕੁਮਾਰ , ਸੁਖਜੀਤ ਅਸਾਹੂਰ ,ਬੀਬੀ ਹਣਸ ਕੌਰ ,ਕਮਲਜੀਤ ਕੌਰ ਫਿਲੌਰ,ਸਰਬਜੀਤ ਜਗਤਪੁਰ ,ਚਰਨ ਗੜ੍ਹਾ ,ਰੀਟਾ ਕੁਮਾਰੀ ਸਾਹਪੁਰ , ਰੱਜੀ ਗੰਨਾਪਿੰਡ ,ਮੋਨੂੰ ਮਨਸੂਰਪੁਰ ,ਚੁੱਣੇ ਗਏ । ਇਸ ਤੋ ਇਲਾਵਾ ਅਮਰਜੀਤ ਲਾਡੀ ਅਤੇ ਦੀਪਾ ਫਿਲੌਰ ਅਤੇ ਤਜਿੰਦਰ ਧਾਲੀਵਾਲ ਨੂੰ ਸਰਬ ਸੰਮਤੀ ਨਾਲ ਤਹਿਸੀਲ ਸਕੱਤਰੇਤ ਵਿੱਚ ਸ਼ਾਮਿਲ ਕੀਤਾ ਗਿਆ । ਇੰਨ੍ਹਾਂ ਤੋ ਇਲਾਵਾ ਕਰਨੈਲ ਫਿਲੌਰ ,ਪ੍ਰਸ਼ੋਤਮ ਫਿਲੌਰ ,ਜਰਨੈਲ ਫਿਲੌਰ ,ਮਾ. ਹੰਸ ਰਾਜ ,ਕੁਲਦੀਪ ਫਿਲੌਰ ,ਪਰਦੀਪ ਦੋਸਾਂਝ,ਪਰਦੀਪ ਸੰਧੂ ,ਹਰਦੀਪ ਸਿੰਘ,ਜਸਕਰਨ ਸਿੰਘ,ਸੌਰਵ ਮਹਿਮੀ ,ਅਮਰਜੀਤ ਲਾਡੀ,ਕੁਲਵਿੰਦਰ ਕੁਮਾਰ ,ਮਨਜੀਤ ਰਾਮ ,ਮਨਜੀਤ ਦਾਰਾਪੁਰ ,ਰਾਹੁਲ ਕੋਰੀ ,ਨਿਰਮਲ ਸਿੰਘ,ਰਵਿੰਦਰ ਪਾਲ ,ਤਰਜਿੰਦਰ ਸਿੰਘ,ਲੱਭਾ ਰਾਮ ,ਪਰਸੂ ਰਾਮ, ਅਮਰਜੀਤ ਲਾਲ ,ਰਾਮ ਕਿਸਨ ਤੇਹਿੰਗ ,ਦੀਪਾ ਫਿਲੌਰ ਮੀਟਿੰਗ ਵਿੱਚ ਸ਼ਾਮਿਲ ਸਨ।

# ਸਕੂਲ ਦੀਆਂ ਨੀਹਾਂ 'ਚ ਪੈ ਰਿਹਾ ਸ਼ਹਿਰ ਦਾ ਪਾਣੀ ਤੁਰੰਤ ਰੋਕਿਆ ਜਾਵੇ : ਸੰਧੂ



**ਨੂਰਮਹਿਲ ,( ਬਾਲ ਕ੍ਰਿਸ਼ਨ ਬਾਲੀ )**-ਸਰਕਾਰੀ ਸਕੂਲ ਬਚਾਓ ਮੋਰਚਾ ਦੇ ਸਿਪ੍ਰਾਸਿਲਾਰਾਂ ਨੇ ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਲੈਟਰਪੈੱਡ 'ਤੇ ਕਾਰਜ ਸਾਧਕ ਅਫਸਰ ਨੂਰਮਹਿਲ ਦੇ ਨਾਂਅ ਲਿਖਤੀ ਦਰਖਾਸਤ ਨਗਰ ਕੌਂਸਲ ਨੂਰਮਹਿਲ ਦੀ ਪ੍ਰਧਾਨ ਬੀਬੀ ਹਰਦੀਪ ਕੌਰ ਜੌਹਲ ਨੂੰ ਜ਼ਿਲ੍ਹਾ ਪ੍ਰਧਾਨ ਨੰਬਰਦਾਰ ਯੂਨੀਅਨ ਅਸ਼ੋਕ ਸੰਧੂ, ਪੱਤਰਕਾਰ ਬਾਲ ਕ੍ਰਿਸ਼ਨ ਬਾਲੀ, ਕੌਂਸਲਰ ਨੰਦ ਕਿਸ਼ੋਰ ਗਿੱਲ, ਸਮਾਜ ਸੇਵੀ ਸੀਤਾ ਰਾਮ ਸੋਖਲ ਨੇ ਸੌਂਪਿਆ। ਇਸ ਪੱਤਰ 'ਤੇ ਲਾਇਨਜ ਕਲੱਬ ਨੂਰਮਹਿਲ ਡ੍ਰੀਮ ਦੀ ਪ੍ਰਧਾਨ ਲਾਇਨ ਸੋਮਿਨਾਂ ਸੰਧੂ ਅਤੇ ਕਲੱਬ ਅਫਸਰਾਂ ਵਿੱਚ ਲਾਇਨ ਬਬਿਤਾ ਸੰਧੂ, ਲਾਇਨ ਰੋਹਿਤ ਸੰਧੂ, ਲਾਇਨ ਆਂਚਲ ਸੰਧੂ ਸੋਖਲ ਨੇ ਵੀ ਦਸਤਖਤ ਕਰਕੇ ਆਪਣੀ ਨੈਤਿਕ ਜ਼ਿੰਮੇਵਾਰੀ ਨਿਭਾਈ। ਨਗਰ ਕੌਂਸਲ ਨੂੰ ਇਸ ਪੱਤਰ 'ਤੇ ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਹੰਸ ਰਾਜ ਪਬਵਾਂ, ਸਾਥੀ ਨਿਰਮਲ ਸਿੰਘ ਸਿੱਧੂ, ਕਿਰਤੀ ਕਿਸਾਨ ਯੂਨੀਅਨ ਦੇ ਨਿਧੜਕ ਜ਼ਿਲ੍ਹਾ ਆਗੂ ਗੁਰਕਮਲ ਸਿੰਘ, ਨੰਬਰਦਾਰ ਯੂਨੀਅਨ ਦੇ ਸਲਾਹਕਾਰ ਨੰਬਰਦਾਰ ਮਹਿੰਦਰ ਸਿੰਘ ਨਾਹਲ, ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸਨ ਦੇ ਬਲਾਕ ਪ੍ਰਧਾਨ ਮਨੋਜ ਕੁਮਾਰ ਸਰੋਏ, ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਜ਼ਿਲ੍ਹਾ ਕਨਵੀਨਰ ਕੁਲਦੀਪ ਵਾਲੀਆ, ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਪੂਰਣ ਸਿੰਘ, ਸੁੱਚਾ ਸਿੰਘ, ਮੱਖਣ ਸਿੰਘ, ਨੇ ਦਸਤਖਤ ਕਰਕੇ ਖਾਸ ਗੱਲ ਲਿਖੀ ਕਿ ਜੇਕਰ ਫੌਰੀ ਤੌਰ 'ਤੇ ਇਮਾਰਤ ਦੀਆਂ ਨੀਹਾਂ ਵਿੱਚ ਪੈਂਦਾ ਪਾਣੀ ਬੰਦ ਨਾ ਕੀਤਾ ਗਿਆ ਅਤੇ ਨੀਹਾਂ ਵਿੱਚ ਪਿਆ ਪਾਣੀ ਨਾ ਕੱਢਿਆ ਗਿਆ ਤਾਂ ਇਸਦਾ ਸਾਫ ਅਰਥ ਇਹ ਹੋਵੇਗਾ ਕਿ ਨਗਰ ਕੌਂਸਲ ਪ੍ਰਸ਼ਾਸਨ ਵੀ ਨਹੀਂ ਚਾਹੁੰਦਾ ਕਿ ਇੱਥੇ ਗਰੀਬ ਅਤੇ ਜਰੂਰਤਮੰਦ ਬੱਚਿਆਂ ਦਾ ਸਕੂਲ ਬਣੇ, ਸਕੂਲ ਦੀ ਬਣੀ ਇੱਕ ਮੰਜ਼ਲਾ ਇਮਾਰਤ ਪਾਣੀ ਵਿੱਚ ਡਿੱਗ ਜਾਵੇ, ਗਰਕ ਜਾਵੇ। ਨਗਰ ਕੌਂਸਲ ਪ੍ਰਧਾਨ ਬੀਬੀ ਜੌਹਲ ਨੇ ਵਿਸ਼ਵਾਸ ਦਿੱਤਾ ਕਿ ਉਹ ਨਿਰਮਾਣ ਅਧੀਨ ਸਰਕਾਰੀ ਸਕੂਲ ਦੀਆਂ ਨੀਹਾਂ ਵਿੱਚ ਪੈ ਰਹੇ ਪਾਣੀ ਨੂੰ ਤੁਰੰਤ ਰੋਕਣਗੇ। ਮੋਰਚੇ ਦੇ ਸਿਪ੍ਰਾਸਿਲਾਰਾਂ ਨੇ ਕਿਹਾ ਕਿ ਗਰੀਬ ਬੱਚਿਆਂ ਦੇ ਸਕੂਲ ਨੂੰ ਬਰਬਾਦ ਕਰਨ ਵਾਲਿਆਂ ਦੀਆਂ ਕੋਝੀਆਂ ਚਾਲਾਂ ਨੂੰ ਸਿਰੇ ਚੜ੍ਹਨ ਨਹੀਂ ਦਿਆਂਗੇ।

# ਬੀਬੀ ਬਲਵਿੰਦਰ ਕੌਰ ਨਮਿਤ ਸ਼ੋਕ ਸਮਾਗਮ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**-ਪੇਂਡੂ ਮਜਦੂਰ ਯੂਨੀਅਨ ਦੇ ਆਗੂ ਸਾਥੀ ਦਰਸ਼ਨ ਪਾਲ ਬੰਡਾਲਾ ਦੀ ਜੀਵਨ ਸਾਥਣ ਬੀਬੀ ਬਲਵਿੰਦਰ ਕੌਰ ਬੀਤੇ ਦਿਨੀ ਬਿਮਾਰੀ ਕਾਰਨ ਸਦੀਵੀ ਵਿਛੋੜਾ ਦੇ ਗਏ ਸਨ। ਗੁਰਦੁਵਾਰਾ ਸਾਹਿਬ ਭਾਈ ਗੁਰਦਿਆਲ ਬੰਡਾਲਾ ਵਿਖੇ ਸ਼ੋਕ ਸਮਾਗਮ ਕੀਤਾ ਗਿਆ। ਬੀਬੀ ਬਲਵਿੰਦਰ ਕੌਰ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਬੀਬੀ ਜੀ ਦੇ ਪੇਕਾ ਪਰਵਾਰ ਮਲਸੀਆਂ ਅਤੇ ਸਹੁਰਾ ਪਰਵਾਰ ਕਮਿਊਨਿਸਟ ਵਿਚਾਰਧਾਰਾ ਵਾਲਾ ਸੀ, ਜਿਸ ਕਰਕੇ ਜਿੰਦਗੀ ਦਾ ਬਹੁਤ ਸਾਰਾ ਹਿੱਸਾ ਸੰਘਰਸ਼ਮਈ ਰਿਹਾ। ਸਾਥੀ ਦਰਸ਼ਨ ਪਾਲ ਬੰਡਾਲਾ ਜਿਹੜੇ ਜਵਾਨੀ ਵਿੱਚ ਪੈਰ ਧਰਦਿਆਂ ਹੀ, ਇਸ ਗੰਦੇ ਨਿਜਾਮ ਨੂੰ ਬਦਲਣ ਲਈ ਇਨਕਲਾਬੀਆਂ ਦੇ ਸੰਪਰਕ ਵਿੱਚ ਆ ਗਏ ਸਨ। ਜਿਸ ਕਰਕੇ ਪੁਲਸ ਵੀ ਇਸ ਪਰਵਾਰ ਨੂੰ ਤੰਗ ਪਰੇਸ਼ਾਨ ਕਰਦੀ ਰਹੀ ਹੈ। ਪਰ ਬੀਬੀ ਬਲਵਿੰਦਰ ਕੌਰ ਨੇ ਇਨ੍ਹਾਂ ਔਕੜਾਂ ਤੋਂ ਹਾਰ ਨਹੀ ਮੰਨੀ। ਘਰ ਵਿੱਚ ਕਾਮਰੇਡ ਸਾਥੀਆਂ ਦਾ ਆਉਣਾ ਜਾਣਾ ਰਹਿੰਦਾ ਸੀ, ਪਰ ਬੀਬੀ ਅਤੇ ਬਾਕੀ ਪਰਵਾਰ ਨੇ ਡਟਕੇ ਸਾਥ ਦਿੱਤਾ। ਬੀਬੀ ਜੀ ਦੇ ਤੁਰ ਜਾਣ ਨਾਲ ਪਰਵਾਰ ਨੂੰ ਅਤੇ ਸਮਾਜ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਪੇਂਡੂ ਮਜਦੂਰ ਯੂਨੀਅਨ ਦੇ ਸੂਬਾਈ ਪ੍ਰਧਾਨ ਸਾਥੀ ਤਰਸੇਮ ਪੀਟਰ, ਕਾਮਰੇਡ ਹੰਸ ਰਾਜ ਪੱਬਵਾ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਸੁਰਜੀਤ ਸਿੰਘ ਸਮਰਾ, ਜਸਵਿੰਦਰ ਭੋਗਲ, ਦਿਹਾਤੀ ਮਜਦੂਰ ਸਭਾ ਦੇ ਆਗੂ ਪਰਮਜੀਤ ਰੰਧਾਵਾ,ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਘਾਰੂ ਆਦਿ ਸਾਥੀਆਂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ।

ਬੀਬੀ ਬਲਵਿੰਦਰ ਕੌਰ ਦੇ ਭਰਾ ਸਾਥੀ ਨਿਰਮਲ ਮਲਸੀਆਂ ਨੇ ਆਏ ਸਾਰੇ ਰਿਸ਼ਤੇਦਾਰਾਂ, ਸਾਕ ਸਬੰਧੀਆਂ ਅਤੇ ਪਾਰਟੀ ਸਾਥੀਆਂ ਦਾ ਧੰਨਵਾਦ ਕੀਤਾ।

# ਮਾਤਾ ਪ੍ਰੀਤਮ ਕੌਰ ਨੂੰ ਸੇਜਲ ਅੱਖਾਂ ਨਾਲ ਭਾਵਭਿੰਨੀ ਸ਼ਰਧਾਂਜਲੀ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**— ਨਾਇਬ ਤਹਿਸੀਲਦਾਰ ਸੰਤੋਖ ਸਿੰਘ ਤਖੀ ਖਡੂਰ ਸਾਹਿਬ ਦੀ ਵੱਡੀ ਭੈਣ ਮਾਤਾ ਪ੍ਰੀਤਮ ਕੌਰ ਸ਼ਾਲਾਪੁਰ ਹੁਸ਼ਿਆਰਪੁਰ ਨੂੰ ਹਜਾਰਾਂ ਸੇਜਲ ਅੱਖਾਂ ਵੱਲੋ ਭਾਵ ਭਿੰਨੀ ਸ਼ਰਧਾਂਜਲੀ ਅਰਪਣ ਕੀਤੀ ਗਈ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਉਪਰੰਤ ਰਾਗੀ ਸਿੰਘਾਂ ਵੱਲੋ ਗੁਰਬਾਣੀ ਦਾ ਵੈਰਾਗਮਈ ਕੀਰਤਨ ਕੀਤਾ ਗਿਆ। ਅੰਤਿਮ ਅਰਦਾਸ ਤੋਂ ਉਪਰੰਤ ਸਾਬਕਾ ਕੈਬਨਿਟ ਮੰਤਰੀ ਸੰਗਤ ਸਿੰਘ ਗਿਲਜੀਆ, ਸਾਬਕ ਵਿਧਾਇਕ ਸੁਖਪਾਲ ਸਿੰਘ ਨੰਨੂ ,ਬਸਪਾ ਆਗੂ ਓਮ ਪ੍ਰਕਾਸ਼, ਲਾਇਨ ਡਾਕਟਰ ਮੁਖਤਿਆਰ ਸਿੰਘ ਧਾਲੀਵਾਲ ਪ੍ਰਧਾਨ ਲਾਇਨਜ ਕਲੱਬਜ, ਸ੍ਰੀ ਧਰਮਪਾਲ ਬੀ ਜੇ ਪੀ ਆਗੂ, ਮੈਡਮ ਊਸ਼ਾ ਚੋਪੜਾ ਕਾਂਗਰਸ ਆਗੂ, ਨਾਇਬ ਤਹਿਸੀਲਦਾਰ ਲਵਦੀਪ ਸਿੰਘ ਗੜ੍ਹਦੀਵਾਲਾ, ਜਥੇਦਾਰ ਗੋਰਾ ਸਿੰਘ ਖਡੂਰ ਸਾਹਿਬ, ਐਕਸੀਅਨ ਐੱਸ ਪੀ ਜਾਖੂ, ਐਮ ਪੀ ਸਿੰਘ ਸਿੱਧੂ ਪ੍ਰਧਾਨ ਲਾਇਨਜ ਕਲੱਬ ਸਮਰਪਣ ਹੁਸ਼ਿਆਰਪੁਰ, ਰਵਿੰਦਰ ਭਾਟੀਆ ਤਹਿਸੀਲਦਾਰ, ਰਾਜਵਿੰਦਰ ਸਿੰਘ ਨਾਇਬ ਤਹਿਸੀਲਦਾਰ ਅਤੇ ਹੋਰ ਪਤਵੰਤਿਆ ਵੱਲੋਂ ਮਾਤਾ ਪ੍ਰੀਤਮ ਕੌਰ ( ਪਿਆਰੋ) ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਪਤਵੰਤਿਆ ਵੱਲੋ ਮਾਤਾ ਜੀ ਦੇ ਸਪੁੱਤਰਾਂ ਗੁਰਬਚਨ ਸਿੰਘ, ਜਸਬੀਰ ਸਿੰਘ, ਅਨੂਪ ਸਿੰਘ, ਭਰਾਵਾਂ ਲਾਲ ਸਿੰਘ, ਚਮਨ ਲਾਲ, ਸੰਤੋਖ ਸਿੰਘ ਤਖੀ ਅਤੇ ਸਮੂੰਹ ਪਰਵਾਰ ਨਾਲ ਦੁੱਖ ਪ੍ਰਗਟ ਕੀਤਾ ਗਿਆ।

# ਮਿਸ਼ਨ ਇੰਦਰਧਨੁੱਸ਼ ਤਹਿਤ ਵਿਸ਼ੇਸ਼ ਟੀਕਾਕਰਨ ਕੈਂਪ ਲਗਾਏ



**ਐਸ ਏ ਐਸ ਨਗਰ, (ਗੁਰਜੀਤ ਬਿੱਲਾ)**-ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਸਿਵਲ ਸਰਜਨ ਮੋਹਾਲੀ ਡਾ. ਮਹੇਸ਼ ਆਹੂਜਾ ਤੇ ਸੀਨੀਅਰ ਮੈਡੀਕਲ ਅਫਸਰ ਡਾ. ਸੁਰਿੰਦਰਪਾਲ ਕੌਰ ਦੀ ਅਗਵਾਈ ਵਿਚ ਬਲਾਕ ਪੀ.ਐਚ.ਸੀ. ਘੜੂੰਆਂ ਅਧੀਨ ਸਿਹਤ ਕੇਂਦਰਾਂ ਵਲੋਂ ਇੰਟੈਂਸੀਫਾਈਡ ਮਿਸ਼ਨ ਇੰਦਰਧਨੁੱਸ਼ ਅਤੇ ਮੀਜਲ-ਰੁਬੇਲਾ ਇਲੀਮੀਨੇਸ਼ਨ ਮੁਹਿੰਮ ਦੇ ਦੂਸਰੇ ਪੜਾਅ ਅਧੀਨ ਟੀਕਾਕਰਨ ਕੈਂਪ ਲਗਾਏ ਗਏ। ਸਟੇਟ ਟੀਕਾਕਰਨ ਅਫਸਰ ਡਾ. ਬਲਵਿੰਦਰ ਕੌਰ, ਡਬਲਿਊ. ਐਚ.ਓ. ਦੇ ਐਸਐਮਓ ਡਾ. ਵਿਕਰਮ ਗੁਪਤਾ, ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਗਿਰੀਸ਼ ਡੋਗਰਾ, ਐਸਐਮਓ ਡਾ. ਸੁਰਿੰਦਰਪਾਲ ਕੌਰ ਵਲੋਂ ਕੈਂਪਾਂ ਦਾ ਨਿਰੀਖਣ ਵੀ ਕੀਤਾ ਗਿਆ। ਟੀਮ ਨੇ ਮੋਹਾਲੀ ਨੇੜਲੇ ਖੇਤਰ ਬਲੌਂਗੀ, ਸ਼ਾਹੀਮਾਜਰਾ ਅਤੇ ਸੋਹਾਣਾ ਵਿਖੇ ਲਗਾਏ ਟੀਕਾਕਰਨ ਕੈਂਪਾਂ ਦਾ ਜਾਇਜ਼ਾ ਲਿਆ।

ਸੀਨੀਅਰ ਮੈਡੀਕਲ ਅਫਸਰ ਡਾ. ਸੁਰਿੰਦਰਪਾਲ ਕੌਰ ਨੇ ਦੱਸਿਆ ਕਿ ਟੀਕਾਕਰਨ ਤੋ ਵਾਂਝੇ ਰਹਿ ਗਏ ਪੰਜ ਸਾਲ ਦੀ ਉਮਰ ਤੱਕ ਦੇ ਬੱਚਿਆਂ ਅਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਯਕੀਨੀ ਬਣਾਉਣ ਲਈ ਇੰਟੈਂਸੀਫਾਈਡ ਮਿਸ਼ਨ ਇੰਦਰਧਨੁੱਸ਼ ਦਾ ਦੂਜਾ ਰਾਊਂਡ 9 ਤੋਂ 14 ਅਕਤੂਬਰ ਤੱਕ ਚਲਾਇਆ ਜਾ ਰਿਹਾ ਹੈ, ਤਾਂ ਜੋ ਬੱਚਿਆਂ ਅਤੇ ਗਰਭਵਤੀ ਔਰਤਾਂ ਦਾ ਪੂਰਨ ਟੀਕਾਕਰਨ ਕੀਤਾ ਜਾ ਸਕੇ। ਡਾ. ਸੁਰਿੰਦਰਪਾਲ ਕੌਰ ਨੇ ਦੱਸਿਆ ਕਿ ਮੀਜਲ ਤੇ ਰੁਬੇਲਾ ਟੀਕਾਕਰਨ ਲਈ ਵਿਸ਼ੇਸ ਮੁਹਿੰਮ ਚਲਾਈ ਜਾ ਰਹੀ ਹੈ ਤਾਂ ਜੋ ਸਾਲ 2023 ਦੌਰਾਨ ਮੀਜਲ ਅਤੇ ਰੁਬੇਲਾ ਦਾ ਪੂਰਨ ਰੂਪ ਵਿਚ ਖਾਤਮਾ ਹੋ ਸਕੇ। ਇਸ ਮੌਕੇ ਸੀਐਚਓ ਸੋਨਮ, ਏ.ਐਨ.ਐਮ. ਕਿਰਨਪਾਲ ਕੌਰ, ਰਾਜਵਿੰਦਰ ਕੌਰ, ਪਰਮਜੀਤ ਕੌਰ, ਗੁਰਪ੍ਰੀਤ ਕੌਰ ਅਤੇ ਆਸ਼ਾ ਵਰਕਰਾਂ ਮੌਜੂਦ ਸਨ।

# ਸਬ-ਡਵੀਜ਼ਨਾਂ 'ਚ ਮਾਈਨਿੰਗ ਗਤੀਵਿਧੀਆਂ 'ਤੇ ਨਜ਼ਰ ਰੱਖਣ ਲਈ ਕਮੇਟੀਆਂ ਗਠਿਤ



**ਜਲੰਧਰ, ( ਸ਼ੈਲੀ ਐਲਬਰਟ)** ਮਾਈਨਿੰਗ ਗਤੀਵਿਧੀਆਂ 'ਤੇ ਨਜਰ ਰੱਖਣ ਲਈ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਵੱਲੋਂ ਮੰਗਲਵਾਰ ਨੂੰ ਜ਼ਿਲ੍ਹੇ ਦੀ ਹਰੇਕ ਸਬ-ਡਵੀਜਨ ਵਿੱਚ ਐਸ.ਡੀ.ਐਮਜ ਦੀ ਅਗਵਾਈ ਵਿੱਚ ਇਕ ਕਮੇਟੀ ਦਾ ਗਠਨ ਕੀਤਾ ਗਿਆ, ਜੋ ਕਿਸੇ ਵੀ ਗੈਰ-ਕਾਨੂੰਨੀ ਮਾਈਨਿੰਗ ਨੂੰ ਰੋਕਣ ਤੋਂ ਇਲਾਵਾ ਸਾਰੀਆਂ ਜਨਤਕ ਅਤੇ ਕਮਰਸ਼ੀਅਲ ਮਾਈਨਿੰਗ ਸਾਈਟਾਂ ਦਾ ਨਿਰੀਖਣ ਕਰੇਗੀ। ਮੰਗਲਵਾਰ ਨੂੰ ਜਾਰੀ ਇੱਕ ਹੁਕਮ ਵਿੱਚ ਸਾਰੰਗਲ ਨੇ ਕਿਹਾ ਕਿ ਜਲੰਧਰ ਦੀਆਂ ਛੇ ਸਬ-ਡਵੀਜਨਾਂ ਜਲੰਧਰ-1, ਜਲੰਧਰ-2, ਨਕੋਦਰ, ਸ਼ਾਹਕੋਟ, ਫਿਲੌਰ ਅਤੇ ਆਦਮਪੁਰ ਹਨ ਅਤੇ ਇਸ ਕਮੇਟੀ ਦਾ ਚੇਅਰਮੈਨ ਹਰੇਕ ਡਵੀਜਨ ਦਾ ਐਸ.ਡੀ.ਐਮ. ਹੋਵੇਗਾ। ਉਨ੍ਹਾਂ ਦੱਸਿਆ ਕਿ ਕਮੇਟੀ ਵਿੱਚ ਸਬੰਧਤ ਐਸ.ਡੀ.ਓ. ਮਾਈਨਿੰਗ ਮੈਂਬਰ ਸਕੱਤਰ, ਜੇ.ਈ. ਮਾਈਨਿੰਗ, ਡੀ.ਐਸ.ਪੀ., ਵਣ ਰੇਂਜ ਅਫਸਰ, ਬੀ.ਡੀ.ਪੀ.ਓ. ਅਤੇ ਨਾਇਬ ਤਹਿਸੀਲਦਾਰ ਮੈਂਬਰ ਹੋਣਗੇ। ਇਹ ਕਮੇਟੀਆਂ ਜਨਤਕ ਤੇ ਕਮਰਸ਼ੀਅਲ ਮਾਈਨਿੰਗ ਸਾਈਟਾਂ ਅਤੇ ਗੈਰ-ਕਾਨੂੰਨੀ ਮਾਈਨਿੰਗ ਸੰਭਾਵਿਤ ਖੇਤਰਾਂ ਦਾ ਨਿਯਮਿਤ ਤੌਰ 'ਤੇ ਹਰ 15 ਦਿਨਾਂ ਬਾਅਦ ਜ਼ਮੀਨੀ ਪੱਧਰ 'ਤੇ ਨਿਰੀਖਨ ਕਰਕੇ ਜ਼ਿਲ੍ਹਾ ਪੱਧਰੀ ਨਿਗਰਾਨ ਕਮੇਟੀ ਨੂੰ ਰਿਪੋਰਟ ਸੌਂਪਣਗੀਆਂ। ਨ੍ਹਾਂ ਕਮੇਟੀਆਂ ਨੂੰ ਕਿਹਾ ਕਿ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਕਾਨੂੰਨੀ ਤੌਰ 'ਤੇ ਚੱਲ ਰਹੇ ਮਾਈਨਿੰਗ ਕਾਰਜ ਪ੍ਰਭਾਵਿਤ ਨਾ ਹੋਣ ਤਾਂ ਜੋ ਆਮ ਲੋਕਾਂ ਨੂੰ ਸਸਤੇ ਰੇਟਾਂ 'ਤੇ ਰੇਤ ਪ੍ਰਾਪਤ ਕਰਨ ਵਿੱਚ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਡਿਪਟੀ ਕਮਿਸ਼ਨਰ ਨੇ ਕਮੇਟੀਆਂ ਨੂੰ ਇਹ ਯਕੀਨੀ ਬਣਾਉਣ ਦੀ ਹਦਾਇਤ ਕੀਤੀ ਕਿ ਜ਼ਿਲ੍ਹੇ ਵਿੱਚ ਗੈਰ-ਕਾਨੂੰਨੀ ਮਾਈਨਿੰਗ ਨਾ ਹੋਵੇ ਅਤੇ ਦੋਸ਼ੀਆਂ ਵਿਰੁੱਧ ਤੁਰੰਤ ਐਫ.ਆਈ.ਆਰ. ਦਰਜ ਕੀਤੀ ਜਾਵੇ।

# ਸੀ ਆਰ ਏ 295/19 ਵਾਲੇ ਸਾਥੀਆਂ ਨੂੰ ਰੈਗੂਲਰ ਕਰਕੇ ਪੂਰੀ ਤਨਖਾਹ ਦੇਣ ਦੀ ਮੰਗ

**ਮਹਿਤਪੁਰ (ਰਾਜਾ)** ਟੈਕਨੀਕਲ ਸਰਵਿਸਜ ਯੂਨੀਅਨ ਰਜਿ. ਪੰਜਾਬ ਰਾਜ ਬਿਜਲੀ ਬੋਰਡ ਦੇ ਸੂਬਾ ਪ੍ਰਧਾਨ ਕ੍ਰਿਸ਼ਨ ਸਿੰਘ ਔਲਖ ਅਤੇ ਸਹਾਇਕ ਸਕੱਤਰ ਜਸਵਿੰਦਰ ਸਿੰਘ ਖੈਨਾ ਨੇ ਸਾਂਝੇ ਤੌਰ ਤੇ ਪ੍ਰੈਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਪਾਵਰਕੌਮ ਦੀ ਮੈਨੇਜਮੈਂਟ ਨੇ ਸੀ.ਆਰ.ਏ. 295 ਤਹਿਤ 2019 ਵਿੱਚ ਲਾਈਨਮੈਨ ਦੀ ਯੋਗਤਾ ਰੱਖਦੇ ਕਾਮਿਆਂ ਨੂੰ ਸਹਾਇਕ ਲਾਈਨਮੈਨ ਭਰਤੀ ਕੀਤਾ ਗਿਆ ਸੀ। ਭਰਤੀ ਕਰਨ ਸਮੇਂ ਉਹਨਾਂ 'ਤੇ ਤਿੰਨ ਸਾਲ ਦੇ ਪਰਖਕਾਲ ਸਮੇਂ ਦੀ ਸ਼ਰਤ ਲਗਾਈ ਗਈ ਸੀ। ਉਹਨਾਂ ਕਾਮਿਆਂ ਨੇ ਤਿੰਨ ਸਾਲ ਦਾ ਪਰਖਕਾਲ ਸਮਾਂ ਸਫਲਤਾ ਪੂਰਵਕ ਪੂਰਾ ਕਰ ਲਿਆ ਹੈ। ਪਰ ਪਾਵਰਕੌਮ ਮੈਨੇਜਮੈਂਟ ਵੱਲੋਂ ਜਾਣ ਬੁੱਝ ਕੇ ਉਹਨਾਂ ਨੂੰ ਰੈਗੂਲਰ ਕਰਕੇ ਪੂਰਾ ਤਨਖਾਹ ਸਕੇਲ ਨਹੀਂ ਦਿੱਤਾ ਜਾ ਰਿਹਾ। ਟੈਕਨੀਕਲ ਸਰਵਿਸਜ਼ ਯੂਨੀਅਨ ਪਿਛਲੇ ਲੰਮੇ ਸਮੇਂ ਤੋਂ ਸੀ.ਆਰ.ਏ. 295/19 ਤਹਿਤ ਭਰਤੀ ਕਾਮਿਆਂ ਨੂੰ ਰੈਗੂਲਰ ਕਰਕੇ ਪੂਰਾ ਤਨਖਾਹ ਸਕੇਲ ਦੇਣ ਦੀ ਮੰਗ 'ਤੇ ਸੰਘਰਸ਼ ਕਰਦੀ ਆ ਰਹੀ ਹੈ। ਸੰਘਰਸ਼ ਦੀ ਬਦੌਲਤ ਹੀ ਪਾਵਰਕੌਮ ਮੈਨੇਜਮੈਂਟ ਨੇ ਇੱਕ ਪੱਤਰ ਜਾਰੀ ਕਰਕੇ ਇਸ ਮਸਲੇ ਨੂੰ ਹੱਲ ਕਰਨ ਲਈ ਪੰਜਾਬ ਦੇ ਸਮੂਹ ਕਾਰਜਕਾਰੀ ਇੰਜੀਨੀਅਰਾਂ ਨੂੰ ਆਪਣੇ ਪੱਧਰ 'ਤੇ ਫੈਸਲਾ ਲੈਣ ਲਈ ਲਿਖਿਆ ਗਿਆ ਹੈ। ਪਰ ਕਾਰਜਕਾਰੀ ਇੰਜਨੀਅਰਾਂ ਵੱਲੋਂ ਉਹਨਾਂ ਕਾਮਿਆਂ ਨੂੰ ਰੈਗੂਲਰ ਨਹੀਂ ਕੀਤਾ ਜਾ ਰਿਹਾ। ਟੈਕਨੀਕਲ ਸਰਵਿਸਜ਼ ਯੂਨੀਅਨ ਮੰਗ ਕਰਦੀ ਹੈ ਕਿ ਪੰਜਾਬ ਦੇ ਸਮੂਹ ਕਾਰਜਕਾਰੀ ਇੰਜਨੀਅਰ ਵੱਲੋਂ ਸੀ.ਆਰ.ਏ. 295/19 ਤਹਿਤ ਭਰਤੀ ਪੀੜਤ ਮੁਲਾਜਮਾਂ ਦੇ ਦੁੱਖ ਨੂੰ ਸਮਝਦੇ ਹੋਏ ਉਹਨਾਂ ਨੂੰ ਫੌਰੀ ਰੈਗੂਲਰ ਕਰਕੇ ਪੂਰੇ ਤਨਖਾਹ ਸਕੇਲ ਮੁਤਾਬਕ ਤਨਖਾਹ ਦੀ ਅਦਾਇਗੀ ਕੀਤੀ ਜਾਵੇ। ਜੇਕਰ ਉਹਨਾਂ ਕਾਮਿਆਂ ਨੂੰ ਫੌਰੀ ਰੈਗੂਲਰ ਕਰਕੇ ਪੂਰੇ ਤਨਖਾਹ ਸਕੇਲ ਨਹੀਂ ਦਿੱਤੇ ਜਾਂਦੇ ਤਾਂ ਜਥੇਬੰਦੀ ਸੰਘਰਸ਼ ਕਰਨ ਲਈ ਮਜਬੂਰ ਹੋਵੇਗੀ।

# ਠੱਗੀ ਮਾਰਨ ਵਾਲਿਆਂ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦਾ



**ਫਿਲੌਰ, ( ਨਿਰਮਲ )** ਕੁਝ ਦਿਨ ਪਹਿਲਾਂ ਇਥੇ ਵਿਸ਼ਾਲ ਟੈਂਟ ਹਾਊਸ ਵਾਲਿਆਂ ਕੋਲੋਂ ਇਕ ਵਿਅਕਤੀ ਨੇ ਕਰੀਬ 2 ਲੱਖ ਦੇ ਭਾਂਡੇ ਇਹ ਕਹਿ ਕੇ ਲਏ ਕਿ ਉਸ ਨੇ ਹਾਈਵੇ 'ਤੇ ਲੰਗਰ ਲਗਾਉਣਾ ਹੈ ਅਤੇ ਜਦੋਂ ਵਿਸ਼ਾਲ ਟੈਂਟ ਵਾਲ਼ੇ ਲੰਗਰ ਲਾਉਣ ਵਾਲੀ ਜਗ੍ਹਾ 'ਤੇ ਗਏ ਤਾਂ ਉਹ ਚੋਰ ਉਸ ਥਾਂ ਤੋਂ ਭਾਂਡੇ ਲੈ ਕੇ ਉਸ ਜਗ੍ਹਾ ਤੋਂ ਫਰਾਰ ਹੋ ਚੁੱਕਾ ਸੀ ਅਤੇ ਉਸ ਥਾਂ ਤੇ ਕੋਈ ਵੀ ਨਹੀਂ ਸੀ ਅਤੇ ਉਨਾਂ ਇਸ ਠੱਗੀ ਦੀ ਪੁਲਸ ਨੂੰ ਸੂਚਨਾ ਦਿੱਤੀ ਤੇ ਰਿਪੋਰਟ ਦਰਜ ਕਰਵਾਈ। ਜਲੰਧਰ ਦੀ ਸੀ ਆਈ ਏ ਸਟਾਫ 2 ਦੀ ਟੀਮ ਦੇ ਇਹ ਵਿਅਕਤੀ ਕਾਬੂ ਆ ਗਿਆ। ਜਦੋਂ ਸੀ ਆਈ ਏ ਸਟਾਫ ਵੱਲੋਂ ਇਸ ਵਿਅਕਤੀ ਨਾਲ ਸਖਤੀ ਨਾਲ ਪੁੱਛਗਿੱਛ ਕੀਤੀ ਤਾਂ ਪਤਾ ਲੱਗਾ ਕਿ ਇਸ ਕੋਲ 10 ਲੱਖ ਦੇ ਕਰੀਬ ਚੋਰੀ ਦੇ ਭਾਂਡੇ ਹਨ। ਪੰਜਾਬ ਦੇ ਵਿੱਚ ਵੱਖ ਵੱਖ ਟੈਂਟ ਹਾਊਸ ਵਾਲਿਆਂ ਨਾਲ ਠੱਗੀ ਮਾਰਨ ਵਾਲਾ ਇਹ ਸ਼ਾਤਰ ਚੋਰ ਆਪਣਾ ਅਧਾਰ ਕਾਰਡ ਦਿਖਾ ਕੇ ਆਪਣਾ ਪੂਰੀ ਤਰਾਂ ਨਾਲ ਯਕੀਨ ਬਣਾ ਕੇ ਲੋਕਾਂ ਨਾਲ ਠੱਗੀਆਂ ਮਾਰਦਾ ਸੀ। ਜਦੋ ਇਸ ਸਬੰਧ ਵਿੱਚ ਏ ਐਸ ਆਈ ਧਰਮਿੰਦਰ ਨਾਲ ਪੱਤਰਕਾਰਾਂ ਨੇ ਗੱਲਬਾਤ ਕੀਤੀ ਤਾਂ ਉਨਾਂ ਦੱਸਿਆ ਕੇ ਇਸ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਥਾਣਾ ਫਿਲੌਰ ਵਿਖੇ ਲਿਆਂਦਾ ਗਿਆ ਹੈ ਅਤੇ ਅੱਗੇ ਦੀ ਕਾਰਵਾਈ ਪੁਲਸ ਵਲੋਂ ਸ਼ੁਰੂ ਕਰ ਦਿੱਤੀ ਗਈ ਹੈ।

# ਚਾਰ ਵਿਦਿਆਰਥੀ ਕਬੱਡੀ ਦੀ ਜ਼ਿਲ੍ਹਾ ਟੀਮ ਲਈ ਚੁਣੇ ਗਏ

**ਸ਼ਾਹਕੋਟ (ਗਿਆਨ ਸੈਦਪੁਰੀ)**—ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੰਗਲ ਅੰਬੀਆਂ ਦੇ ਮੁਖੀ ਕੁਲਦੀਪ ਕੌਰ ਨੇ ਦੱਸਿਆ ਕਿ ਸਕੂਲ ਸਿੱਖਿਆ ਵਿਭਾਗ ਵੱਲੋਂ ਕਰਵਾਈਆਂ ਜਾ ਰਹੀਆਂ ਜ਼ਿਲ੍ਹਾ ਸਕੂਲ ਖੇਡਾਂ ਵਿੱਚ ਜੋਨ ਨੰਬਰ- 15 ਵੱਲੋਂ ਖੇਡਦਿਆਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੰਗਲ ਅੰਬੀਆਂ ਦੇ ਵਿਦਿਆਰਥੀਆਂ ਨੇ ਅੰਡਰ-19 ਸਾਲ ਕਬੱਡੀ ਨੈਸ਼ਨਲ ਸਟਾਈਲ ਲੜਕੀਆਂ ਅਤੇ ਅੰਡਰ-19 ਸਾਲ ਕੱਬਡੀ ਸਰਕਲ ਸਟਾਈਲ ਲੜਕਿਆਂ ਨੇ ਜ਼ਿਲ੍ਹੇ ਵਿੱਚੋਂ ਦੂਸਰਾ ਸਥਾਨ ਹਾਸਲ ਕੀਤਾ। ਉਨ੍ਹਾਂ ਦੱਸਿਆ ਕਿ ਸੋਮਾ (ਐਸ. ਏ. ਐਲ) ਅਤੇ ਸਮੂਹ ਸਟਾਫ ਦੀ ਮਿਹਨਤ ਸਦਕਾ ਉਨ੍ਹਾਂ ਦੇ ਸਕੂਲ ਦੇ ਚਾਰ ਵਿਦਿਆਰਥੀ ਸੁਨੀਤਾ ਦੇਵੀ, ਸਿਮਰਨ ਕੌਰ, ਰੌਬਿਨ ਗਿੱਲ ਅਤੇ ਨਿਸ਼ਾਨ ਸਿੰਘ ਜ਼ਿਲ੍ਹਾ ਟੀਮ ਲਈ ਚੁਣੇ ਗਏ ਹਨ। ਇਸ ਮੌਕੇ ਹੋਰਨਾਂ ਤੋ ਇਲਾਵਾ ਰਜਿੰਦਰ ਸਿੰਘ, ਰਛਪਾਲ ਕੌਰ, ਗੁਰਿੰਦਰ ਕੌਰ, ਸਤਵੀਰਪਾਲ ਕੌਰ, ਅਮਨਦੀਪ ਸਿੰਘ, ਕੁਲਵਿੰਦਰ ਸਿੰਘ, ਕੁਲਦੀਪ ਮਿੱਡਾ, ਮਨਜੀਤ ਕੌਰ, ਲਵਪ੍ਰੀਤ ਕੌਰ, ਸੁਖਦੀਪ ਕੌਰ, ਕਰਮਜੋਤ ਕੌਰ ਆਦਿ ਹਾਜ਼ਰ ਸਨ।

# ਅੰਤਰਰਾਸ਼ਟਰੀ ਪੰਜਾਬੀ ਬੋਲੀ ਓਲੰਪਿਆਡ ਦੀ ਤਿਆਰੀ ਸੰਬੰਧੀ ਕਾਰਜਾਂ ਦੀ ਸਮੀਖਿਆ



**ਐੱਸ.ਏ.ਐੱਸ ਨਗਰ ( ਗੁਰਜੀਤ ਬਿੱਲਾ)** ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਪਰਸਨ ਡਾ. ਸਤਬੀਰ ਬੇਦੀ ਆਈ.ਏ.ਐੱਸ (ਰਿਟ) ਦੀ ਅਗਵਾਈ ਵਿੱਚ ਅਗਾਮੀ ਅੰਤਰਰਾਸ਼ਟਰੀ ਪੰਜਾਬੀ ਬੋਲੀ ਓਲੰਪਿਆਡ ਦੀ ਤਿਆਰੀ ਸਬੰਧੀ ਕਾਰਜਾਂ ਦੀ ਸਮੀਖਿਆ ਕੀਤੀ ਗਈ । ਇਸ ਬੈਠਕ ਵਿੱਚ ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਡਾ. ਰਵੇਲ ਸਿੰਘ, ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਲਿਟਰੇਰੀ ਸਟੱਡੀਜ ਵਿਭਾਗ ਤੋਂ ਪ੍ਰੋਫੈਸਰ ਰਣਜੋਧ ਸਿੰਘ, ਗਾਇਕ ਤੇ ਗੀਤਕਾਰ ਕਮਲਜੀਤ ਨੀਲੋਂ ਅਤੇ ਪੰਜਾਬੀ ਕਲਾਕਾਰ ਪਰਮਜੀਤ ਸਿੰਘ ਭੰਗੂ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਬੈਠਕ ਦੌਰਾਨ ਓਲੰਪਿਆਡ ਸਬੰਧੀ ਪਾਠ ਸਮੱਗਰੀ ਨੂੰ ਅੰਤਿਮ ਛੋਹਾਂ ਦਿੱਤੀਆਂ ਗਈਆਂ ਅਤੇ ਓਲੰਪਿਆਡ ਲਈ ਵਿਦਿਆਰਥੀਆਂ ਦੀ ਰਜਿਸਟਰੇਸ਼ਨ ਪ੍ਰਕਿਰਿਆ ਬਾਰੇ ਵਿਚਾਰ ਵਟਾਂਦਰਾ ਵੀ ਕੀਤਾ ਗਿਆ । ਕਲਾਕਾਰ ਕਮਲਜੀਤ ਨੀਲੋਂ ਨੇ ਓਲੰਪਿਆਡ ਸਬੰਧੀ ਆਪਣਾ ਗੀਤ ਹਾਜਰੀਨ ਦੇ ਸਨਮੁੱਖ ਪੇਸ਼ ਕੀਤਾ । ਮੀਟਿੰਗ ਵਿੱਚ ਹਾਜ਼ਰ ਮੈਂਬਰਾਂ ਵੱਲੋਂ ਇਸ ਕਾਰਜ ਲਈ ਬਹੁਮੁਲੇ ਸੁਝਾਅ ਪੇਸ਼ ਕੀਤੇ ਗਏ। ਬੈਠਕ ਵਿੱਚ ਬੋਰਡ ਦੇ ਸਕੱਤਰ ਅਵਕੇਸ਼ ਗੁਪਤਾ ਪੀ.ਸੀ.ਐੱਸ, ਮਿਡ ਡੇਅ ਮੀਲ ਸੁਸਾਇਟੀ ਦੇ ਡਾਇਰੈਕਟਰ ਮਨਿੰਦਰ ਸਿੰਘ ਸਰਕਾਰੀਆ, ਉਪ ਸਕੱਤਰ ਗੁਰਤੇਜ ਸਿੰਘ, ਅਮਰਜੀਤ ਕੌਰ ਦਾਲਮ, ਗੁਰਮੀਤ ਕੌਰ ਅਤੇ ਵਿਸ਼ਾ ਮਾਹਰ ਪੰਜਾਬੀ ਪਰਮਿੰਦਰ ਕੌਰ ਵੀ ਹਾਜਰ ਸਨ।

# ਐਸ ਵਾਈ ਐਲ ਮਸਲੇ 'ਤੇ ਸਿਆਸੀ ਆਗੂ ਮਗਰਮੱਛ ਦੇ ਹੰਜੂ ਵਹਾਉਣੇ ਬੰਦ ਕਰਨ : ਸਿੰਗੜੀਵਾਲਾ

**ਹੁਸ਼ਿਆਰਪੁਰ (ਓ ਪੀ ਰਾਣਾ )** ਕੌਮਾਂਤਰੀ ਰੀਪੇਰੀਅਨ ਕਾਨੂੰਨ ਅਨੁਸਾਰ ਜੋ ਦਰਿਆ, ਨਦੀਆਂ ਜਿਸ ਸੂਬੇ ਵਿਚ ਵਹਿੰਦੀਆਂ ਹਨ ਅਤੇ ਜਿਸ ਪਾਣੀ ਦਾ ਨੁਕਸਾਨ ਵੀ ਉਥੋਂ ਦੇ ਨਿਵਾਸੀ ਝੱਲਦੇ ਹਨ, ਉਸ ਪਾਣੀ ਉਤੇ ਉਪਰੋਕਤ ਰੀਪੇਰੀਅਨ ਕਾਨੂੰਨ ਅਨੁਸਾਰ ਉਸ ਸੂਬੇ ਦੀ ਕਾਨੂੰਨੀ ਮਲਕੀਅਤ 'ਤੇ ਹੱਕ ਹੁੰਦਾ ਹੈ, ਪਰ ਦੁੱਖ ਅਤੇ ਅਫੋਸਸ ਹੈ ਕਿ ਹੁਣ ਤੱਕ ਦੀਆਂ ਪੰਜਾਬ ਦੀਆਂ ਰਹਿ ਚੁੱਕੀਆਂ ਸਰਕਾਰਾਂ ਜਾਂ ਉਨ੍ਹਾਂ ਦੇ ਮੁੱਖ ਮੰਤਰੀਆਂ ਨੇ ਆਪਣੇ ਇਸ ਸੂਬੇ ਵਿਚ ਵਹਿੰਦੇ ਸਤਲੁਜ, ਬਿਆਸ, ਰਾਵੀ ਦਰਿਆਵਾਂ ਦੇ ਪਾਣੀਆਂ ਦੀ ਮਲਕੀਅਤ ਉਤੇ ਦਾਅਵਾ ਹੀ ਪੇਸ਼ ਨਹੀਂ ਕੀਤਾ ਤੇ ਹੁਣ ਐਸ ਵਾਈ ਐਲ ਦੇ ਮਸਲੇ 'ਤੇ ਅਕਾਲੀ, ਕਾਂਗਰਸ ਤੇ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਮਗਰਮੱਛ ਦੇ ਹੰਜੂ ਬਹਾਉਣੇ ਬੰਦ ਕਰਨੇ ਚਾਹੀਦੇ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲ੍ਹਾ ਜਰਨਲ ਸਕੱਤਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪ੍ਰੈਸ ਨੋਟ ਰਾਹੀਂ ਕਰਦਿਆਂ ਕਿਹਾ ਕਿ ਪੰਜਾਬ ਦੀ ਮੌਜੂਦਾ ਭਗਵੰਤ ਸਿੰਘ ਮਾਨ ਸਰਕਾਰ ਦਾ ਇਹ ਕਾਨੂੰਨੀ ਤੇ ਇਖਲਾਕੀ ਫਰਜ ਬਣ ਜਾਂਦਾ ਹੈ ਕਿ ਉਹ ਸਭ ਤੋਂ ਪਹਿਲੇ ਪਾਣੀ ਦੀ ਮਲਕੀਅਤ ਦਾ ਦਾਅਵਾ ਪੇਸ਼ ਕਰੇ । ਸੈਂਟਰ ਵੱਲੋ ਪਾਣੀ ਖੋਹਣ ਲਈ ਦਿੱਤੇ ਗਏ ਅਵਾਰਡ, ਉਪਰੰਤ ਬਣਾਏ ਟ੍ਰਿਬਿਊਨਲ ਦੀ ਕੋਈ ਮਹੱਤਤਾ ਨਹੀ ਹੈ, ਕਿਉਂਕਿ ਰੀਪੇਰੀਅਨ ਕਾਨੂੰਨ ਅਨੁਸਾਰ ਪਾਣੀ ਦੀ ਮਲਕੀਅਤ ਦਾ ਹੱਕ ਪੰਜਾਬ ਦਾ ਹੈ ਜਿਸ ਨੂੰ ਸੈਂਟਰ ਦੇ ਹੁਕਮਰਾਨਾਂ ਨੇ ਅੱਜ ਤੱਕ ਪੰਜਾਬ ਨੂੰ ਅਣਗੌਲਿਆ ਕੀਤਾ ਹੋਇਆ ਹੈ । ਪੰਜਾਬ ਦੇ ਪਾਣੀਆ ਦੀ ਮਲਕੀਅਤ ਤੇ ਉਸਨੂੰ ਵੰਡਣ ਦਾ ਅਧਿਕਾਰ ਸਿਰਫ ਤੇ ਸਿਰਫ ਪੰਜਾਬ ਦਾ ਹੈ, ਉਸ ਵਿਚ ਸੈਂਟਰ ਦੇ ਹੁਕਮਰਾਨ ਜਾਂ ਕਿਸੇ ਹੋਰ ਸੂਬੇ ਦਾ ਕੋਈ ਅਧਿਕਾਰ ਖੇਤਰ ਨਹੀਂ ਹੈ । ਸਭ ਤੋਂ ਪਹਿਲੇ ਸਾਡੇ ਪਾਣੀਆਂ ਦੀ ਮਲਕੀਅਤ ਦਾ ਕਾਨੂੰਨੀ ਹੱਕ ਦਿੱਤਾ ਜਾਵੇ, ਉਪਰੰਤ ਪੰਜਾਬ, ਪੰਜਾਬੀ ਤੇ ਪੰਜਾਬ ਸਰਕਾਰ ਫੈਸਲਾ ਕਰਨਗੇ ਕਿ ਅਸੀਂ ਪਾਣੀ ਕਿਸੇ ਨੂੰ ਦੇਣਾ ਹੈ ਜਾਂ ਨਹੀ ।"

# ਪੈਨਸ਼ਨਰਜ਼ ਮਹਾਂ ਸੰਘ ਦੇ ਮੈਂਬਰਾਂ ਦੀ ਮੀਟਿੰਗ 'ਚ ਅਹਿਮ ਵਿਚਾਰਾਂ

**ਚਮਕੌਰ ਸਾਹਿਬ , ( ਗੁਰਵਿੰਦਰਪਾਲ ਸਿੰਘ ਬੌਬੀ**- ਪੰਜਾਬ ਪੈਨਸਨਰਜ ਮਹਾਂਸੰਘ ਬਲਾਕ ਚਮਕੌਰ ਸਾਹਿਬ ਦੇ ਮੈਂਬਰਾਂ ਦੀ ਮੀਟਿੰਗ ਸੰਘ ਦੇ ਪ੍ਰਧਾਨ ਲੈਕਚਰਾਰ ਧਰਮਪਾਲ ਸੋਖਲ ਦੀ ਪ੍ਰਧਾਨਗੀ ਹੇਠ ਹੋਈ । ਮੀਟਿੰਗ ਦੌਰਾਨ ਸਮੂਹ ਮੈਂਬਰਾਂ ਨੇ ਸੰਘ ਦੇ ਵਿਛੜੇ ਮੈਂਬਰ ਭੁਪਿੰਦਰ ਸਿੰਘ ਦੀ ਹੋਈ ਮੌਤ 'ਤੇ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ । ਸੰਘ ਦੇ ਜਨਰਲ ਸਕੱਤਰ ਲੈਕਚਰਾਰ ਲਛਮਣ ਸਿੰਘਅਤੇ ਸਕੱਤਰ ਪਵਨ ਕੁਮਾਰ ਨੇ ਦੱਸਿਆ ਕਿ ਮੀਟਿੰਗ ਦੌਰਾਨ ਸਾਬਕਾ ਸਿੱਖਿਆ ਅਧਿਕਾਰੀ ਭਾਗ ਸਿੰਘ ਮਕੜੌਨਾ,ਪ੍ਰਿੰਸੀਪਲ ਮੋਹਣ ਸਿੰਘ, ਪ੍ਰਿੰਸੀਪਲ ਜਸਵੰਤ ਸਿੰਘ, ਬਾਰਾ ਸਿੰਘ ਕੰਗ, ਸੁਪਰਡੈਂਟ ਹਰਚੰਦ ਸਿੰਘ ਜਗਤਪੁਰ,ਮੋਹਨ ਲਾਲ ਅਤੇ ਕੈਪਟਨ ਹਰਪਾਲ ਸਿੰਘ ਆਦਿ ਬੁਲਾਰਿਆਂ ਨੇ ਪੈਨਸ਼ਨਰਾਂ ਦੀਆਂ ਮੰਗਾਂ 'ਤੇ ਚਰਚਾ ਕਰਦਿਆਂ ਕਿਹਾ ਕਿ ਸਰਕਾਰ ਦੀ ਇਨ੍ਹਾਂ ਮੰਗਾਂ ਸਬੰਧੀ ਟਾਲ ਮਟੋਲ ਦੀ ਨੀਤੀ ਕਾਰਨ ਬਜੁਰਗ ਪੈਨਸ਼ਨਰਾਂ ਵਿੱਚ ਮਾਯੂਸੀ ਦਾ ਆਲਮ ਹੈ। ਉਕਤ ਬੁਲਾਰਿਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਦੀਆਂ ਜਾਇਜ ਮੰਗਾਂ ਦਾ ਨਿਪਟਾਰਾ ਜਲਦੀ ਤੋਂ ਜਲਦੀ ਕੀਤਾ ਜਾਵੇ । ਮੀਟਿੰਗ ਦੌਰਾਨ ਸਮੂਹ ਪੈਨਸ਼ਨਰਾਂ ਨੇ 14 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਹੋਣ ਵਾਲੀ ਰੈਲੀ ਵਿੱਚ ਭਾਗ ਲੈਣ ਲਈ ਜ਼ਿਲ੍ਹਾ ਰੂਪਨਗਰ ਤੋਂ ਸੈਂਕੜੇ ਪੈਨਸ਼ਨਰਜ਼ ਪਹੁੰਚਣਗੇ । ਮਾਸਟਰ ਰਣਜੀਤ ਸਿੰਘ ਹਵਾਰਾ ਨੇ ਦੱਸਿਆ ਕਿ ਮੀਟਿੰਗ ਦੇ ਅੰਤ ਵਿਚ ਅਕਤੂਬਰ ਮਹੀਨੇ ਵਿਚ ਜਿਨ੍ਹਾਂ ਮੈਂਬਰਾਂ ਦਾ ਜਨਮ ਦਿਨ ਹੈ, ਉਨ੍ਹਾਂ ਮੈਂਬਰਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਲੰਮੀ ਉਮਰ ਦੀ ਕਾਮਨਾ ਕੀਤੀ ਗਈ । ਇਸ ਤੋਂ ਇਲਾਵਾ ਮੈਂਬਰਾਂ ਨੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਐਨ ਐਚ ਹਾਈਵੇਅ ਰੋਡ ਬਣਨ ਕਾਰਨ ਚਮਕੌਰ ਸਾਹਿਬ ਦੀਆਂ ਸੜਕਾਂ ਤੇ ਲਗਾਤਾਰ ਮਿੱਟੀ ਦੇ ਓਵਰਲੋਡ ਚੱਲਦੇ ਟਿੱਪਰਾਂ ਨੂੰ ਰੋਕਿਆ ਜਾਵੇ। ਇਸ ਮੌਕੇ ਨੋਹਰੀਆ ਸਿੰਘ, ਸੁਰਜੀਤ ਸਿੰਘ, ਰਾਜਿੰਦਰ ਸੁਕਲਾ, ਰਾਮ ਸਿੰਘ, ਸੁਰਿੰਦਰਪਾਲ ਸਿੰਘ, ਕਾਕਾ ਸਿੰਘ, ਨਿਰਮਲ ਸਿੰਘ, ਤਰਸੇਮ ਲਾਲ, ਜਸਵੀਰ ਕੌਰ, ਹਰਜੀਤ ਕੌਰ, ਮਨਜੀਤ ਕੌਰ ਅਤੇ ਹੁਸ਼ਿਆਰ ਕੌਰ ਆਦਿ ਮੈਂਬਰ ਹਾਜਰ ਸਨ।

# ਵਿਕਾਸ ਕਾਰਜ ਪਹਿਲ ਦੇ ਆਧਾਰ 'ਤੇ ਨੇਪਰੇ ਚਾੜ੍ਹੇ ਜਾਣ: ਮਨੀਸ਼ ਤਿਵਾੜੀ



**ਐਸ.ਏ.ਐਸ. ਨਗਰ, (ਗੁਰਜੀਤ ਬਿੱਲਾ)**— ਜ਼ਿਲਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਵੱਖੋ ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੈਂਬਰ ਲੋਕ ਸਭਾ, ਸ੍ਰੀ ਆਨੰਦਪੁਰ ਸਾਹਿਬ, ਮਨੀਸ਼ ਤਿਵਾੜੀ ਨੇ ਐਮ ਪੀ ਲੋਕਲ ਏਰੀਆ ਡਿਵੈਲਪਮੈਂਟ ਫੰਡ ਨਾਲ ਚੱਲ ਰਹੇ ਵਿਕਾਸ ਕਾਰਜਾਂ ਅਤੇ ਭਾਰਤ ਸਰਕਾਰ ਦੁਆਰਾ ਚਲਾਈਆਂ ਜਾ ਰਹੀਆਂ ਕੇਂਦਰ ਪ੍ਰਯੋਜਿਤ ਯੋਜਨਾਵਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕੀਤੇ। ਤਿਵਾੜੀ ਨੇ ਕਿਹਾ ਕਿ ਵਿਕਾਸ ਕਾਰਜਾਂ ਲਈ ਬਹੁਤ ਜਲਦ ਹੋਰ ਵੀ ਫੰਡ, ਐਮ ਪੀ ਲੈਡ ਫੰਡ ਵਿਚੋਂ ਜਾਰੀ ਕੀਤੇ ਜਾਣਗੇ। ਇਸ ਮੌਕੇ ਉਹਨਾਂ ਨੇ ਪਿੰਡਾਂ ਵਿਚ ਸੋਲਰ ਲਾਈਟਾਂ ਲਾਉਣ ਦੇ ਪ੍ਰੋਜੈਕਟ ਪਹਿਲ ਦੇ ਆਧਾਰ ਉੱਤੇ ਪੂਰੇ ਕਰਨ ਲਈ ਹਦਾਇਤਾਂ ਦਿੱਤੀਆਂ। ਉਹਨਾਂ ਨੇ ਅਧਿਕਾਰੀਆਂ ਨੂੰ ਕਿਹਾ ਕਿ ਲੋੜੀਂਦੇ ਵਿਕਾਸ ਕਾਰਜਾਂ ਦੇ ਪ੍ਰਸਤਾਵ ਉਹਨਾਂ ਨੂੰ ਦਿੱਤੇ ਜਾਣ ਤੇ ਉਹ ਹਰ ਹਾਲ ਲੋਕ ਪੱਖੀ ਪ੍ਰੋਜੈਕਟ ਪੂਰੇ ਕਰਨ ਲਈ ਪੂਰੀ ਵਾਹ ਲਾਉਣਗੇ। ਤਿਵਾੜੀ ਨੇ ਕਿਹਾ ਕਿ ਵਿਕਾਸ ਕਾਰਜਾਂ ਦੇ ਮਿਆਰ ਸਬੰਧੀ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਸ੍ਰੀਮਤੀ ਆਸ਼ਿਕਾ ਜੈਨ ਵੀ ਹਾਜ਼ਰ ਸਨ। ਮੀਟਿੰਗ ਦੀ ਕਾਰਵਾਈ ਚਲਾਉਂਦਿਆਂ ਡਿਪਟੀ ਕਮਿਸ਼ਨਰ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਕੇਂਦਰ ਪ੍ਰਯੋਜਿਤ ਯੋਜਨਾਵਾਂ ਤਹਿਤ ਚੱਲ ਰਹੇ ਵਿਕਾਸ ਕਾਰਜਾਂ ਬਾਰੇ ਵਿਸਥਾਰਤ ਜਾਣਕਾਰੀ ਦਿੱਤੀ। ਮੈਂਬਰ ਲੋਕ ਸਭਾ ਸ੍ਰੀ ਮਨੀਸ਼ ਤਿਵਾੜੀ ਨੇ ਪੀ.ਡਬਲਿਊ.ਡੀ, ਸੜਕ ਯੋਜਨਾਵਾਂ, ਜਲ ਸਪਲਾਈ ਤੇ ਸੈਨੀਟੇਸ਼ਨ, ਭੂਮੀ ਰੱਖਿਆ ਵਿਭਾਗ, ਜ਼ਿਲ੍ਹਾ ਸਮਾਜਿਕ ਸੁਰੱਖਿਆ ਵਿਭਾਗ, ਪਸ਼ੂ ਪਾਲਣ ਵਿਭਾਗ, ਮੱਛੀ ਪਾਲਣ, ਖੇਤੀਬਾੜੀ, ਜ਼ਿਲ੍ਹਾ ਸਿੱਖਿਆ ਵਿਭਾਗ (ਐਲੀਮੈਂਟਰੀ) ਅਤੇ (ਸੈਕੰਡਰੀ), ਮਗਨਰੇਗਾ, ਪ੍ਰਧਾਨ ਮੰਤਰੀ ਆਵਾਸ ਯੋਜਨਾ ਸਮੇਤ ਕੇਂਦਰ ਸਰਕਾਰ ਦੀਆਂ ਹੋਰ ਯੋਜਨਾਵਾਂ ਨੂੰ ਲਾਗੂ ਕਰਨ ਦੀ ਪ੍ਰਗਤੀ ਦੀ ਸਮੀਖਿਆ ਕੀਤੀ। ਮੀਟਿੰਗ ਦੌਰਾਨ ਪਵਨ ਦੀਵਾਨ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਦਮਨਜੀਤ ਸਿੰਘ ਮਾਨ, ਕਮਿਸ਼ਨਰ ਨਗਰ ਨਿਗਮ ਸ੍ਰੀਮਤੀ ਨਵਜੋਤ ਕੌਰ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਗੀਤਿਕਾ ਸਿੰਘ, ਐਸ.ਡੀ.ਐਮ ਖਰੜ ਰਵਿੰਦਰ ਸਿੰਘ, ਐਸ.ਡੀ.ਐਮ ਮੋਹਾਲੀ ਚੰਦਰ ਜਯੋਤੀ ਸਿੰਘ ਸਮੇਤ ਹੋਰ ਵਿਭਾਗਾਂ ਦੇ ਮੁਖੀ ਅਤੇ ਅਧਿਕਾਰੀ ਵੀ ਹਾਜ਼ਰ ਸਨ।

# ਐੱਮ ਸੀ ਟੀਮ ਨੇ ਕੂੜੇ ਨੂੰ ਸਰੋਤ 'ਤੇ ਹੀ ਵੱਖ ਕਰਨ ਲਈ ਕੀਤਾ ਵੱਖ-ਵੱਖ ਥਾਵਾਂ ਦਾ ਦੌਰਾ

**ਐਸ.ਏ.ਐਸ.ਨਗਰ, (ਗੁਰਜੀਤ ਬਿੱਲਾ)**-ਡਿਪਟੀ ਕਮਿਸ਼ਨਰ ਐਸ.ਏ.ਐਸ.ਨਗਰ, ਸ੍ਰੀਮਤੀ ਆਸ਼ਿਕਾ ਜੈਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਵੱਛ ਭਾਰਤ ਮਿਸ਼ਨ ਨੂੰ ਪ੍ਰਫੁੱਲਤ ਕਰਨ ਲਈ ਸਾਂਝੇ ਯਤਨਾਂ ਤਹਿਤ, ਨਗਰ ਕੌਂਸਲ ਨਯਾ ਗਾਉਂ ਦੇ ਕਮਿਊਨਿਟੀ ਫੈਸੀਲੀਟੇਟਰ (ਸੀ.ਐਫ.) ਅਤੇ ਸੈਨੇਟਰੀ ਇੰਸਪੈਕਟਰ (ਐਸ.ਆਈ.) 'ਤੇ ਅਧਾਰਿਤ ਟੀਮ ਨੇ ਏ.ਡੀ.ਸੀ. (ਯੂ ਡੀ) ਦੀ ਐਸ.ਬੀ.ਐਮ.ਯੂ. ਟੀਮ ਦੇ ਨਾਲ ਵੈਲੇਂਸੀਆ ਐਨਕਲੇਵ, ਕਾਂਸਲ ਦਾ ਦੌਰਾ ਕੀਤਾ। ਇਸ ਫੇਰੀ ਦੌਰਾਨ, ਵੈਲੇਂਸੀਆ ਐਨਕਲੇਵ ਦੇ ਵਸਨੀਕਾਂ ਨੂੰ ਸਰੋਤ ਵੱਖ ਕਰਨ ਦੀ ਮਹੱਤਤਾ 'ਤੇ ਇੱਕ ਲਾਈਵ ਪ੍ਰਦਰਸ਼ਨ ਅਤੇ ਜਾਗਰੂਕਤਾ ਸੈਸ਼ਨ ਦਿੱਤਾ ਗਿਆ। ਇਸ ਪਹਿਲ ਕਦਮੀ ਦਾ ਉਦੇਸ਼ ਸੁਸਾਇਟੀ ਦੇ ਅੰਦਰ, ਜ਼ਿੰਮੇਵਾਰ ਰਹਿੰਦ-ਖੂੰਹਦ ਪ੍ਰਬੰਧਨ ਅਤੇ ਰੀਸਾਈਕਲਿੰਗ ਨੂੰ ਉਤਸ਼ਾਹਿਤ ਕਰਨਾ ਸੀ। ਇਸ ਮੌਕੇ ਸਿੰਗਲ-ਯੂਜ ਪਲਾਸਟਿਕ ਦੀ ਖਪਤ ਨੂੰ ਘਟਾਉਣ ਲਈ, ਵੈਲੇਂਸੀਆ ਐਨਕਲੇਵ ਦੇ ਵਸਨੀਕਾਂ ਵਿੱਚ ਕੱਪੜੇ ਦੇ ਥੈਲੇ ਖੁੱਲ੍ਹੇ ਦਿਲ ਨਾਲ ਵੰਡੇ ਗਏ। ਇਹ ਕਦਮ ਵਾਤਾਵਰਣ-ਅਨੁਕੂਲ ਵਿਕਲਪਾਂ ਨੂੰ ਅਪਣਾਉਣ ਅਤੇ ਹਰੇ ਭਰੇ ਵਾਤਾਵਰਣ ਵਿੱਚ ਯੋਗਦਾਨ ਪਾਉਣ ਲਈ ਇੱਕ ਪ੍ਰੇਰਣਾ ਵਜੋਂ ਉਤਸ਼ਾਹਿਤ ਕਰਨ ਲਈ ਸੀ। ਇਸੇ ਤਰ੍ਹਾਂ ਵਾਰਡ ਨੰ: 12 ਦੇ ਸ਼ਿਵ ਮੰਦਰ ਦਾ ਵੀ ਦੌਰਾ ਕੀਤਾ ਗਿਆ। ਮੰਦਰ ਦੇ ਪੁਜਾਰੀ ਅਤੇ ਪ੍ਰਬੰਧਕਾਂ ਨਾਲ ਗੱਲਬਾਤ ਰਾਹੀਂ ਉਨ੍ਹਾਂ ਨੂੰ ਵਰਤੇ ਹੋਏ ਫੁੱਲਾਂ ਨੂੰ ਇੱਕ ਵੱਖਰੇ ਡੱਬੇ ਵਿੱਚ ਇਕੱਠਾ ਕਰਨ ਲਈ ਪ੍ਰੇਰਿਤ ਕੀਤਾ ਜੋ ਕਿ ਐਮ ਸੀ ਦਫ਼ਤਰ, ਨਯਾਗਾਓਂ ਦੁਆਰਾ ਇਕੱਤਰ ਕੀਤੇ ਜਾਣਗੇ। ਮੰਦਰ ਦੇ ਪੁਜਾਰੀ ਨੂੰ ਲੋਕਾਂ ਨੂੰ ਪੋਲੀਥੀਨ ਬੈਗ ਦੀ ਵਰਤੋਂ ਨਾ ਕਰਨ ਲਈ ਵੀ ਪ੍ਰੇਰਿਤ ਕੀਤਾ ਗਿਆ।

# 'ਖੰਨਾ ਨੇ ਕੀਤਾ ਰਿਆਤ-ਬਾਹਰਾ 'ਵਰਸਿਟੀ ਦੇ ਲਾਅ ਵਿਦਿਆਰਥੀਆਂ ਨੂੰ ਸੰਬੋਧਨ



**ਕੁਰਾਲੀ (ਮੋਹਨ ਅੱਗਰਵਾਲ ਜੋਗਾ)**:- ਰਾਜ ਸਭਾ ਦੇ ਸਾਬਕਾ ਮੈਂਬਰ ਅਤੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਵਿਨਾਸ਼ ਰਾਏ ਖੰਨਾ ਨੇ ਇੱਥੇ ਕੇਂਦਰ ਸਰਕਾਰ ਵੱਲੋਂ ਇੰਡੀਅਨ ਪੀਨਲ ਕੋਡ, ਕੋਡ ਆਫ ਕ੍ਰਿਮੀਨਲ ਪ੍ਰੋਸੀਜ਼ਰ ਅਤੇ ਐਵੀਡੈਂਸ ਐਕਟ ਵਿੱਚ ਪ੍ਰਸਤਾਵਿਤ ਤਬਦੀਲੀਆਂ ਦੀ ਸ਼ਲਾਘਾ ਕੀਤੀ। ਅਵਿਨਾਸ਼ ਰਾਏ ਖੰਨਾ, ਜੋ ਕਿ ਇੰਡੀਅਨ ਰੈੱਡ ਕਰਾਸ ਸੁਸਾਇਟੀ ਦੇ ਉਪ-ਚੇਅਰਮੈਨ ਹਨ, ਇੱਥੇ ਰਿਆਤ ਬਾਹਰਾ ਯੂਨੀਵਰਸਿਟੀ ਸਕੂਲ ਆਫ਼ ਲਾਅ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰ ਰਹੇ ਸਨ। ਇਕ ਵਕੀਲ ਵਜੋਂ ਪ੍ਰੈਕਟਿਸ ਕਰ ਚੁੱਕੇ ਖੰਨਾ ਨੇ ਆਪਣੇ ਨਿੱਜੀ ਤਜ਼ੁਰਬੇ ਤੋਂ ਉਦਾਹਰਣਾਂ ਦਿੱਤੀਆਂ ਕਿ ਕਿਵੇਂ ਲੋਕ ਸਹੁੰ ਖਾ ਕੇ ਵੀ ਅਦਾਲਤ ਵਿੱਚ ਗਲਤ ਬਿਆਨਬਾਜ਼ੀ ਕਰਕੇ ਭੱਜ ਜਾਂਦੇ ਹਨ ਅਤੇ ਜੇਕਰ ਦੋਸ਼ੀ ਬਰੀ ਹੋ ਜਾਂਦਾ ਹੈ ਤਾਂ ਗਲਤ ਬਿਆਨਬਾਜ਼ੀ ਕਰਨ ਵਾਲੇ ਵਿਅਕਤੀਆਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ। ਉਨ੍ਹਾਂ ਕਿਹਾ ਕਿ ਇੰਡੀਅਨ ਪੀਨਲ ਕੋਡ, ਕੋਡ ਆਫ ਕ੍ਰਿਮੀਨਲ ਪ੍ਰੋਸੀਜ਼ਰ ਅਤੇ ਐਵੀਡੈਂਸ ਐਕਟ ਬਸਤੀਵਾਦੀ ਸ਼ਾਸਨ ਦੌਰਾਨ ਲਾਗੂ ਕੀਤੇ ਗਏ ਸਨ ਅਤੇ ਦਹਾਕਿਆਂ ਤੋਂ ਪ੍ਰਸੰਗਿਕਤਾ ਗੁਆ ਚੁੱਕੇ ਸਨ ਅਤੇ ਜ਼ਮੀਨੀ ਸਥਿਤੀ ਅਤੇ ਭਾਰਤੀ ਦ੍ਰਿਸ਼ਾ ਦੇ ਅਨੁਸਾਰ ਮੁੜ ਵਿਚਾਰ ਕਰਨ ਅਤੇ ਸੋਧੇ ਜਾਣ ਦੀ ਲੋੜ ਸੀ। ਖੰਨਾ ਨੇ ਕਿਹਾ ਕਿ ਨਰਿੰਦਰ ਮੋਦੀ ਸਰਕਾਰ ਨੇ ਗ੍ਰਹਿ ਮੰਤਰੀ ਦੁਆਰਾ ਇੰਡੀਅਨ ਪੀਨਲ ਕੋਡ, ਕੋਡ ਆਫ ਕ੍ਰਿਮੀਨਲ ਪ੍ਰੋਸੀਜ਼ਰ ਅਤੇ ਐਵੀਡੈਂਸ ਐਕਟ ਵਿੱਚ ਸੁਧਾਰ ਅਤੇ ਸੋਧ ਕਰਨ ਦੀ ਪਹਿਲਕਦਮੀ ਕੀਤੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਸੋਧਾਂ ਬਾਰੇ ਆਪਣੇ ਸੁਝਾਅ ਭੇਜਣ ਲਈ ਕਿਹਾ ਜੋ ਉਨ੍ਹਾਂ ਨੂੰ ਲੱਗਦਾ ਹੈ ਕਿ ਕੇਂਦਰੀ ਕਾਨੂੰਨ ਮੰਤਰਾਲੇ ਨੂੰ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਇਨ੍ਹਾਂ 'ਤੇ ਵਿਚਾਰ ਕੀਤਾ ਜਾ ਸਕੇ। ਉਨ੍ਹਾਂ ਆਪਣੇ ਸੰਬੋਧਨ ਤੋਂ ਬਾਅਦ ਇੱਕ ਇੰਟਰੈਕਟਿਵ ਸੈਸ਼ਨ ਦੌਰਾਨ ਵਿਦਿਆਰਥੀਆਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ। ਇਸ ਮੌਕੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਅਤੇ ਵਾਈਸ-ਚਾਂਸਲਰ ਡਾ. ਪਰਵਿੰਦਰ ਸਿੰਘ ਤੋਂ ਇਲਾਵਾ ਵਿਭਾਗ ਮੁਖੀ ਪ੍ਰੋ. ਐਮ. ਐਸ. ਬੈਂਸ, ਫੈਕਲਟੀ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

# ਸੀਚੇਵਾਲ ਦੇ ਯਤਨਾਂ ਸਦਕਾ ਅਰਬ ਦੇਸ਼ਾਂ ਤੋਂ 17 ਹੋਰ ਲੜਕੀਆਂ ਦੀ ਹੋਈ ਘਰ ਵਾਪਸੀ



**ਸੁਲਤਾਨਪੁਰ ਲੋਧੀ, ( ਬਲਵਿੰਦਰ ਸਿੰਘ ਧਾਲੀਵਾਲ)**-ਰਾਜ ਸਭਾ ਮੈਂਬਰ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਲਗਾਤਾਰ ਕੀਤੇ ਜਾ ਰਹੇ ਯਤਨਾਂ ਸਦਕਾ ਤੇ ਵਿਦੇਸ਼ ਮੰਤਰਾਲੇ ਦੇ ਸਹਿਯੋਗ ਨਾਲ ਇੱਕ ਮਹੀਨੇ ਵਿੱਚ ਮਸਕਟ ਓਮਾਨ ਤੇ ਇਰਾਕ ਵਿੱਚੋਂ 17 ਕੁੜੀਆਂ ਦੀ ਸੁਰੱਖਿਅਤ ਵਾਪਸੀ ਹੋਈ ਹੈ। ਅਰਬ ਦੇਸ਼ਾਂ ਵਿੱਚ ਇਹ ਕੁੜੀਆਂ ਪਿਛਲੇ 6-7 ਮਹੀਨਿਆਂ ਤੋਂ ਟਰੈਵਲ ਏਜੰਟਾਂ ਦੇ ਚੁੰਗਲ ਵਿੱਚ ਫਸੀਆਂ ਹੋਈਆਂ ਸਨ। ਹੁਣ ਤੱਕ ਅਰਬ ਦੇਸ਼ਾਂ ਵਿੱਚੋਂ ਸੰਤ ਸੀਚੇਵਾਲ ਦੇ ਯਤਨਾਂ ਸਦਕਾ ਵਾਪਿਸ ਲਿਆਂਦੀਆਂ ਲੜਕੀਆਂ ਦੀ ਗਿਣਤੀ 48 ਤੱਕ ਪਹੁੰਚ ਗਈ ਹੈ।

ਵਾਪਸ ਪਰਤੀਆਂ ਇਹਨਾਂ ਲੜਕੀਆਂ ਦਾ ਆਪਣੇ ਪਰਵਾਰਾਂ ਵਿੱਚ ਪਰਤਣ 'ਤੇ ਖੁਸ਼ੀ ਦਾ ਕੋਈ ਠਿਕਾਣਾ ਨਹੀਂ ਸੀ। ਦੇਸ਼ ਪਰਤੀਆਂ ਇਹਨਾਂ 17 ਕੁੜੀਆਂ ਵਿੱਚ ਇਕ ਝਾਰਖੰਡ ਦੀ ਹੈ ਤੇ ਬਾਕੀ ਪੰਜਾਬ ਦੀਆਂ ਹਨ। ਇਹਨਾਂ ਵਿੱਚੋਂ ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਪਹੁੰਚੀਆਂ ਤਿੰਨ ਕੁੜੀਆਂ ਨੇ ਆਪਣੇ ਦੁੱਖਾਂ ਦੀ ਦਾਸਤਾਨ ਸੁਣਾਉਂਦਿਆਂ ਦੱਸਿਆ ਕਿ ਕਿਵੇਂ ਉਹਨਾਂ ਕੋਲੋਂ ਗੈਰ-ਮਨੁੱਖੀ ਕੰਮ ਕਰਵਾਇਆ ਜਾ ਰਿਹਾ ਸੀ। ਉਹਨਾਂ ਕੋਲੋਂ ਜ਼ਬਰੀ ਵੱਡੇ ਜਾਨਵਰਾਂ ਦਾ ਮਾਸ ਕੱਟਣ ਅਤੇ ਉਹਨਾਂ ਦਾ ਭੋਜਨ ਬਣਾਉਣ ਲਈ ਕਿਹਾ ਜਾਂਦਾ ਸੀ ਜਿਹੜਾ ਕਿ ਉਹਨਾਂ ਦੇ ਸੁਭਾਅ ਦਾ ਹਿੱਸਾ ਦਾ ਸੀ ਤੇ ਨਾ ਹੀ ਸੱਭਿਆਚਾਰ। ਨਵਾਂ ਸ਼ਹਿਰ ਜਿਲ੍ਹੇ ਦੀ ਰਹਿਣ ਵਾਲੀ ਔਰਤ ਨੇ ਦੱਸਿਆ ਕਿ ਉਸ ਮਸਕਟ ਵਿੱਚ ਜਿੱਥੇ ਉਹ ਕੰਮ ਵਿੱਚ ਕਰਦੀ ਸੀ ਉੱਥੇ ਤਿਲਕ ਕਿ ਡਿੱਗ ਪਈ ਸੀ ਤੇ ਉਸਦੀ ਲੱਤ ਟੁੱਟ ਗਈ ਸੀ।

ਉਸਦਾ ਕੋਈ ਵੀ ਇਲਾਜ਼ ਨਹੀ ਸੀ ਕਰਾਇਆ ਜਾਂਦਾ ਸਗੋਂ ਧੱਕੇ ਨਾਲ ਕੰਮ ਕਰਵਾਇਆ ਜਾਂਦਾ ਸੀ। ਨਵਾਂ ਸ਼ਹਿਰ, ਅੰਮ੍ਰਿਤਸਰ ਤੇ ਮੁਹਾਲੀ ਜ਼ਿਲ੍ਹਿਆਂ ਤੋਂ ਆਈਆਂ ਇਹਨਾਂ ਲੜਕੀਆਂ ਨੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਧੰਨਵਾਦ ਕਰਦਿਆਂ ਪੰਜਾਬ ਦੇ ਲੋਕਾਂ ਨੂੰ ਅਪੀਲ ਕਿ ਉਹ ਆਪਣੀਆਂ ਧੀਆਂ ਨੂੰ ਭੁੱਲ ਕਿ ਵੀ ਮਸਕਟ ਅਤੇ ਇਰਾਕ ਵਰਗੇ ਮੁਲਕਾਂ ਵਿੱਚ ਨਾ ਭੇਜਣ।

11-OCT-PAGE-10.qxd 10/10/2023 10:21 PM Page 1



# ਪੱਲੇਦਾਰ ਮਜ਼ਦੂਰਾਂ ਦੇ ਹੱਕ 'ਚ ਰੋਸ ਮੁਜ਼ਾਹਰਾ




**ਮੋਗਾ (ਅਮਰਜੀਤ ਬੱਬਰੀ)**

ਪੰਜਾਬ ਭਰ ਦੀਆਂ ਅਨਾਜ ਮੰਡੀਆਂ ਵਿੱਚ ਕੰਮ ਕਰਦੇ ਪੱਲੇਦਾਰ ਮਜ਼ਦੂਰਾਂ ਨੇ ਆਪਣੀਆਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਲੈ ਕੇ ਬੀਤੇ ਦਿਨ 7 ਅਕਤੂਬਰ ਤੋਂ ਅਣਮਿੱਥੇ ਸਮੇਂ ਲਈ ਪੰਜਾਬ ਭਰ ਵਿੱਚ ਹੜਤਾਲ ਕਰ ਦਿੱਤੀ ਹੈ। ਮੋਗਾ ਅਨਾਜ ਮੰਡੀ ਦੇ ਪੱਲੇਦਾਰ ਮਜ਼ਦੂਰਾਂ ਨੇ ਨੇ ਵੀ ਅਪਣੇ ਪ੍ਰਧਾਨ ਕੁਲਦੀਪ ਸਿੰਘ ਦੀਪਾ ਦੀ ਅਗਵਾਈ ਵਿੱਚ ਇਹ ਅਣਮਿੱਥੇ ਸਮੇਂ ਲਈ ਹੜਤਾਲ ਸ਼ੁਰੂ ਕਰ ਦਿੱਤੀ ਹੈ। ਭਾਰਤੀਯ ਮਜ਼ਦੂਰ ਸੰਘ ਨੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਅਤੇ ਜ਼ਿਲ੍ਹਾ ਜਨਰਲ ਸਕੱਤਰ ਪ੍ਰਵੀਨ ਕੁਮਾਰ ਸ਼ਰਮਾ ਦੀ ਅਗਵਾਈ ਵਿੱਚ ਇਨ੍ਹਾਂ ਅਨਾਜ ਮੰਡੀ ਪੱਲੇਦਾਰ ਮਜ਼ਦੂਰਾਂ ਦੀਆਂ ਮੰਗਾਂ ਦੀ ਹਿਮਾਇਤ ਕਰਦਿਆਂ ਪੱਲੇਦਾਰ ਮਜ਼ਦੂਰਾਂ ਦੀ ਹਿਮਾਇਤ ਵਿੱਚ ਰੋਸ ਪ੍ਰਦਰਸ਼ਨ ਕੀਤਾ ਅਤੇ ਇਨ੍ਹਾਂ ਅਤੇ ਇਨ੍ਹਾਂ ਮਜ਼ਦੂਰਾਂ ਦੇ ਹੱਕ ਵਿੱਚ ਸਰਕਾਰ ਵਿਰੁੱਧ ਜਮ ਕੇ ਨਾਅਰੇਬਾਜ਼ੀ ਕੀਤੀ। ਇਸ ਮੌਕੇ ਪੱਲੇਦਾਰਾਂ ਦੇ ਸੂਬਾ ਆਗੂ ਕੇਵਲ ਸਿੰਘ ਸਾਬਕਾ ਮੈਂਬਰ ਪਾਰਲੀਮੈਂਟ ਨੇ ਕਿਹਾ ਕਿ ਪੰਜਾਬ ਸਰਕਾਰ ਮੰਡੀ ਪੱਲੇਦਾਰ ਮਜ਼ਦੂਰਾਂ ਨਾਲ ਬੇਇਨਸਾਫ਼ੀ ਕਰ ਰਹੀ ਹੈ। ਕੇਵਲ ਸਿੰਘ ਨੇ ਕਿਹਾ ਕਿ ਸਰਕਾਰ ਇਨ੍ਹਾਂ ਪੱਲੇਦਾਰ ਮਜ਼ਦੂਰਾਂ ਦੀ ਮਜ਼ਦੂਰੀ ਵਿੱਚ 25% ਦੇ ਵਾਧੇ ਦਾ ਐਲਾਨ ਕਰਨ ਉਪਰੰਤ ਆਪਣੇ ਵਾਅਦੇ ਤੋਂ ਮੁਕਰ ਗਈ ਹੈ। ਉਨ੍ਹਾਂ ਮਜ਼ਦੂਰਾਂ ਦੀ ਮਜ਼ਦੂਰੀ ਵਿੱਚ ਤੁਰੰਤ 25% ਦਾ ਵਾਧਾ ਕਰਨ ਦੀ ਮੰਗ ਕੀਤੀ। ਇਸ ਮੌਕੇ ਭਾਰਤੀਯ ਮਜ਼ਦੂਰ ਸੰਘ ਦੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਦੇਸ਼ ਵਿੱਚ 43 ਤੋਂ 50 ਕਰੋੜ ਗੈਰ ਸੰਗਠਿਤ ਮਜ਼ਦੂਰ ਹਨ। ਸਰਕਾਰਾਂ ਮਜ਼ਦੂਰ ਵਰਗ ਨੂੰ ਗੰਭੀਰਤਾ ਨਾਲ ਨਹੀਂ ਲੈਂਦੀਆਂ ਹਨ। ਉਨ੍ਹਾਂ ਪੰਜਾਬ ਸਰਕਾਰ ਤੋਂ ਅਨਾਜ ਮੰਡੀ ਮਜ਼ਦੂਰਾਂ ਦੀਆਂ ਉਜ਼ਰਤਾਂ ਵਿਚ 25% ਦਾ ਤੁਰੰਤ ਵਾਧਾ ਕਰਨ ਦੀ ਮੰਗ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ, ਮਦਨ ਲਾਲ ਬੋਹਤ, ਅਨਿਲ ਯਾਦਾ, ਈ ਰਿਕਸ਼ਾ ਮਜ਼ਦੂਰ ਸੰਘ ਦੇ ਪ੍ਰਧਾਨ ਜਸਵਿੰਦਰ ਸਿੰਘ ਡੱਡ, ਜਨਰਲ ਸਕੱਤਰ ਮੇਜਰ ਸਿੰਘ ਲੰਡੇ ਕੇ, ਸੇਵਕ ਸਿੰਘ, ਸੋਨੂੰ, ਹਰਜੀਤ ਸਿੰਘ, ਰਿੱਪੀ, ਛਿੰਦਾ, ਰੇਸ਼ਮ ਸਿੰਘ, ਦਰਸ਼ਨ ਸਿੰਘ ਜੌੜਾ, ਵਿਜੇ ਕੁਮਾਰ, ਸੋਮਨਾਥ, ਗਗਨ, ਕਰਨ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਧੂਰੀ ਮੰਡੀ 'ਚ ਆੜ੍ਹਤੀਆਂ ਨੇ ਵਜਾਇਆ ਸੰਘਰਸ਼ ਦਾ ਬਿਗਲ



ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਜਗਤਾਰ ਸਿੰਘ ਸਮਰਾ।

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ, ਸੁਖਦੇਵ ਧੂਰੀ)**

ਆੜ੍ਹਤੀਆ ਐਸੋਸੀਏਸ਼ਨ ਧੂਰੀ ਦੀ ਪ੍ਰਧਾਨ ਜਗਤਾਰ ਸਿੰਘ ਸਮਰਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ 'ਚ ਪੰਜਾਬ ਸਰਕਾਰ ਪ੍ਰਤੀ ਸਖਤ ਰੋਸ ਅਤੇ ਗੁੱਸਾ ਪ੍ਰਗਟ ਕਰਦਿਆਂ 11 ਅਕਤੂਬਰ ਤੋਂ ਅਣਮਿੱਥੇ ਸਮੇਂ ਤੱਕ ਹੜਤਾਲ ਕਰਨ ਦਾ ਫ਼ੈਸਲਾ ਕਰਦਿਆਂ ਖਰੀਦ ਸੀਜਨ ਸੰਬੰਧੀ ਸਰਕਾਰੀ ਕੰਮਾਂ ਦਾ ਮੁਕੰਮਲ ਬਾਈਕਾਟ ਕੀਤਾ ਗਿਆ। ਸੰਬੋਧਨ ਕਰਦਿਆਂ ਜਗਤਾਰ ਸਿੰਘ ਸਮਰਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੰਡੀਆਂ 'ਚ ਕਿਸਾਨਾਂ ਪਾਸੋਂ ਬਾਇਓਮੈਟ੍ਰਿਕ ਮਸ਼ੀਨ ਉਪਰੰਤ ਖਰੀਦ ਕਰਨ ਦੀ ਰਿਵਾਇਤ ਸ਼ੁਰੂ ਕੀਤੀ ਜਾ ਰਹੀ ਹੈ, ਜਿਸ ਕਾਰਨ ਕਿਸਾਨਾਂ 'ਚ ਬੈਚੇਨੀ ਪਾਈ ਜਾ ਰਹੀ ਹੈ। ਉਨ੍ਹਾਂ ਇਹ ਰਿਵਾਇਤ ਬੰਦ ਕਰਨ ਦੀ ਮੰਗ ਮਾਰਕਿਟ ਕਮੇਟੀ ਦੇ ਲਾਇਸੈਂਸ ਦੀ ਫੀਸ 'ਚ ਕੀਤਾ ਵਾਧਾ ਘਟਾਉਣ ਅਤੇ ਲਾਇਸੈਂਸ ਨੂੰ ਪੂਰੀ ਉਮਰ ਦਾ ਬਣਾਉਣ ਦੀ ਮੰਗ ਕੀਤੀ ਗਈ। ਪੰਜਾਬ ਮੰਡੀ ਬੋਰਡ ਅਤੇ ਨਿਊ ਮੰਡੀ ਟਾਊਨਸ਼ਿਪ ਵੱਲੋਂ ਮੰਡੀਆਂ ਨੂੰ ਅਬਾਦ ਕਰਨ ਤੋਂ ਬਾਅਦ ਉਸਾਰੀ ਸਮੇਂ ਥੋਪੇ ਜੁਰਮਾਨੇ ਮੁਆਫ ਕਰਨ ਦੀ ਮੰਗ ਕੀਤੀ। ਐਫ.ਸੀ.ਆਈ ਦੀ ਖਰੀਦ ਵਾਲੀਆਂ ਮੰਡੀਆਂ 'ਚ ਕਣਕ ਝੋਨੇ ਦੀ ਖਰੀਦ ਉਪਰ ਨਿਸ਼ਚਿਤ ਕੀਤੀ ਮਜ਼ਦੂਰੀ ਦੇਣ ਸਮੇਂ ਈ ਪੀ ਐਫ ਦਾ ਬਹਾਨਾ ਬਣਾ ਕੇ ਰੋਕੀ 45 ਕਰੋੜ ਰੁਪੈ ਦੀ ਰਕਮ ਰਿਲੀਜ਼ ਕਰਨ ਦੀ ਮੰਗ ਕਰਦਿਆਂ ਆੜ੍ਹਤੀਆਂ ਦੀਆਂ ਬਾਕੀ ਮੰਗਾਂ ਵੀ ਮੰਨਣ ਦੀ ਮੰਗ ਕੀਤੀ। ਇਸ ਮੌਕੇ ਜਾਗ ਸਿੰਘ, ਹਰਦੇਵ ਸਿੰਘ ਵੜੈਚ, ਧਰਮਪਾਲ ਬਾਂਸਲ, ਗੁਰਬਚਨ ਸਿੰਘ ਮਾਨਾਂ, ਅਖਿਲੇਸ਼ ਕੁਮਾਰ ਹੈਪੀ, ਸਮੀਰ ਕੁਮਾਰ ਸ਼ੰਮੀ, ਜਗਤਾਰ ਸਿੰਘ ਮੈਂਬਰ ਅਤੇ ਭਵਨਜੀਤ ਸਿੰਘ ਆਦਿ ਵੀ ਹਾਜ਼ਰ ਸਨ।

# ਕਿਰਤੀ ਕਿਸਾਨ ਯੂਨੀਅਨ ਵੱਲੋਂ ਪੁਤਲਾ ਫੂਕ ਮੁਜ਼ਾਹਰਾ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਵਿਵਾਦ ਗ੍ਰਸਤ ਸਤਲੁਜ ਜਮੁਨਾ ਲਿੰਕ ਨਹਿਰ ਨੂੰ ਲੈ ਕੇ ਸੁਪਰੀਮ ਕੋਰਟ ਦੇ ਪੰਜਾਬ ਵਿਰੋਧੀ ਫੈਸਲੇ ਵਿਰੁੱਧ ਅਤੇ ਨਿਊਜ਼ਕਲਿੱਕ ਦੇ ਪੱਤਰਕਾਰਾਂ ਵਿਰੁੱਧ ਛਾਪੇਮਾਰੀ ਤੇ ਕੇਸ ਦਰਜ ਕਰਨ ਵਿਰੁੱਧ ਕਿਰਤੀ ਕਿਸਾਨ ਯੂਨੀਅਨ ਦੇ ਸੱਦੇ 'ਤੇ ਸ਼ਹਿਰ ਦੇ ਪੁਰਾਣੇ ਬੱਸ ਸਟੈਂਡ ਚੌਕ ਵਿਖੇ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਗਿਆ ਅਤੇ ਕੇਂਦਰ ਸਰਕਾਰ ਖਿਲਾਫ ਜੋਰਦਾਰ ਨਾਅਰੇਬਾਜ਼ੀ ਕੀਤੀ ਗਈ। ਇਸ ਮੁਜਾਹਰੇ 'ਚ ਡੈਮੋਕਰੇਟਿਕ ਟੀਚਰਜ ਫਰੰਟ, ਪੰਜਾਬ ਸਟੂਡੈਂਟਸ ਯੂਨੀਅਨ, ਨੌਜਵਾਨ ਭਾਰਤ ਸਭਾ ਦੀ ਅਗਵਾਈ 'ਚ ਮੁਲਾਜਮਾਂ, ਵਿਦਿਆਰਥੀਆਂ ਅਤੇ ਨੌਜਵਾਨਾਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਗਈ। ਵਿਰੋਧ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਆਗੂਆਂ ਗੁਰਵਿੰਦਰ ਦੇਧਨਾਂ, ਅਤਿੰਦਰ ਪਾਲ ਸਿੰਘ ਅਤੇ ਗੁਰਮੀਤ ਸਿੰਘ ਨੇ ਕਿਹਾ ਕਿ ਦਰਿਆਈ ਪਾਣੀਆਂ ਦੇ ਸਵਾਲ ਤੇ ਰਾਇਪੇਰੀਅਨ ਸਿਧਾਂਤ ਨੂੰ ਅਣਗੌਲਿਆਂ ਕਰਕੇ ਕੇਂਦਰ ਸਰਕਾਰ ਨੇ ਹਮੇਸ਼ਾ ਪੰਜਾਬ ਨਾਲ ਧੱਕਾ ਕੀਤਾ ਹੈ। ਪੰਜਾਬ ਵਿੱਚ ਸਮੇਂ ਸਮੇਂ ਤੇ ਰਹੀਆਂ ਸਰਕਾਰਾਂ ਨੇ ਵੀ ਇਸ ਮਸਲੇ ਤੇ ਚੋਣ ਰਾਜਨੀਤੀ ਹੀ ਕੀਤੀ ਹੈ। ਅੱਜ ਜਦੋਂ ਪੰਜਾਬ ਪਾਣੀ ਦੇ ਇੱਕ ਗੰਭੀਰ ਸੰਕਟ 'ਚੋਂ ਲੰਘ ਰਿਹਾ ਉਦੋਂ ਕੇਂਦਰ ਦੀ ਮੋਦੀ ਸਰਕਾਰ ਵਲੋਂ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਖੋਹਣ ਦੇ ਕੀਤੇ ਜਾ ਰਹੇ ਯਤਨਾਂ ਨੂੰ ਹੋਰ ਤੇਜ ਕਰਨ ਦੇ ਕਦਮ ਪੁੱਟੇ ਜਾ ਰਹੇ ਹਨ। ਸੁਪਰੀਮ ਕੋਰਟ ਦੇ ਆਦੇਸ਼ਾਂ ਨੂੰ ਪੰਜਾਬ ਵਿਰੋਧੀ ਕਰਾਰ ਦਿੰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਜੇਕਰ ਸਰਵੇ ਟੀਮ ਨੇ ਪੰਜਾਬ ਦੀ ਧਰਤੀ 'ਤੇ ਪੈਰ ਧਰਿਆ ਤਾਂ ਉਸ ਦਾ ਜੋਰਦਾਰ ਵਿਰੋਧ ਕੀਤਾ ਜਾਵੇਗਾ। ਆਗੂਆਂ ਨੇ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਦਿੱਲੀ ਪੁਲਸ ਵੱਲੋਂ ਨਿਊਜ਼ਕਲਿੱਕ ਨਾਲ ਜੁੜੇ ਪੱਤਰਕਾਰਾਂ ਉੱਪਰ ਛਾਪੇਮਾਰੀ ਕਰਨ ਅਤੇ ਯੂਏਪੀਏ ਤਹਿਤ ਕੇਸ ਦਰਜ ਕਰਨ ਦੀ ਜੋਰਦਾਰ ਨਿਖੇਧੀ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੀ ਮਹਿਲਾ ਵਿੰਗ ਦੀ ਜਿਲ੍ਹਾ ਪ੍ਰਧਾਨ ਚਰਨਜੀਤ ਕੌਰ, ਕਰਮਜੀਤ ਸਿੰਘ, ਗਗਨਦੀਪ ਚੁਨਾਗਰਾ, ਰਾਜੀਵ ਕੁਮਾਰ, ਸੁਖਜਿੰਦਰ ਸਿੰਘ, ਜਸਪਾਲ ਖਾਂਗ, ਬਲਵਿੰਦਰ ਸਿੰਘ, ਸਾਧਾ ਸਿੰਘ, ਸੁਖਚੈਨ ਹਰਿਆਊ, ਜਗਤਾਰ ਰਾਮ, ਗੁਰਦੀਪ ਸਿੰਘ, ਕੁਲਦੀਪ ਸਿੰਘ, ਬਲਵਿੰਦਰ ਸਿੰਘ, ਦਵਿੰਦਰ ਸਿੰਘ, ਬਲਜੀਤ ਸਿੰਘ, ਲਵਕੇਸ ਕੁਮਾਰ,ਦਲੇਰ ਸਿੰਘ, ਹਰਬੰਸ ਲਾਲ , ਜਸਪਾਲ ਚੌਧਰੀ, ਜਸਪਾਲ ਚੌਧਰੀ, ਜਗਤਾਰ ਰਾਮ, ਦਵਿੰਦਰ ਘੱਗਾ, ਦਵਿੰਦਰ ਸਿੰਘ, ਬਲਵਿੰਦਰ ਸਿੰਘ, ਦਵਿੰਦਰ ਘੱਗਾ, ਦਵਿੰਦਰ ਸਿੰਘ, ਗੁਰਸੇਬ ਸਿੰਘ, ਗੁਰਜੰਟ ਸਿੰਘ, ਬਲਵਿੰਦਰ ਸਿੰਘ, ਲਵਕੇਸ ਕੁਮਾਰ,ਦਲੇਰ ਸਿੰਘ ਅਤੇ ਹਰਬੰਸ ਲਾਲ ਆਦਿ ਹਾਜ਼ਰ ਸਨ।

## ਕਾਤਰਾਂ

### ਚੱਪਾੜਿੱਕੀ 'ਚ ਔਰਤ ਦੀ 8 ਏਕੜ ਜ਼ਮੀਨ ਕੀਤੀ ਫਰੀਜ਼

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਸਰਕਾਰ ਤੇ ਡੀਜੀਪੀ ਦੀਆਂ ਹਦਾਇਤਾਂ 'ਤੇ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ।ਐਸਐਸਪੀ ਦੀਪਕ ਹਿਲੋਰੀ ਦੇ ਨਿਰਦੇਸ਼ਾਂ ਹੇਠ ਵਿਸ਼ੇਸ਼ ਪੁਲਿਸ ਟੀਮਾਂ ਦਾ ਗਠਨ ਕੀਤਾ ਗਿਆ ਹੈ।ਪੁਲਸ ਨੇ ਪ੍ਰਾਪਰਟੀ ਫਰੀਜਿੰਗ ਆਰਡਰ ਮੁਤਾਬਕ ਕੰਪੀਟੈਂਟ ਅਥਾਰਟੀ ਐਡਮਿਨਸਟਰੇਟਰ ਦਿੱਲੀ ਦੇ ਹੁਕਮ ਅ/ਧ 68-ਐੱਫ਼ (2) ਐੱਨਡੀਪੀਐੱਸ ਐਕਟ 1985 ਤਹਿਤ ਰਾਜਵਿੰਦਰ ਕੌਰ (ਰੱਜੋ) ਪਤਨੀ ਪ੍ਰਕਾਸ਼ ਸਿੰਘ ਵਾਸੀ ਬਾਰੇ ਕੇ ਜ਼ਿਲ੍ਹਾ ਫਿਰੋਜ਼ਪੁਰ ਦੀ ਪਿੰਡ ਚੱਪਾੜਿੱਕੀ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਸਥਿਤ 8 ਕਿੱਲੇ ਜ਼ਮੀਨ ਨੂੰ ਫਰੀਜ ਕੀਤਾ ਜਾਂਦਾ ਹੈ। ਪੁਲਸ ਨੇ ਦੱਸਿਆ ਕਿ ਰਾਜਵਿੰਦਰ ਕੌਰ (ਰੱਜੋ) ਦੀ ਜ਼ਮੀਨ 'ਚ ਨੋਟਿਸ ਲਾ ਦਿੱਤਾ ਹੈ।

### ਤਸਕਰ ਦੀ 22 ਲੱਖ ਦੀ ਨਜਾਇਜ਼ ਜਾਇਦਾਦ ਫਰੀਜ਼



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਸਰਕਾਰ ਤੇ ਡੀਜੀਪੀ ਦੀਆਂ ਹਦਾਇਤਾਂ 'ਤੇ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ।ਐਸਐਸਪੀ ਦੀਪਕ ਹਿਲੋਰੀ ਦੇ ਨਿਰਦੇਸ਼ਾਂ ਹੇਠ ਵਿਸ਼ੇਸ਼ ਪੁਲਸ ਟੀਮਾਂ ਦਾ ਗਠਨ ਕੀਤਾ ਗਿਆ ਹੈ।ਪੁਲਸ ਨੇ ਅਰਸ਼ਦੀਪ ਕੁਮਾਰ ਵਾਸੀ ਪਿੰਡ ਫ਼ਿਰੋਜ਼ਸ਼ਾਹ ਕੋਲੋਂ 2500 ਨਸ਼ੀਲੀਆਂ ਗੋਲੀਆਂ ਬਰਾਮਦ ਕਰਕੇ ਥਾਣਾ ਘੱਲ ਖੁਰਦ ਵਿੱਚ ਕੇਸ ਦਰਜ ਕੀਤਾ ਸੀ, ਜੋ ਅਦਾਲਤ ਵਿੱਚ ਵਿਚਾਰ ਅਧੀਨ ਹੈ।ਮੁਲਜ਼ਮਾਂ ਦੀ 22,00,000 ਰੁਪਏ ਦੀ ਗੈਰ-ਕਾਨੂੰਨੀ ਜਾਇਦਾਦ ਨੂੰ ਜ਼ਬਤ ਕਰ ਲਿਆ ਗਿਆ ਹੈ।ਇਸ ਦੇ ਨਾਲ ਹੀ 13 ਸਮੱਗਲਰਾਂ ਦੀਆਂ ਗੈਰ-ਕਾਨੂੰਨੀ ਜਾਇਦਾਦਾਂ ਨੂੰ ਫਰੀਜ਼ ਕਰਨ ਦੇ ਹੁਕਮ ਸਬੰਧਤ ਅਥਾਰਟੀ ਨਵੀਂ ਦਿੱਲੀ ਨੂੰ ਭੇਜ ਦਿੱਤੇ ਗਏ ਹਨ।ਡੀਐਸਪੀ ਦਿਹਾਤੀ ਸੰਦੀਪ ਸਿੰਘ, ਘੱਲ ਖੁਰਦ ਥਾਣਾ ਇੰਚਾਰਜ ਗੁਰਜੰਟ ਸਿੰਘ ਨੇ ਅਰਸ਼ਦੀਪ ਦੇ ਘਰ ਦੇ ਬਾਹਰ ਨੋਟਿਸ ਲਾ ਦਿੱਤਾ ਹੈ।

### ਤੀਰ-ਅੰਦਾਜ਼ੀ 'ਚ ਦਸਵੀਂ ਜਮਾਤ ਦੇ ਵਿਦਿਆਰਥੀ ਨੇ ਜਿੱਤੇ ਗੋਲਡ ਮੈਡਲ



**ਬਰੇਟਾ (ਰੀਤਵਾਲ)**-ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਮੁੰਡੇ) ਦੇ ਦਸਵੀਂ ਜਮਾਤ ਦੇ ਵਿਦਿਆਰਥੀ ਅਰਮਾਨ ਖਾਨ ਨੂੰ ਤੀਰ ਅੰਦਾਜੀ ਮੁਕਾਬਲੇ ਵਿੱਚ ਇਕ ਸਿਲਵਰ ਮੈਡਲ ਅਤੇ ਦੋ ਗੋਲਡ ਮੈਡਲ ਹਾਸਲ ਕਰਨ ਤੋਂ ਬਾਅਦ ਨੈਸ਼ਨਲ ਮੁਕਾਬਲੇ ਲਈ ਚੁਣਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੀ ਪ੍ਰਿੰਸੀਪਲ ਮੋਨਿਕਾ ਰਾਣੀ ਨੇ ਦੱਸਿਆ ਕਿ ਸਕੂਲ ਦੇ ਵਿਦਿਆਰਥੀ ਅਰਮਾਨ ਖਾਨ ਨੇ ਪੰਜਾਬ ਪੱਧਰੀ ਖੇਡਾਂ 'ਚ ਗੋਲਡ ਮੈਡਲ ਜਿੱਤ ਕੇ ਸਕੂਲ ਅਤੇ ਮਾਪਿਆਂ ਦਾ ਨਾਂਅ ਰੋਸ਼ਨ ਕੀਤਾ ਹੈ । ਜਿਸ 'ਚ ਵਧਾਈ ਦੇ ਪਾਤਰ ਕੋਚ ਸੁਮਨ ਗਿੱਲ ਦੇ ਨਾਲ ਨਾਲ ਆਰਮਾਨ ਖਾਂਨ ਦੇ ਮਾਪੇ ਵੀ ਹਨ । ਜਿਨ੍ਹਾਂ ਦੀ ਮਿਹਨਤ ਸਦਕਾ ਅਰਮਾਨ ਖਾਨ ਨੇ ਇਹ ਜਿੱਤ ਹਾਸਲ ਕੀਤੀ ਹੈ। ਉਨ੍ਹਾਂ ਕਿਹਾ ਕਿ ਅਸੀਂ ਪਰਮਾਤਮਾ ਅੱਗੇ ਦੁਆ ਕਰਦੇ ਹਾਂ ਸਾਡੇ ਸਕੂਲ ਦਾ ਇਹ ਹੋਣਹਾਰ ਬੱਚਾ ਹੋਰ ਤਰੱਕੀਆਂ ਕਰੇ।

### ਨਸ਼ਾ ਵਿਰੋਧੀ ਜਾਗਰੂਕਤਾ ਸੈਮੀਨਾਰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਕਾਰਜਕਾਰੀ ਚੇਅਰਮੈਨ ਗੁਰਮੀਤ ਸਿੰਘ, ਸੰਧਾਵਾਲੀਆ, ਜੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਦੀ ਹਦਾਇਤਾਂ ਅਨੁਸਾਰ ਰਾਜ ਕੁਮਾਰ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਸਹਿਤ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅਤੇ ਸ਼੍ਰੀਮਤੀ ਹਰਪ੍ਰੀਤ ਕੌਰ, ਸੀ.ਜੇ.ਐਮ/ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਰਹਿਨੁਮਾਈ ਹੇਠ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਰਾਮਗੜ੍ਹ ਚੂੰਘਾਂ, ਸ੍ਰੀ ਮੁਕਤਸਰ ਸਾਹਿਬ ਵਿਖੇ ਸਕੂਲ ਦੇ ਵਿਦਿਆਰਥੀਆਂ ਨੂੰ ਨਸ਼ਾ ਵਿਰੋਧੀ ਦੇ ਬੁਰੇ ਪ੍ਰਭਾਵਾਂ ਬਾਰੇ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਰਜਿੰਦਰਪਾਲ ਸ਼ਰਮਾ, ਡਿਪਟੀ ਚੀਫ ਲੀਗਲ ਡਿਫੈਂਸ ਕਾਉਂਸਲ, ਸੁਖਵਿੰਦਰ ਸਿੰਘ ਮਲ੍ਹਨ, ਅਸੀਸਟੈਂਟ ਲੀਗਲ ਡਿਫੈਂਸ ਕਾਉਂਸਲ, ਮਿਸ ਲਖਵੀਰ ਕੌਰ, ਕਾਉਂਸਲਰ ਵੱਲੋਂ ਵੱਖ ਵੱਖ ਬੁਲਾਰਿਆਂ ਵੱਲੋਂ ਜ਼ਿਲ੍ਹੇ 'ਚੋਂ ਨਸ਼ੇ ਦੀ ਅਲਾਮਤ ਨੂੰ ਜੜ੍ਹੋਂ ਖਤਮ ਕਰਨ ਲਈ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ। ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦਫਤਰ ਦੇ ਸੀਨੀਅਰ ਸਹਾਇਕ ਜੀਵਨ ਕੁਮਾਰ ਨੇ ਬੱਚਿਆਂ ਨੂੰ ਉਹਨਾਂ ਦੇ ਹੱਕਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

# ਸ਼ਿਵਚਾਰੀਆ ਜਨਮ ਉਤਸਵ ਸ਼ਰਧਾ ਨਾਲ ਮਨਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**

ਐੱਸ ਐੱਸ ਜੈਨ ਸਭਾ ਮਾਛੀਵਾੜਾ ਵਲੋਂ ਸਥਾਨਕ ਸ਼ਿਵਾ ਪੈਲੇਸ ਵਿਚ ਸ਼ਿਵ ਮੁਨੀ ਮਹਾਰਾਜ ਦਾ ਜਨਮ ਦਿਵਸ ਬੜੀ ਸ਼ਰਧਾ ਨਾਲ ਮਨਾਇਆ ਗਿਆ। ਪ੍ਰਸਿੱਧ ਵਿਆਖਿਆਨੀ ਸਮਾਜ ਸੇਤੂ ਸੁਖਦਰਸ਼ਨ ਮੁਨੀ ਮਹਾਰਾਜ ਦੀ ਰਹਿਨੁਮਾਈ ਹੇਠ ਕਰਵਾਏ ਗਏ ਇਸ ਵਿਸ਼ਾਲ ਸਮਾਗਮ ਵਿਚ ਦੇਸ਼ ਦੇ ਵੱਖ-ਵੱਖ ਇਲਾਕਿਆਂ 'ਚੋਂ ਪਹੁੰਚੇ ਜੈਨ ਸ਼ਰਧਾਲੂਆਂ ਨੇ 'ਓਮ ਸਿੱਧਾ ਸਿੱਧੀ ਮਮ ਦਿਸ਼ੰਤੂ' ਮਹਾਂਮੰਤਰ ਮਹਾਂਯੱਗ ਵਿਚ ਆਪਣੀ ਸ਼ਰਧਾ ਦੀ ਅਹੂਤੀ ਪਾਈ। ਸਮਾਗਮ ਦੌਰਾਨ ਗੌਤਮ ਪ੍ਰਸ਼ਾਦੀ ਦੀ ਸੇਵਾ ਸਭਾ ਦੇ ਪ੍ਰਧਾਨ ਧਰਮਪਾਲ ਜੈਨ ਵਲੋਂ, ਨਾਸ਼ਤੇ ਦੀ ਸੇਵਾ ਮਹਾਂ ਮੰਤਰੀ ਰਮੇਸ਼ ਜੈਨ, ਪਾਣੀ ਤੇ ਕੋਲਡਡ੍ਰਿੰਕ ਦੀ ਸੇਵਾ ਬਿੰਨੀ ਜੈਨ ਵਲੋਂ ਕੀਤੀ ਗਈ। ਇਸ ਸਮਾਰੋਹ ਵਿਚ ਸਵਾਗਤ ਪ੍ਰਧਾਨ ਅਸ਼ੀਸ਼ ਜੈਨ, ਅਸੀਮ ਜੈਨ ਅਤੇ ਵਰੁਣ ਜੈਨ ਰਹੇ। ਝੰਡਾ ਚੜ੍ਹਾਉਣ ਦੀ ਰਸਮ ਰਵਿੰਦਰ ਜੈਨ ਨੇ ਅਦਾ ਕੀਤੀ। ਭਗਵਾਨ ਮਹਾਵੀਰ ਦਰਬਾਰ ਦਾ ਅਨਾਵਰਣ ਰਾਜੀਵ ਜੈਨ ਵਲੋਂ, ਸ੍ਰੀ ਸ਼ਿਵਾਚਾਰੀਆ ਦਰਬਾਰ ਦਾ ਸ੍ਰੀਮਤੀ ਕਾਂਤਾ ਜੈਨ ਵਲੋਂ, ਗੁਰੂ ਪ੍ਰੇਮ ਸੁਖ ਮੁਨੀ ਦਰਬਾਰ ਦਾ ਸ੍ਰੀ ਦਮਨ ਚੰਦ ਜੈਨ ਵਲੋਂ ਅਤੇ ਗੁਰੂ ਉਪੇਂਦਰ ਮੁਨੀ ਦਰਬਾਰ ਦਾ ਅਨਾਵਰਣ ਪਾਰਸ ਜੈਨ ਅਤੇ ਹੈਪਾ ਜੈਨ ਨੇ ਕੀਤਾ। ਇਸ ਮਹਾਂਯੱਗ ਵਿਚ ਐੱਸ.ਐੱਸ. ਜੈਨ ਸਭਾ ਵਲੋਂ ਤਰਸੇਮ ਜੈਨ, ਪ੍ਰਵੀਨ ਜੈਨ, ਖਜਾਨਚੀ ਸੰਜੀਵ ਜੈਨ, ਰਾਜ ਕੁਮਾਰ ਜੈਨ, ਮਨੋਜ ਗਰਗ, ਸਤਨਰਾਇਣ ਜੈਨ, ਓਮ ਪ੍ਰਕਾਸ਼ ਅਗਰਵਾਲ, ਅਸ਼ਵਨੀ ਮਿੱਤਲ, ਵਿਨੀਤ ਜੈਨ, ਰਾਕੇਸ਼ ਸਿੰਗਲਾ, ਸਤੀਸ਼ ਸਿੰਗਲਾ ਅਤੇ ਬਾਕੀ ਮੈਂਬਰਾਂ ਨੇ ਆਪਣੀ-ਆਪਣੀ ਡਿਊਟੀ ਤਨਦੇਹੀ ਨਾਲ ਨਿਭਾਈ। ਜੈਨ ਯੁਵਕ ਮੰਡਲ ਵਲੋਂ ਪੁਨੀਤ ਜੈਨ, ਸੌਰਵ ਜੈਨ, ਰਾਹੁਲ ਜੈਨ, ਰੋਹਿਤ ਜੈਨ, ਮਨੀਸ਼ ਜੈਨ, ਸਮੀਰ ਜੈਨ, ਰਕੇਸ਼ ਜੈਨ, ਜਿੰਮੀ ਜੈਨ, ਅੰਕਿਤ ਜੈਨ, ਵਿਸ਼ਾਲ ਜੈਨ, ਲਵਲੀ ਜੈਨ, ਵਿਕਾਸ ਮਿੱਤਲ, ਰਿਸ਼ਵ ਜੈਨ, ਅਜੈ ਜੈਨ ਆਦਿ ਨੇ ਸੁਚਾਰੂ ਢੰਗ ਨਾਲ ਸਮੁੱਚੇ ਪ੍ਰੋਗਰਾਮ ਨੂੰ ਉਲੀਕਿਆ। ਸਟੇਜ ਸਕੱਤਰ ਦੀ ਭੂਮਿਕਾ ਗੋਲਡੀ ਜੈਨ (ਰੋਪੜ ਵਾਲੇ) ਨੇ ਬਾਖੂਬੀ ਨਿਭਾਈ। ਪ੍ਰਸਿੱਧ ਗਾਇਕ ਪੰਕਜ ਜੈਨ ਨੇ ਆਪਣੀ ਸੁਰੀਲੀ ਅਵਾਜ਼ ਨਾਲ ਭਜਨ ਗਾ ਕੇ ਸ਼ਰਧਾਲੂਆਂ ਦਾ ਮਨ ਮੋਹ ਲਿਆ। ਇੰਦਰੇਸ਼ ਮੁਨੀ ਮਹਾਰਾਜ ਨੇ ਵੀ ਇੱਕ ਭਜਨ ਪੇਸ਼ ਕੀਤਾ। ਸੁਖਦਰਸ਼ਨ ਮੁਨੀ ਮਹਾਰਾਜ ਨੇ ਕਿਹਾ ਕਿ ਇਹ ਮਹਾਂਮੰਤਰ ਮਹਾਂਯੱਗ ਦਾ ਆਯੋਜਨ ਸਮੁੱਚੀ ਮਾਨਵਤਾ ਦੀ ਭਲਾਈ ਲਈ ਕੀਤਾ ਗਿਆ। ਪ੍ਰਧਾਨ ਧਰਮਪਾਲ ਜੈਨ ਨੇ ਐੱਸ.ਐੱਸ. ਜੈਨ ਸਭਾ ਵਲੋਂ ਸਮਾਗਮ ਵਿਚ ਸ਼ਾਮਲ ਹੋਏ ਸਾਰੇ ਸ਼ਰਧਾਲੂਆਂ ਦਾ ਧੰਨਵਾਦ ਕੀਤਾ।

# ਸਟੈਨਫੋਰਡ ਸਕੂਲ ਟਰਮ ਵੰਨ ਦਾ ਨਤੀਜਾ ਰਿਹਾ ਸ਼ਾਨਦਾਰ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸਟੈਨਫੋਰਡ ਇੰਟਰਨੈਸ਼ਨਲ ਸਕੂਲ ਚੰਨਣਵਾਲ 'ਚ ਨਰਸਰੀ ਤੋਂ ਬਾਰ੍ਹਵੀਂ ਸ਼੍ਰੇਣੀ ਤੱਕ ਟਰਮ ਪਹਿਲੀ ਦਾ ਨਤੀਜਾ ਐਲਾਨਿਆ ਗਿਆ। ਇਸ ਦੌਰਾਨ ਪ੍ਰੰਬਧਕ ਕਮੇਟੀ ਤੋਂ ਡਾ. ਤਪਿੰਦਰ ਸਿੰਘ ਗਰੇਵਾਲ ਤੇ ਪ੍ਰਿੰਸੀਪਲ ਮੈਡਮ ਪ੍ਰਦੀਪ ਕੌਰ ਨੇ ਪਹਿਲੇ ਦੂਜੇ ਅਤੇ ਤੀਜੇ ਸਥਾਨ ਉੱਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਪ੍ਰਿੰਸੀਪਲ ਪ੍ਰਦੀਪ ਕੌਰ ਨੇ ਦੱਸਿਆ ਕਿ ਨਤੀਜੇ ਨੂੰ ਲੈ ਕੇ ਵਿਦਿਆਰਥੀਆਂ ਤੇ ਮਾਪਿਆਂ ਵਿਚ ਕਾਫੀ ਉਤਸ਼ਾਹ ਵੇਖਿਆ ਗਿਆ। ਮਾਪਿਆਂ ਨੂੰ ਭਰੋਸਾ ਦਿੱਤਾ ਕਿ ਭਵਿੱਖ ਵਿੱਚ ਵੀ ਇਸ ਸੰਸਥਾ ਦੇ ਮਿਹਨਤੀ ਸਟਾਫ਼ ਦੀ ਲਗਨ ਮਿਹਨਤ ਸਦਕਾ ਵਿਦਿਆਰਥੀ ਚੰਗੇ ਅੰਕ ਪ੍ਰਾਪਤ ਕਰਕੇ ਸੰਸਥਾ ਅਤੇ ਮਾਪਿਆਂ ਦਾ ਨਾਂਅ ਰੌਸ਼ਨ ਕਰਨ।



# ਮਕਾਨ ਦੀ ਛੱਤ ਡਿੱਗਣ ਕਾਰਨ ਔਰਤ ਜ਼ਖਮੀ



**ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਸ੍ਰੀ ਮੁਕਤਸਰ ਸਾਹਿਬ ਦੇ ਅਬੋਹਰ ਰੋਡ ਗਲੀ ਨੰਬਰ ਸੱਤ ਵਿਖੇ ਇੱਕ ਗਰੀਬ ਪਰਵਾਰ ਦੇ ਮਕਾਨ ਦੀ ਛੱਤ ਡਿੱਗਣ ਨਾਲ ਔਰਤ ਜਖਮੀ ਹੋ ਗਈ। ਜਦਕਿ ਘਰੇਲੂ ਸਮਾਨ ਵੀ ਨੁਕਸਾਨਿਆ ਗਿਆ। ਜਾਣਕਾਰੀ ਅਨੁਸਾਰ ਅਬੋਹਰ ਰੋਡ ਗਲੀ ਨੰਬਰ ਸੱਤ ਵਿਖੇ ਟਾਈਲ ਬੱਤਿਆਂ ਵਾਲੇ ਕੱਚੇ ਮਕਾਨ ਦੀ ਛੱਤ ਅਚਾਨਕ ਡਿੱਗ ਗਈ, ਜਿਸ ਨਾਲ ਮਜ਼ਦੂਰ ਪਰਵਾਰ ਨਾਲ ਸਬੰਧਤ ਔਰਤ ਜਖਮੀ ਹੋ ਗਈ। ਜਿਸ ਨੂੰ ਸਰਕਾਰੀ ਹਸਪਤਾਲ ਦਾਖਲ ਕਰਾਇਆ ਗਿਆ। ਔਰਤ ਦੇ ਸਿਰ 'ਤੇ ਪੰਜ ਟਾਂਕੇ ਲੱਗੇ, ਜਦਕਿ ਲੱਤ ਵੀ ਟੁੱਟ ਗਈ ਹੈ। ਜਦੋਂ ਛੱਤ ਡਿੱਗੀ ਉਦੋਂ ਔਰਤ ਦਾ ਪਤੀ ਭਗਵਾਨ ਦਾਸ ਦਿਹਾੜੀ 'ਤੇ ਗਿਆ ਹੋਇਆ ਸੀ ਤੇ ਬੱਚੇ ਸਕੂਲ ਗਏ ਹੋਏ ਸਨ। ਇਸ ਘਟਨਾ 'ਚ ਘਰੇਲੂ ਸਮਾਨ ਵੀ ਨੁਕਸਾਇਆ ਗਿਆ ਹੈ। ਪੀੜਤ ਪਰਵਾਰ ਨੇ ਸਰਕਾਰ ਤੇ ਪ੍ਰਸ਼ਾਸਨ ਤੋਂ ਮੁਆਵਜੇ ਦੀ ਮੰਗ ਕੀਤੀ ਹੈ।

# ਤਿੰਨ ਦਿਨਾ ਸਾਲਾਨਾ ਜੋੜ ਮੇਲਾ ਤੇ ਧਾਰਮਿਕ ਦੀਵਾਨ ਸਜਾਏ

**ਬੁਢਲਾਡਾ (ਅਸ਼ੋਕ ਲਾਕੜਾ)**-ਭਾਈ ਬਹਿਲੋ ਸਭ ਤੋਂ ਪਹਿਲੋਂ ਦੀ ਯਾਦ 'ਚ ਪਿੰਡ ਫਫੜੇ ਭਾਈਕੇ ਜ਼ਿਲ੍ਹਾ ਮਾਨਸਾ ਵਿਖੇ ਤਿੰਨ ਦਿਨਾਂ ਸਾਲਾਨਾ ਜੋੜ ਮੇਲਾ ਅਤੇ ਧਾਰਮਿਕ ਦੀਵਾਨ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੜੀ ਸ਼ਰਧਾ ਤੇ ਉਤਸਾਹ ਨਾਲ ਮਨਾਇਆ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਦੇਵ ਸਿੰਘ ਬਾਦਲ ਨੇ ਦੱਸਿਆ ਕਿ ਮਨੁੱਖਤਾ ਅਤੇ ਕੀਰਤ ਦੀ ਸੇਵਾ ਤਨ ਮਨ ਧਨ ਨਾਲ ਨਿਭਾਉਣ ਵਾਲੇ ਸਿੱਖ ਧਰਮ ਦੇ ਪ੍ਰਮੁੱਖ ਮਹਾਂਪੁਰਖ ਭਾਈ ਬਹਿਲੋ ਦੀ ਯਾਦ 'ਚ ਸਾਲਾਨਾ ਤਿੰਨ ਦਿਨਾਂ ਜੋੜ ਮੇਲਾ ਪਿੰਡ ਫਫੜੇ ਭਾਈਕੇ ਵਿਖੇ ਮਨਾਇਆ ਗਿਆ। ਜਿਸ 'ਚ ਗੁਰੂ ਘਰ ਦੇ ਪ੍ਰਮੁੱਖ ਕੀਰਤਨੀਏ ਗੁਰਬਾਣੀ ਅਤੇ ਮਨੋਹਰ ਕੀਰਤਨ ਰਾਹੀਂ ਗੁਰੂ ਜਸ ਸਰਵਣ ਕਰਵਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਉਨ੍ਹਾਂ ਵੱਲੋਂ ਭਾਈ ਬਹਿਲੋ ਜੀ ਦੇ ਇਤਿਹਾਸ ਅਤੇ ਸਿੱਖ ਧਰਮ 'ਚ ਉਨ੍ਹਾਂ ਦੇ ਯੋਗਦਾਨ ਬਾਰੇ ਵਿਸ਼ੇਸ਼ ਚਾਨਣਾ ਪਾਇਆ ਗਿਆ। ਸਟੇਜ ਸਕੱਤਰ ਦੀ ਸੇਵਾ ਸੁਖਮਹਿੰਦਰ ਸਿੰਘ ਸੁਖ ਵੱਲੋਂ ਬਾਖੂਬੀ ਨਿਭਾਈ ਗਈ। ਉਨ੍ਹਾਂ ਕਿਹਾ ਕਿ ਪਹਿਲੇ ਦਿਨ ਵਿਸਾਲ ਅਲੌਕਿਕ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸਜਾਇਆ ਗਿਆ। ਜਿਸ 'ਚ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਵਿਸ਼ੇਸ਼ ਗਤਕਾ ਪਾਰਟੀ ਨੇ ਆਪਣੀ ਕਲਾ ਦੇ ਜੌਹਰ ਵਿਖਾਏ ਅਤੇ ਸਕੂਲਾਂ ਦੇ ਬੱਚਿਆਂ ਨੇ ਨਗਰ ਕੀਰਤਨ ਦੀ ਸ਼ੋਭਾ ਵਧਾਈ ਅਤੇ ਢਾਡੀ ਜਥੇ ਨੇ ਢਾਡੀ ਵਾਰਾਂ ਅਤੇ ਕਵੀਸਰੀ ਜਥਿਆਂ ਨੇ ਕਵੀਸਰੀਆਂ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮਾਗਮ ਵਿੱਚ ਵਿਸੇਸ ਮਹਿਮਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਾਇਮਪੁਰ ਅਤੇ ਮੈਂਬਰ ਗੁਰਪ੍ਰੀਤ ਸਿੰਘ ਝੱਬਰ ਨੇ ਇਸ ਸਮਾਗਮ 'ਚ ਵਿਸ਼ੇਸ਼ ਹਾਜ਼ਰੀ ਭਰੀ। ਇਸ ਮੌਕੇ ਗੁਰਦੁਆਰਾ ਸਾਹਿਬ ਪਿੰਡ ਫਫੜੇ ਭਾਈਕੇ ਦੇ ਪ੍ਰਧਾਨ ਹਰਦੇਵ ਸਿੰਘ ਬਾਦਲ ਨੇ ਆਈਆਂ ਸੰਗਤਾਂ ਦਾ ਸਮਾਗਮਾਂ ਵਿੱਚ ਹਾਜ਼ਰੀਆਂ ਭਰਨ 'ਤੇ ਧੰਨਵਾਦ ਕੀਤਾ।

# ਹਵਾਈ ਸੇਵਾਵਾਂ ਦਾ ਬਠਿੰਡਾ ਤੇ ਗੁਆਂਢੀ ਰਾਜਾਂ ਨੂੰ ਹੋਵੇਗਾ ਫਾਇਦਾ : ਖੁੱਡੀਆਂ



**ਬਠਿੰਡਾ/ਸੰਗਤ ਮੰਡੀ (ਪਰਵਿੰਦਰ ਜੀਤ ਸਿੰਘ, ਰਾਜਦੀਪ ਜੋਸ਼ੀ)**-ਇੱਥੋਂ ਦਿੱਲੀ-ਬਠਿੰਡਾ ਵਿਚਕਾਰ ਸ਼ੁਰੂ ਹੋਈ ਦੁਬਾਰਾ ਹਵਾਈ ਯਾਤਰਾ ਨਾਲ ਬਠਿੰਡਾ ਦੇ ਨਾਲ ਲਗਦੇ ਕਈ ਜ਼ਿਲ੍ਹਿਆਂ ਤੋਂ ਇਲਾਵਾ ਗੁਆਂਢੀ ਸੂਬੇ ਹਰਿਆਣਾ ਤੇ ਰਾਜਸਥਾਨ ਦੇ ਲੋਕਾਂ ਨੂੰ ਵੀ ਵੱਡਾ ਫਾਇਦਾ ਹੋਵੇਗਾ। ਇਸ ਨਾਲ ਜਿੱਥੇ ਉਨ੍ਹਾਂ ਨੂੰ ਆਉਣਾ-ਜਾਣਾ ਸੁਖਾਲਾ ਹੋਵੇਗਾ ਉੱਥੇ ਹੀ ਉਨ੍ਹਾਂ ਦੇ ਕੀਮਤੀ ਸਮੇਂ ਦੀ ਵੀ ਬੱਚਤ ਹੋਵੇਗੀ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਖੇਤੀਬਾੜੀ ਅਤੇ ਕਿਸਾਨ ਭਲਾਈ ਅਤੇ ਪਸ਼ੂ ਪਾਲਣ ਤੇ ਮੱਛੀ ਪਾਲਣ, ਫੂਡ ਪ੍ਰੋਸੈਸਿੰਗ ਮੰਤਰੀ ਪੰਜਾਬ ਗੁਰਮੀਤ ਸਿੰਘ ਖੁੱਡੀਆਂ ਨੇ ਸਿਵਲ ਏਅਰਪੋਰਟ ਵਿਰਕ ਕਲਾਂ (ਬਠਿੰਡਾ) ਵਿਖੇ 'ਉਡਾਨ ਸਕੀਮ' ਤਹਿਤ ਬਠਿੰਡਾ-ਦਿੱਲੀ ਵਿਚਕਾਰ ਆਉਣ-ਜਾਣ ਵਾਲੀਆਂ ਹਵਾਈ ਉਡਾਨਾ ਦੀ ਸ਼ੁਰੂਆਤ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ। ਇਸ ਮੌਕੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਸ਼ੁਰੂ ਹੋਈਆਂ ਉਡਾਨਾ ਹਫ਼ਤੇ 'ਚ ਤਿੰਨ ਦਿਨ ਸੋਮਵਾਰ, ਬੁੱਧਵਾਰ ਅਤੇ ਸ਼ੁੱਕਰਵਾਰ ਚੱਲਣਗੀਆਂ। ਉਨ੍ਹਾਂ ਇੱਕ ਹੋਰ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਕੇਂਦਰ ਤੇ ਸੂਬਾ ਸਰਕਾਰ ਦੇ ਯਤਨਾਂ ਸਦਕਾ ਇਨ੍ਹਾਂ ਫਲਾਇਟਾਂ ਨੂੰ ਤਿੰਨ ਦਿਨਾਂ ਤੋਂ ਵੱਧਾ ਕੇ ਹਫ਼ਤੇ ਦੇ 5 ਦਿਨ ਕਰਨ ਦੇ ਹਰ ਸੰਭਵ ਯਤਨ ਕੀਤੇ ਜਾਣਗੇ। ਖੁੱਡੀਆਂ ਨੇ ਇੱਕ ਹੋਰ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਬਠਿੰਡਾ ਮਾਲਵੇ ਦੇ ਹੱਬ ਵਜੋਂ ਉਭਰ ਰਿਹਾ ਹੈ ਇੱਥੇ ਏਮਜ਼, ਫਰਟੀਲਾਇਜ਼ਰ, ਰਿਫਾਇਨਰੀ, ਬਠਿੰਡਾ ਕੈਂਟ ਅਤੇ ਆਸ-ਪਾਸ ਕਈ ਯੂਨੀਵਰਸਿਟੀਆਂ ਤੋਂ ਇਲਾਵਾ ਵਿਦੇਸ਼ਾਂ ਤੋਂ ਆਉਣ-ਜਾਣ ਵਾਲੇ ਯਾਤਰੀਆਂ ਨੂੰ ਇਨ੍ਹਾਂ ਫਲਾਇਟਾਂ ਵੱਡਾ ਲਾਭ ਮਿਲੇਗਾ।

ਇਸ ਮੌਕੇ ਸਾਬਕਾ ਕੇਂਦਰੀ ਮੰਤਰੀ ਅਤੇ ਮੈਂਬਰ ਪਾਰਲੀਮੈਂਟ ਸ਼੍ਰੀਮਤੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਕਰੋਨਾ ਕਾਲ ਤੋਂ ਬਾਅਦ ਅੱਜ ਇਹ ਫਲਾਇਟਾਂ ਮੁੜ ਤੋਂ ਸ਼ੁਰੂ ਹੋਈਆਂ ਹਨ, ਜਿਨ੍ਹਾਂ ਲਈ ਤੁਸੀ ਸਾਰੇ ਵਧਾਈ ਦੇ ਪਾਤਰ ਹੋ। ਉਨ੍ਹਾਂ ਇਕ ਸਵਾਲ ਦੇ ਜਵਾਬ 'ਚ ਦੁਹਰਾਇਆ ਕਿ ਕੇਂਦਰ ਤੇ ਸੂਬਾ ਸਰਕਾਰ ਦੇ ਯਤਨਾਂ ਸਦਕਾ ਇਨ੍ਹਾਂ ਫਲਾਇਟਾਂ ਨੂੰ ਹਫ਼ਤੇ 'ਚ ਤਿੰਨ ਦਿਨਾਂ ਤੋਂ ਵਧਾ ਕੇ ਹਫ਼ਤੇ ਦੇ 5 ਦਿਨ ਕਰਨ ਦੇ ਹਰ ਸੰਭਵ ਯਤਨ ਕੀਤੇ ਜਾਣਗੇ। ਇਸ ਮੌਕੇ ਸ਼੍ਰੀਮਤੀ ਬਾਦਲ ਨੇ ਕਿਹਾ ਕਿ ਇਹ ਫਲਾਇਟਾਂ ਉਦਯੋਗ ਤੇ ਵਪਾਰ ਨੂੰ ਪ੍ਰਫੁੱਲਿਤ ਕਰਨ 'ਚ ਸਹਾਈ ਸਿੱਧ ਹੋਣਗੀਆਂ ਅਤੇ ਇਨ੍ਹਾਂ ਨਾਲ ਉਦਯੋਗ ਖੇਤਰ ਨੂੰ ਹੁਲਾਰਾ ਮਿਲੇਗਾ।

ਇਸ ਤੋਂ ਪਹਿਲਾਂ ਦਿੱਲੀ ਤੋਂ ਬਠਿੰਡਾ ਪੁੱਜੀ ਪਹਿਲੀ ਉਡਾਣ 'ਚ ਸ਼ਾਮਲ 10 ਯਾਤਰੀਆਂ ਅਤੇ ਬਠਿੰਡਾ ਤੋਂ ਦਿੱਲੀ ਜਾਣ ਵਾਲੇ ਪਹਿਲੇ 14 ਯਾਤਰੀਆਂ ਦਾ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਤੇ ਸਾਬਕਾ ਕੇਂਦਰੀ ਮੰਤਰੀ ਅਤੇ ਮੈਂਬਰ ਪਾਰਲੀਮੈਂਟ ਸ਼੍ਰੀਮਤੀ ਹਰਸਿਮਰਤ ਕੌਰ ਬਾਦਲ ਨੇ ਫੁੱਲਾਂ ਦੇ ਗੁਲਦਸਤੇ ਦੇ ਕੇ ਭਰਵਾ ਸਵਾਗਤ ਕੀਤਾ। ਫਲਾਇਟਾਂ ਦੀ ਸਮਾਂ ਸਾਰਨੀ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਫ਼ਤੇ 'ਚ ਤਿੰਨ ਦਿਨ ਹਰੇਕ ਸੋਮਵਾਰ, ਬੁੱਧਵਾਰ ਅਤੇ ਸ਼ੁੱਕਰਵਾਰ ਨੂੰ ਇਹ ਫਲਾਇਟ ਦਿੱਲੀ ਤੋਂ 11:40 ਏ ਐਮ ਤੇ ਚੱਲੇਗੀ ਜੋ ਕਿ ਬਠਿੰਡਾ ਵਿਖੇ ਦੁਪਿਹਰ 1:00 ਪੀ ਐਮ 'ਤੇ ਪਹੁੰਚੇਗੀ। ਇਸੇ ਤਰ੍ਹਾਂ ਬਠਿੰਡਾ ਤੋਂ 1:25 ਪੀ ਐਮ ਵਜੇ ਚੱਲੇਗੀ ਜੋ ਕਿ ਦਿੱਲੀ ਵਿਖੇ 2:30 ਪੀ ਐਮ 'ਤੇ ਪਹੁੰਚੇਗੀ।

# ਕਮਲਜੀਤ ਨੀਲੋਂ ਦੀ ਕਹਾਣੀ 'ਰਿਸ਼ਤਾ' 'ਤੇ ਨਿੱਠ ਕੇ ਚਰਚਾ



ਲੇਖਕ ਮੰਚ ਸਮਰਾਲਾ ਦੀ ਮੀਟਿੰਗ ਵਿੱਚ ਸ਼ਾਮਲ ਸ਼ਖ਼ਸੀਅਤਾਂ।

**ਸਮਰਾਲਾ (ਸੁਰਜੀਤ ਸਿੰਘ)**

ਲੇਖਕ ਮੰਚ (ਰਜਿ.) ਸਮਰਾਲਾ ਦੀ ਮਹੀਨਾਵਾਰ ਇਕੱਤਰਤਾ ਸਰਕਾਰੀ ਸੀਨੀਅਰ ਸੈਕੰਡਰੀ ਸਮਰਾਲਾ ਵਿਖੇ ਮੰਚ ਦੇ ਪ੍ਰਧਾਨ ਕਹਾਣੀਕਾਰ ਦਲਜੀਤ ਸ਼ਾਹੀ ਦੀ ਪ੍ਰਧਾਨਗੀ ਹੇਠ ਹੋਈ ਜਿਸ 'ਚ ਮਾ. ਤਰਲੋਚਨ ਸਿੰਘ ਦੇ ਸਬੰਧ ਵਿੱਚ ਕੀਤੇ ਜਾਣ ਵਾਲੇ ਸਮਾਗਮ ਸੰਬੰਧੀ ਵਿਚਾਰ ਚਰਚਾ ਕੀਤੀ ਗਈ। ਮੰਚ ਦੇ ਮੀਤ ਪ੍ਰਧਾਨ ਰਾਜਵਿੰਦਰ ਸਮਰਾਲਾ ਦੇ ਪਿਤਾ ਸਦੀਵੀਂ ਵਿਛੋੜੇ 'ਤੇ ਦੋ ਮਿੰਟ ਦਾ ਮੋਨ ਰੱਖ ਕੇ ਸ਼ੋਕ ਪ੍ਰਗਟ ਕੀਤਾ ਗਿਆ। ਇਸ ਉਪਰੰਤ ਰਚਨਾਵਾਂ ਦੇ ਦੌਰ ਵਿੱਚ ਨਾਇਬ ਸਿੰਘ ਬਘੌਰ ਨੇ ਕੁਸ਼ਤੀ, ਕਬੱਡੀ, ਗਾਇਕੀ ਅਤੇ ਬੈਲ ਗੱਡੀਆਂ ਦੀਆਂ ਦੌੜਾਂ ਬਾਰੇ ਵਧੀਆ ਗੀਤ ਪੇਸ਼ ਕੀਤਾ। ਇਸ ਵਿਸ਼ੇ ਨੂੰ ਇਕੱਠਿਆਂ ਗੀਤ 'ਚ ਪੇਸ਼ ਕਰਨ ਤੇ ਗੀਤਕਾਰ ਦੀ ਸ਼ਲਾਘਾ ਕੀਤੀ ਗਈ। ਬੱਚਿਆਂ ਅਤੇ ਵੱਡਿਆਂ ਦੇ ਸਥਾਪਤ ਕਲਾਕਾਰ ਕਮਲਜੀਤ ਨੀਲੋਂ ਨੇ ਕਹਾਣੀ 'ਰਿਸ਼ਤਾ' ਪੜ੍ਹੀ ਜਿਸ ਨੂੰ ਸਫਲ ਕਹਾਣੀ ਵਜੋਂ ਪ੍ਰਵਾਨਿਆ ਗਿਆ ਅਤੇ ਇਕ ਗੀਤ 'ਦਾਦਾ ਅਤੇ ਦਾਦੀ ਦਾ ਪਿਆਰ ਤੂੰ ਸਭਨਾ ਨੂੰ ਦੇਈ ਵੇ ਰੱਬਾ' ਸੁਣਾ ਕੇ ਵਾਹ ਵਾਹ ਖੱਟੀ। ਅਵਤਾਰ ਸਿੰਘ ਉਟਾਲ ਨੇ ਮਾ. ਤਰਲੋਚਨ ਨੂੰ ਸ਼ਰਧਾਂਜ਼ਲੀ ਵਜੋਂ ਗੀਤ ਸੁਣਾਇਆ ਅਤੇ ਇਕ ਨਜ਼ਮ 'ਚੱਕੀ ਦਾ ਪੁੜ ਭਾਰਾ' ਸੁਣਾ ਕੇ, ਸੱਠ ਸਾਲ ਪਹਿਲਾਂ ਦੇ ਸੰਯੁਕਤ ਪਰਿਵਾਰਾਂ ਤੋਂ ਵੱਖ ਹੋਣ ਦੀ ਇੱਛਾ ਦਾ ਸਲਾਹੁਣਯੋਗ ਬ੍ਰਿਤਾਂਤ ਪੇਸ਼ ਕੀਤਾ। ਮੈਨੇਜਰ ਕਰਮ ਚੰਦ ਨੇ ਅਨਮੋਲ ਬਚਨ ਸੁਣਾਏ ਜਿਵੇਂ ਕਿ, 'ਕਿਸੇ ਨੂੰ ਏਨੀ ਮਹੱਤਤਾ ਨਾ ਦਿਓ ਕਿ ਉਹ ਤੁਹਾਡੀ ਮੁਸਕਾਨ ਹੀ ਖੋਹ ਲਵੇ' ਆਦਿ। ਜਵਾਲਾ ਸਿੰਘ ਥਿੰਦ ਨੇ ਅਜੋਕੀ ਪੱਤਰਕਾਰਤਾ ਤੇ ਚੋਟ ਕਰਦੀ ਵਿਅੰਗ ਕਹਾਣੀ 'ਦੁਸਹਿਰਾ' ਸੁਣਾਈ ਅਤੇ ਗੰਭੀਰ ਮਿੰਨੀ ਕਹਾਣੀ 'ਕਾਮਰੇਡ' ਸੁਣਾ ਕੇ ਇਨਕਲਾਬੀ, ਜੁਝਾਰੂ ਰਹੇ ਸਾਥੀਆਂ ਦੀ ਵਰਤਮਾਨ ਸਥਿਤੀ ਦਾ ਵਰਨਣ ਪੇਸ਼ ਕੀਤਾ। ਗਾਇਕ ਕੇਵਲ ਕੁੱਲੇਵਾਲੀਆ ਨੇ ਗੀਤ 'ਵਿਛੋੜਾ' ਅਧਿਆਤਮਕ ਰੰਗਣ ਵਿੱਚ ਗਾਇਆ। ਦਲਜੀਤ ਸ਼ਾਹੀ ਨੇ ਜਨਾਬ ਰਾਹਤ ਇੰਦੌਰੀ ਦੀ ਗ਼ਜ਼ਲ 'ਅਗਰ ਖਿਲਾਫ਼ ਹੈਂ, ਹੋਨੇ ਦੋ, ਜਾਨ ਥੋੜ੍ਹੀ ਹੈ' ਸੁਣਾ ਕੇ ਸਾਹਿਤਕ ਮਹੌਲ ਨੂੰ ਜੋਸ਼ੀਲਾ ਬਣਾ ਦਿੱਤਾ। ਇਸ ਉਪਰੰਤ ਹਰਬੰਸ ਮਾਲਵਾ ਨੇ 1947 ਦੀ ਵੰਡ ਨਾਲ ਸਬੰਧਿਤ ਆਰਟੀਕਲ 'ਉਹਨੀ ਦਿਨੀ' ਸੁਣਾ ਕੇ ਮਹੌਲ ਨੂੰ ਸੰਜੀਦਾ ਬਣਾ ਦਿੱਤਾ। ਮੰਚ ਦੇ ਸਰਪ੍ਰਸਤ ਡਾ. ਪਰਮਿੰਦਰ ਸਿੰਘ ਬੈਨੀਪਾਲ ਨੇ ਸਾਰੀਆਂ ਰਚਨਾਵਾਂਤੇ ਸਾਰਥਿਕ ਸੁਝਾਅ ਦਿੱਤੇ। ਮੀਟਿੰਗ ਮੌਕੇ ਹੋਰਨਾਂ ਤੋਂ ਇਲਾਵਾ ਜੁਆਲਾ ਸਿੰਘ ਥਿੰਦ ਦਾ ਪੋਤਰਾ ਰਣਵੀਰ ਸਿੰਘ ਅਤੇ ਰਾਜਪਾਲ ਸਿੰਘ, ਦਿੱਗਪਾਲ ਵੀ ਮੀਟਿੰਗ ਦਾ ਹਿੱਸਾ ਬਣੇ ਰਹੇ। ਸਾਰੀਆਂ ਰਚਨਾਵਾਂ 'ਤੇ ਉਸਾਰੂ ਬਹਿਸ ਹੋਈ ਅਤੇ ਮੀਟਿੰਗ ਦੀ ਕਾਰਵਾਈ ਮੰਚ ਦੇ ਜਨਰਲ ਸਕੱਤਰ ਹਰਬੰਸ ਮਾਲਵਾ ਨੇ ਚਲਾਈ।

# ਡੂਮ ਬਰਾਦਰੀ ਨੂੰ ਪੱਛੜੀਆਂ ਜਾਤੀਆਂ 'ਚ ਸ਼ਾਮਲ ਕੀਤਾ ਜਾਵੇ : ਨੀਲੂ ਖਾਨ



**ਸੰਗਰੂਰ (ਪ੍ਰਵੀਨ ਸਿੰਘ)**

ਤੇਜਾ ਸਿੰਘ ਸੁੰਤਤਰ ਭਵਨ ਸੰਗਰੂਰ ਵਿਖੇ ਕਾਫਿਲਾ-ਏ-ਮੀਰ ਮਰਦਾਨੇ ਦੇ ਪਰਵਾਰ ਦੇ ਸਮਾਜ ਨੂੰ ਦੇਣ ਬਾਰੇ ਕਾਨਫਰੰਸ ਦਾ ਆਯੋਜਨ ਕੀਤਾ ਗਿਆ। ਜਿਸ ਦੀ ਪ੍ਰਧਾਨਗੀ ਲੀਲਾ ਖਾਨ ਧੂਰੀ ਜਿਲ੍ਹਾ ਪ੍ਰਧਾਨ ਨੇ ਕੀਤੀ। ਇਸ ਕਾਨਫਰੰਸ 'ਚ ਪੰਜਾਬ ਦੀ ਜਥੇਬੰਦੀ ਦੇ ਪ੍ਰਧਾਨ ਲੈਕਚਰਾਰ ਨੀਲੂ ਖਾਨ ਭਦੌੜ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਕਾਨਫਰੰਸ ਨੂੰ ਸੰਬੋਧਨ ਹੁੰਦਿਆਂ ਕਾਫਿਲੇ ਦੇ ਪ੍ਰਧਾਨ ਲੈਕਚਰਾਰ ਨੀਲੂ ਖਾਨ ਭਦੌੜ ਨੇ ਆਪਣੇ ਸ਼ਬਦਾਂ 'ਚ ਬਰਾਦਰੀ ਨੂੰ ਆ ਰਹੀਆਂ ਦਰਪੇਸ਼ ਮੁਸ਼ਕਲਾਂ ਦੀ ਜਾਣਕਾਰੀ ਦਿੱਤੀ। ਉਹਨਾਂ ਦੱਸਿਆ ਕਿ ਸਾਡੀ ਬਰਾਦਰੀ ਦੇ ਪਹਿਲਾਂ ਡੂਮ ਜਾਤੀ ਦੇ ਸਰਟੀਫਿਕੇਟ ਬਣਦੇ ਸਨ ਜੋ ਸਰਕਾਰ ਵੱਲੋਂ ਅਨੁਸੂਚਿਤ ਜਾਤੀ ਵਿੱਚ ਗਿਣੀ ਜਾਂਦੀ ਸੀ। ਹੁਣ ਕੁਝ ਕਾਰਨਾ ਕਰਕੇ ਬੰਦ ਕਰ ਦਿੱਤੀ ਗਈ। ਉਹਨਾਂ ਕਿਹਾ ਕਿ ਸਾਡੀ ਬਰਾਦਰੀ ਨੂੰ ਜੋ ਮਾੜੀਆਂ ਮੋਟੀਆਂ ਸਹੂਲਤਾਂ ਮਿਲਦੀਆਂ ਸਨ ਉਹ ਵੀ ਬੰਦ ਹੋ ਗਈਆਂ ਹਨ। ਸਾਡੀ ਬਰਾਦਰੀ ਨਾਲ ਸਬੰਧਤ ਲੋਕ ਗਰੀਬੀ ਦੀ ਰੇਖਾ ਤੋਂ ਹੇਠਾਂ ਜੀਵਨ ਬਸਰ ਕਰ ਰਹੇ ਹਨ। ਇਹਨਾਂ ਕੋਲ ਨਾਂ ਕੋਈ ਜ਼ਮੀਨ ਨਾ ਸਰਕਾਰੀ ਨੌਕਰੀ ਹੁੰਦੀ ਹੈ। ਇਸ ਲਈ ਪੰਜਾਬ ਸਰਕਾਰ ਡੂਮ ਜਾਤੀ ਦੇ ਸਰਟੀਫਿਕੇਟ ਬਨਾਉਣੇ ਬਹਾਲ ਕਰੇ ਤਾਂ ਜੋ ਇਸ ਬਰਾਦਰੀ ਨਾਲ ਸਬੰਧਤ ਲੋਕ ਆਪਣੇ ਬੱਚਿਆਂ ਦੀ ਪੜ੍ਹਾਈ ਕਰਾ ਸਕਣ। ਇਸ ਕਾਨਫਰੰਸ ਵਿੱਚ ਜਿਥੇ ਵੱਡੀ ਗਿਣਤੀ ਵਿੱਚ ਡੂਮ ਬਰਾਦਰੀ ਨਾਲ ਸਬੰਧਤ ਔਰਤਾਂ ਤੇ ਮਰਦ ਇਕੱਠੇ ਹੋਏ ਉਥੇ ਹੀ ਗੋਗਾ ਖਾਂ, ਕੁਲਵਿੰਦਰ ਕੌਰ, ਸਲੀਮ ਖਾਂ, ਰਾਜ ਮਹੁੰਮਦ, ਬਿਲੂ ਨਮੋਲ, ਸੁਦਾਗਰ ਅਲੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

# ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ਼ ਯੂਨੀਅਨ ਪੰਜਾਬ ਦੀ ਨਵੀਂ ਟੀਮ ਦੀ ਚੋਣ



**ਦਿੜ੍ਹਬਾ (ਜਸਵੀਰ ਲਾਡੀ)**

ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ਼ ਯੂਨੀਅਨ ਰਜਿ ਪੰਜਾਬ ਬ੍ਰਾਂਚ ਸੁਨਾਮ ਦਾ 2 ਸਾਲਾ ਚੋਣ ਇਜਲਾਸ ਸੂਬਾਈ ਪ੍ਰਧਾਨ ਮਹਿਮਾ ਸਿੰਘ ਧਨੌਲਾ, ਚੀਫ ਆਰਗੇਨਾਈਜ਼ਰ ਹਰਜੀਤ ਸਿੰਘ ਬਾਲੀਆਂ, ਸੂਬਾਈ ਡਿਪਟੀ ਸਕੱਤਰ ਗੁਰਚਰਨ ਸਿੰਘ ਅਕੋਈ ਸਾਹਿਬ ਦੀ ਨਿਗਰਾਨੀ ਹੇਠ ਸਰਕਾਰੀ ਆਈ ਟੀ ਆਈ ਸੁਨਾਮ ਦੇ ਵ/ਸ ਸਕੀਮ ਵਿਖੇ ਸੰਪੰਨ ਹੋਇਆ। ਚੋਣ ਇਜਲਾਸ ਵਿੱਚ ਸਕੱਤਰ ਭੂਰਾ ਸਿੰਘ ਭੰਗੂ ਵੱਲੋਂ ਪਿਛਲੇ ਸੈਸ਼ਨ ਦਾ ਆਮਦਨ ਖਰਚ ਦਾ ਲੇਖਾ ਜੋਖਾ ਸਾਂਝਾ ਕੀਤਾ ਅਤੇ ਸਾਰੇ ਸਾਥੀਆਂ ਨੇ ਸਹਿਮਤੀ ਪ੍ਰਗਟ ਕੀਤੀ। ਇਸ ਉਪਰੰਤ ਜਨਰਲ ਸਕੱਤਰ ਰਾਜਿੰਦਰਪਾਲ ਚੰਗਾਲੀਵਾਲਾ ਵੱਲੋਂ ਪਿਛਲੇ ਸੈਸਨ ਦੀ ਜਥੇਬੰਦਕ ਕਾਰਜਕਾਰੀ ਰਿਪੋਰਟ ਪੇਸ਼ ਕੀਤੀ। ਸਮੂਹ ਸਾਥੀਆਂ ਵੱਲੋਂ ਵਿੱਤ ਸਕੱਤਰ ਅਤੇ ਕਾਰਜਕਾਰੀ ਰਿਪੋਰਟ ਸਰਵ ਸੰਮਤੀ ਨਾਲ ਪਾਸ਼ ਕੀਤੀਆਂ। ਉਪਰੰਤ ਪ੍ਰਧਾਨ ਉਜਾਗਰ ਸਿੰਘ ਜੱਗਾ ਵੱਲੋਂ ਸੰਖੇਪ ਭਾਸਨ ਦੇ ਨਾਲ ਪਿਛਲੀ ਵਰਕਿੰਗ ਕਮੇਟੀ ਭੰਗ ਕਰਕੇ ਨਵੀਂ ਵਰਕਿੰਗ ਕਮੇਟੀ 2023—2025 ਲਈ ਚੋਣ ਕਰਨ ਦੇ ਅਧਿਕਾਰ ਉਕਤ ਅਬਜਰਵਰਜ ਦੀ ਨਿਗਰਾਨੀ ਹੇਠ ਸਮੁੱਚੇ ਵਰਕਰਾਂ ਨੂੰ ਦਿੱਤੇ ਗਏ।

ਸਮੂਹ ਸਾਥੀਆਂ ਵੱਲੋਂ ਸਰਵਸੰਮਤੀ ਨਾਲ ਚੋਣ ਹੋਈ। ਸਰਵ ਸੰਮਤੀ ਨਾਲ ਚੋਣ 'ਚ ਚੀਫ ਆਰਗੇਨਾਈਜ਼ਰ ਰਾਜਿੰਦਰਪਾਲ ਚੰਗਾਲੀਵਾਲਾ, ਪ੍ਰਧਾਨ ਉਜਾਗਰ ਸਿੰਘ ਜੱਗਾ, ਜਨਰਲ ਸਕੱਤਰ ਨਛੱਤਰ ਸਿੰਘ ਚੱਠਾ, ਸੀਨੀ ਮੀਤ ਪ੍ਰਧਾਨ ਅਮਰਜੀਤ ਸਿੰਘ ਢੰਡੋਲੀ ਖੁਰਦ, ਵਿੱਤ ਸਕੱਤਰ ਭੂਰਾ ਸਿੰਘ ਭੰਗੂ, ਸਹਾਇਕ ਸਕੱਤਰ ਬਲਵਿੰਦਰ ਸਿੰਘ ਬੱਬੂ, ਮੀਤ ਪ੍ਰਧਾਨ ਬਲਵਿੰਦਰ ਸਿੰਘ ਢਿੱਲੋਂ, ਸਹਾਇਕ ਵਿੱਤ ਸਕੱਤਰ ਦਰਸ਼ਨ ਸਿੰਘ ਜਨਾਲ, ਪ੍ਰੈਸ ਸਕੱਤਰ ਗਗਨਦੀਪ ਸ਼ਰਮਾ ਨੂੰ ਚੁਣਿਆਂ ਗਿਆ।

# ਭਾਰਤ ਨੂੰ ਵਿਸ਼ਵ ਆਗੂ ਬਣਾਉਣ ਲਈ ਬ੍ਰਾਹਮਣ ਭਾਈਚਾਰਾ ਅੱਗੇ ਆਇਆ : ਪ੍ਰੋ. ਦਿਵੇਦੀ



**ਜੈਤੋ (ਸਤੀਸ਼ ਕੁਮਾਰ ਭੀਰੀ)**

ਇੰਡੀਅਨ ਇੰਸਟੀਚਿਊਟ ਆਫ ਮਾਸ ਕਮਿਊਨੀਕੇਸ਼ਨ ਦੇ ਸਾਬਕਾ ਡਾਇਰੈਕਟਰ ਜਨਰਲ ਪ੍ਰੋ. ਸੰਜੇ ਦਿਵੇਦੀ ਦਾ ਕਹਿਣਾ ਹੈ ਕਿ ਦੇਸ ਨੂੰ ਵਿਸ਼ਵ ਨੇਤਾ ਬਣਾਉਣ ਲਈ ਭਾਰਤੀ ਗਿਆਨ ਪਰੰਪਰਾ ਨੂੰ ਮੁੜ ਸਥਾਪਿਤ ਕਰਨਾ ਜ਼ਰੂਰੀ ਹੈ। ਬ੍ਰਾਹਮਣ ਸਮਾਜ ਨੂੰ ਇਸ ਔਖੀ ਜਿੰਮੇਵਾਰੀ ਨੂੰ ਸਵੀਕਾਰ ਕਰਨ ਲਈ ਅੱਗੇ ਆਉਣ ਦੀ ਲੋੜ ਹੈ। ਉਹ ਕਾਨਪੁਰ ਦੇ ਕਿਦਵਈ ਨਗਰ ਸਥਿਤ ਅਗਰਸੇਨ ਭਵਨ 'ਚ ਕੰਨਿਆਕੁਬਜ ਮੰਚ ਵੱਲੋਂ ਆਯੋਜਿਤ ਆਚਾਰੀਆ ਬਾਲਕ੍ਰਿਸਨ ਪਾਂਡੇ ਦੇ ਜਨਮ ਸ਼ਤਾਬਦੀ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਪ੍ਰੋਗਰਾਮ ਵਿੱਚ ਦੇਸ ਭਰ ਤੋਂ ਕੰਨਿਆਕੁਬਜ ਬ੍ਰਾਹਮਣ ਸਮਾਜ ਦੀਆਂ ਵੱਖ-ਵੱਖ ਸੰਸਥਾਵਾਂ ਦੇ ਅਧਿਕਾਰੀਆਂ ਨੇ ਸ਼ਮੂਲੀਅਤ ਕੀਤੀ। ਪ੍ਰੋਗਰਾਮ ਦੇ ਮੁੱਖ ਮਹਿਮਾਨ ਰਾਜ ਸਭਾ ਮੈਂਬਰ ਡਾ: ਅਸ਼ੋਕ ਵਾਜਪਾਈ ਸਨ। ਇਸ ਮੌਕੇ ਕਈ ਸਖਸ਼ੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਪ੍ਰੋਗਰਾਮ ਦੇ ਪ੍ਰਧਾਨਗੀ ਮੰਡਲ ਤੋਂ ਸੰਬੋਧਨ ਕਰਦਿਆਂ ਪ੍ਰੋ. ਦਿਵੇਦੀ ਨੇ ਕਿਹਾ ਕਿ ਪੱਛਮੀ ਸੱਭਿਆਚਾਰ ਨੇ ਭਾਰਤੀ ਪਰਵਾਰ ਪ੍ਰਣਾਲੀ ਅਤੇ ਸੱਭਿਆਚਾਰ 'ਤੇ ਗੰਭੀਰ ਹਮਲਾ ਕੀਤਾ ਹੈ। ਇਸ ਕਾਰਨ ਸਾਡੇ ਪੈਰ ਉਖੜਦੇ ਜਾ ਰਹੇ ਹਨ। ਜੇਕਰ ਸਾਡੀਆਂ ਪਰਿਵਾਰਕ ਕਦਰਾਂ-ਕੀਮਤਾਂ ਨਹੀਂ ਬਚੀਆਂ ਤਾਂ ਭਾਰਤ ਵੀ ਨਹੀਂ ਬਚੇਗਾ। ਉਨ੍ਹਾਂ ਕਿਹਾ ਕਿ ਅਸੀਂ ਦੁਨੀਆਂ ਵਿੱਚ ਇੱਜ਼ਤ ਦੇ ਹੱਕਦਾਰ ਹਾਂ ਕਿਉਂਕਿ ਸਾਡੇ ਕੋਲ ਇੱਕ ਚੰਗੀ ਸੋਚ ਵਾਲਾ ਪਰਵਾਰ ਸਿਸਟਮ ਹੈ। ਇਹ ਪ੍ਰਣਾਲੀ ਸਾਡੇ ਸੱਭਿਆਚਾਰ ਦਾ ਆਧਾਰ ਹੈ। ਉਨ੍ਹਾਂ ਕਿਹਾ ਕਿ ਅੱਜ ਸਾਡੇ ਦੇਸ 'ਚ ਬੁਢਾਪਾ ਘਰ ਬਣ ਰਹੇ ਹਨ, ਪਹਿਲਾਂ ਬੱਚੇ ਅਨਾਥ ਸਨ ਅਤੇ ਹੁਣ ਮਾਪੇ ਅਨਾਥ ਹਨ। ਇਹ ਦਰਸਾਉਂਦਾ ਹੈ ਕਿ ਅਸੀਂ ਕਿਵੇਂ ਆਪਣੀਆਂ ਪਰਿਵਾਰਕ ਕਦਰਾਂ-ਕੀਮਤਾਂ ਅਤੇ ਜਿੰਮੇਵਾਰੀਆਂ ਤੋਂ ਮੂੰਹ ਮੋੜ ਰਹੇ ਹਾਂ। ਸੰਸਦ ਮੈਂਬਰ ਡਾ: ਅਸ਼ੋਕ ਵਾਜਪਾਈ ਨੇ ਕਿਹਾ ਕਿ ਕੰਨਿਆਕੁਬਜ ਮੰਚ 37 ਸਾਲ ਪਹਿਲਾਂ ਸਵ. ਅਚਾਰੀਆ ਬਾਲਕ੍ਰਿਸਨ ਪਾਂਡੇ ਨੇ ਖੜ੍ਹੇ ਕੀਤਾ ਸੀ, ਇਸ ਨੂੰ ਅੱਗੇ ਲਿਜਾਣ ਦੀ ਲੋੜ ਹੈ।

ਸਾਨੂੰ ਇਕਜੁੱਟ ਹੋ ਕੇ ਆਪਣੇ ਸਮਾਜ ਦੀਆਂ ਕਮੀਆਂ ਨੂੰ ਦੂਰ ਕਰਕੇ ਮਜ਼ਬੂਤ ਬਣਾਉਣਾ ਪਵੇਗਾ। ਇਸ ਮੌਕੇ ਸਾਹਿਤ ਦੇ ਖੇਤਰ ਲਈ ਡਾ: ਪ੍ਰੇਮਸ਼ੰਕਰ ਤ੍ਰਿਪਾਠੀ (ਕੋਲਕਾਤਾ), ਡਾ: ਵੰਦਨਾ ਪਾਠਕ, ਡਾ: ਉਮੇਸ ਪਾਲੀਵਾਲ ਨੂੰ ਸਮਾਜ ਸੇਵਾ ਦੇ ਖੇਤਰ 'ਚ ਪਾਏ ਯੋਗਦਾਨ ਲਈ, ਡਾ. ਲੋਕ ਸੱਭਿਆਚਾਰ ਦੇ ਖੇਤਰ ਵਿੱਚ ਨੀਲਿਮਾ ਸ਼ੁਕਲਾ ਅਤੇ ਡਾ. ਸੈਲਜਾ ਸ਼ੁਕਲਾ ਨੂੰ ਸਨਮਾਨਿਤ ਕੀਤਾ ਗਿਆ।

**PUBLIC NOTICE**

NOTICE IS HEREBY GIVEN TO THE PUBLIC THAT OUR CLIENT GAURAV SINGH BHANDARI S/O LATE SH PIRTHIPAL SINGH BHANDARI HAS INSTITUTED A SUIT FOR DECLARATION, PARTITION, RENDITION OF ACCOUNTS, PERMANENT AND MANDATORY INJUNCTION VIDE CS(OS) 624/2021 WITH RESPECT TO NEW BHANDARI HOSPITAL/ BHANDARI HOPSITAL NEAR 4S CHOWK, MAJITHA ROAD, AMRITSAR-143001 AND VARIOUS OTHER PROEPRTIES IN AMRITSAR AND DELHI BEFORE HON'BLE DELHI HIGH COURT. THE HON'BLE DELHI HIGH COURT VIDE ITS ORDER DATED 30.11.2021 WAS PLEASED TO GRANT "STATUS QUO" WITH RESPECT TO THE NEW BHANDARI HOSPITAL/ BHANDARI HOSPITAL AND VARIOUS OTHER PROERTIES. PUBLIC AT LARGE IS INFORMED THAT ANY PERSON DEALING WITH THE NEW BHANDARI HOSPITAL/ BHANDARI HOSPITAL NEAR 4S CHOWK, MAJITHA ROAD, AMRITSAR-143001 IN ANY MANNER WHATSOEVER SHALL DO AT HIS/HER OWN RISKS AND COSTS.

S.K. SHARMA & CO. (Advocates)
C-46, Panchsheel Enclave, New Delhi

**ਉੱਤਰ ਰੇਲਵੇ**

G20 ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਈ-ਨਿਵਿਦਾ ਸੂਚਨਾ**

ਨਿਵਿਦਾ ਸੂਚਨਾ ਪੱਤਰ ਨੰ. :– 243 & 244-2023-24-BDGM-DRM-FZR & 257-2023-24-UHP-DRM-FZR, ਤਾਰੀਕ 09.10.2023

ਸੀਨੀਅਰ ਮੰਡਲ ਇੰਜੀਨੀਅਰ-ਚੌਥਾ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਿਮ ਮਿਤੀ 30.10.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਤੇ ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜ਼ਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁੱਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 6.10.2023, 06.10.2023 | 16.10.2023, 17.10.2023 | 30.10.2023 / 15:00 ਵਜੇ, 31.10.2023 / 15:00 ਵਜੇ |

| ਲ. ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | | |
|---|---|---|---|---|
| 1. | 243-2023-24-BDGM-DRM-FZR | ਸਹਾਇਕ ਮੰਡਲ ਇੰਜੀਨੀਅਰ/ਬੜਗਾਮ ਦੇ ਤਹਿਤ ਆਉਣ ਵਾਲੇ ਸੈਕਸ਼ਨ ਬਨਿਹਾਲ-ਬਾਰਾਮੂਲਾ ਸੈਕਸ਼ਨ ਤੇ ਕਾਜੀਗੁੰਡ ਰੇਲਵੇ ਸਟੇਸ਼ਨ ਤੇ 4890 ਕਮ ਗਿਟੀ ਦੀ ਸਪਲਾਈ। | | |
| | ਵਿਗਿਆਪਨ ਮੁਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | 1,18,74,759.79/- | 2,09,400/- | 60 ਦਿਨ | 06 ਮਹੀਨੇ |
| | ਸਮਾਨ ਨੇਚਰ ਦਾ ਕੰਮ- "ਰੇਲਵੇ/ਰਾਜਮਾਰਗ/ਸੜਕਾਂ ਦੇ ਲਈ ਮਸ਼ੀਨ ਕ੍ਰਸ਼ਡ ਸਟੋਨ ਗਿਟੀ ਦੀ ਸਪਲਾਈ"। | | | |
| 2. | 244-2023-24-BDGM-DRM-FZR | ਸਹਾਇਕ ਮੰਡਲ ਇੰਜੀਨੀਅਰ/ਬੜਗਾਮ ਦੇ ਤਹਿਤ ਆਉਣ ਵਾਲੇ ਸੈਕਸ਼ਨ ਬਨਿਹਾਲ-ਬਾਰਾਮੂਲਾ ਸੈਕਸ਼ਨ ਤੇ ਵੱਖ-ਵੱਖ ਪੁਲ ਮਾਰਗਾਂ ਤੇ ਉਪਕਰ ਮੁਰੰਮਤ। | | |
| | ਵਿਗਿਆਪਨ ਮੁਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | 41,03,860.50/- | 82,100/- | 60 ਦਿਨ | 06 ਮਹੀਨੇ |
| | ਸਮਾਨ ਨੇਚਰ ਦਾ ਕੰਮ- "ਕੋਈ ਵੀ ਲਾਗੂ ਨਹੀਂ"। | | | |
| 3. | 257-2023-24-UHP-DRM-FZR | ਸਹਾਇਕ ਮੰਡਲ ਇੰਜੀਨੀਅਰ/ਉਧਮਪੁਰ ਦੇ ਤਹਿਤ ਸੀਨੀਅਰ ਸੈਕਸ਼ਨ ਇੰਜੀਨੀਅਰ/ਪੀ.ਵੇ./ਉਧਮਪੁਰ ਦੇ ਸੈਕਸ਼ਨ ਵਿਚ ਟ੍ਰੈਕ ਰਖਰਖਾਅ ਦੇ ਲਈ ਵਿਵਿਧ ਪੀ.ਵੇ. ਜੋਨ ਕੰਮ ਕਰਦਾ ਹੈ। | | |
| | ਵਿਗਿਆਪਨ ਮੁਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | 45,00,290.54/- | 9,0000/- | 60 ਦਿਨ | 08 ਮਹੀਨੇ |
| | ਸਮਾਨ ਨੇਚਰ ਦਾ ਕੰਮ- "ਕੋਈ ਵੀ ਲਾਗੂ ਨਹੀਂ"। | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਵੇਗੀ। 3127/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

CMYK

# ਜ਼ਿਲਾ ਸਿੱਖਿਆ ਅਫਸਰ ਸੈਕੰਡਰੀ ਵੱਲੋਂ ਬੈਸਟ ਟੀਚਰ/ਬੈਸਟ ਵਿਦਿਆਰਥੀ ਸਨਮਾਨਿਤ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਕੁਝ ਦਿਨ ਪਹਿਲਾਂ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਡੇਰਾ ਬਾਬਾ ਨਾਨਕ ਵਿਖੇ ਸਿੱਖਿਆ ਇੱਕ ਸੰਕਲਪ ਪ੍ਰੋਗਰਾਮ ਅਧੀਨ ਬਲਾਕ ਲੈਵਲ ਤੇ ਅਧਿਆਪਕਾ ਅਤੇ ਵਿਦਿਆਰਥੀਆਂ ਦੇ ਆਪਸੀ ਮੁਕਾਬਲੇ ਕਰਵਾਏ ਗਏ ਸਨ ਜਿਸ ਵਿੱਚ ਬੈਸਟ ਟੀਚਰ ਐਵਾਰਡ ਮੈਡਮ ਨਵਗੀਤ ਕੌਰ ਸਰਕਾਰੀ ਹਾਈ ਸਕੂਲ ਉਧੋਵਾਲੀ ਬਲਾਕ ਡੇਰਾ ਬਾਬਾ ਨਾਨਕ-1, ਕਮਲਜੀਤ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋਟਲੀ ਸੂਰਤ ਮੱਲੀ ਬਲਾਕ ਡੇਰਾ ਬਾਬਾ ਨਾਨਕ-2 , ਬਲਜਿੰਦਰ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੋਸਤਪੁਰ ਬਲਾਕ ਕਲਾਨੌਰ ਅਤੇ ਬੈਸਟ ਵਿਦਿਆਰਥੀ ਦੇ ਐਵਾਰਡ ਲਈ ਸੁਨੀਤਾ ਸਰਕਾਰੀ ਮਿਡਲ ਸਕੂਲ ਰੱਤੜ ਛੱਤੜ ਬਲਾਕ ਡੇਰਾ ਬਾਬਾ ਨਾਨਕ-1, ਸੁਖਪ੍ਰੀਤ ਕੌਰ ਸਰਕਾਰੀ ਮਿਡਲ ਸਕੂਲ ਸ਼ਾਹਪੁਰ ਅਮਰਗੜ੍ਹ ਬਲਾਕ ਡੇਰਾ ਬਾਬਾ ਨਾਨਕ-2 ਅਤੇ ਸਿਮਰਨਪ੍ਰੀਤ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੋਸੇ ਬਲਾਕ ਕਲਾਨੌਰ ਦੀ ਚੋਣ ਕੀਤੀ ਗਈ ।

ਅੱਜ ਜ਼ਿਲਾ ਸਿੱਖਿਆਂ ਅਫਸਰ ਸੈਕੰਡਰੀ ਵਿਨੋਦ ਸ਼ਰਮਾ ਵੱਲੋਂ ਆਪਣੇ ਸਟਾਫ ਸਮੇਤ ਮੁੱਖ ਮਹਿਮਾਨ ਵਜੋਂ ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਕੂਲ ਡੇਰਾ ਬਾਬਾ ਨਾਨਕ ਵਿਖੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਕੇ ਮੁਕਾਬਲਿਆਂ ਵਿੱਚ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਸਰੇ ਸਥਾਨ ਤੇ ਆਉਣ ਵਾਲੇ ਟੀਚਰਾਂ/ਵਿਦਿਆਰਥੀਆਂ ਨੂੰ ਟਰਾਫੀਆਂ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਡੀਈਓ ਵਿਨੋਦ ਸ਼ਰਮਾ ਨੇ ਸਮੂਹ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਆਪਣੇ ਹੁਨਰ ਨੂੰ ਹੋਰ ਨਿਖਾਰਨ ਲਈ ਪ੍ਰੇਰਿਤ ਕੀਤਾ ਅਤੇ ਭਵਿੱਖ ਵਿੱਚ ਹੋਰ ਐਵਾਰਡ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ। ਇਸ ਮੌਕੇ ਬਲਾਕ ਨੋਡਲ ਅਫਸਰ ਡੇਰਾ ਬਾਬਾ ਨਾਨਕ -1 ਪ੍ਰਿੰ. ਮੈਡਮ ਰੁਪਿੰਦਰਜੀਤ ਧਾਲੀਵਾਲ, ਬਲਾਕ ਨੋਡਲ ਅਫਸਰ ਡੇਰਾ ਬਾਬਾ ਨਾਨਕ -2 ਪ੍ਰਿੰ. ਵਰਿੰਦਰ ਸਿੰਘ ਕਾਹਲੋਂ ਅਤੇ ਜ਼ਿਲਾ ਮੈਥ ਕੋਆਡੀਨੇਟਰ ਗੁਰਨਾਮ ਸਿੰਘ ਨੇ ਚੁਣੇ ਗਏ ਬੈਸਟ ਅਧਿਆਪਕਾਂ ਅਤੇ ਬੈਸਟ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਇਸ ਮੌਕੇ ਬਲਾਕ ਨੋਡਲ ਅਫਸਰ ਡੇਰਾ ਬਾਬਾ ਨਾਨਕ -1 ਪ੍ਰਿੰ. ਮੈਡਮ ਰੁਪਿੰਦਰਜੀਤ ਧਾਲੀਵਾਲ, ਬਲਾਕ ਨੋਡਲ ਅਫਸਰ ਡੇਰਾ ਬਾਬਾ ਨਾਨਕ -2 ਪ੍ਰਿੰਸੀਪਲ ਵਰਿੰਦਰ ਸਿੰਘ ਕਾਹਲੋਂ, ਪ੍ਰਿੰ. ਬਿਕਰਮਜੀਤ ਸਿੰਘ ਚਾਹਲ, ਜ਼ਿਲਾ ਮੈਥ ਕੋਆਡੀਨੇਟਰ ਗੁਰਨਾਮ ਸਿੰਘ, ਨਿਰਮਲ ਸਿੰਘ ਬੀਐੱਨਓ, ਅਮਨ ਗੁਪਤਾ ਗੁਰਦਾਸਪੁਰ, ਸੁਮਿਤ ਕੁਮਾਰ ਗੁਰਦਾਸਪੁਰ, ਕੁਲਵਿੰਦਰ ਪਾਲ ਸਿੰਘ ਹਿੰਦੀ ਲੈਕਚਰਾਰ, ਮੈਡਮ ਕੰਵਲਜੀਤ ਸੋਢੀ, ਮੈਡਮ ਦਵਿੰਦਰ ਕੌਰ ਲੈਕਚਰਾਰ ਬਾਇਓ, ਸਤਿੰਦਰਪਾਲ ਸਿੰਘ ਬੀ.ਐਮ ਮੈਥ, ਰਾਜ ਕੁਮਾਰ ਬੀ.ਐਮ ਮੈਥ, ਬਲਵਿੰਦਰ ਸਿੰਘ ਬੀ.ਐਮ. ਹਿੰਦੀ, ਅਰੁਣ ਕੁਮਾਰ ਬੀ.ਐਮ. ਸਾਇੰਸ, ਸੁਖਵਿੰਦਰ ਸਿੰਘ ਬੀ.ਐਮ. ਸਾਇੰਸ , ਪਲਵਿੰਦਰ ਸਿੰਘ ਸਾਇੰਸ ਮਾਸਟਰ, ਜਗਜੀਤ ਸਿੰਘ, ਸਤਨਾਮ ਸਿੰਘ, ਪੰਕਜ ਕੁਮਾਰ, ਨਿਰਮਲ ਸਿੰਘ, ਲਵ ਕੁਮਾਰ, ਕੰਚਨਪ੍ਰੀਤ ਕੌਰ, ਮੈਡਮ ਜਸਪ੍ਰੀਤ ਕੌਰ, ਗੁਰਮੀਤ ਕੌਰ, ਸੁਖਜਿੰਦਰ ਕੌਰ, ਅਮਨਪ੍ਰੀਤ ਕੌਰ ਅਧਿਆਪਕ ਆਦਿ ਹਾਜ਼ਰ ਸਨ ।

# ਤਿੱਬੜੀ ਛਾਉਣੀ ਵਿਖੇ ਸੈਨਾ ਭਰਤੀ ਰੈਲੀ 31 ਅਕਤੂਬਰ ਤੋਂ 10 ਨਵੰਬਰ ਤੱਕ



ਗੁਰਦਾਸਪੁਰ (ਜਨਕ ਮਹਾਜਨ)- ਗੁਰਦਾਸਪੁਰ ਅੰਦਰ ਪੈਂਦੇ ਤਿੱਬੜੀ ਮਿਲਟਰੀ ਸਟੇਸ਼ਨ ਵਿਖੇ 31 ਅਕਤੂਬਰ ਤੋਂ 10 ਨਵੰਬਰ 2023 ਤੱਕ ਵੱਖ-ਵੱਖ ਸ਼੍ਰੇਣੀਆਂ ਦੇ ਅਧੀਨ ਜ਼ਿਲ੍ਹਾ ਗੁਰਦਾਸਪੁਰ, ਅੰਮ੍ਰਿਤਸਰ ਅਤੇ ਪਠਾਨਕੋਟ ਦੇ ਨੌਜਵਾਨਾਂ ਦੀ ਅਗਨੀਵੀਰ ਜਨਰਲ ਡਿਊਟੀ, ਅਗਨੀਵੀਰ ਟੈਕਨੀਕਲ, ਅਗਨੀਵੀਰ ਕਲਰਕ/ਸਟੋਰ ਕੀਪਰ ਅਤੇ ਅਗਨੀਵੀਰ ਟ੍ਰੇਡਸਮੈਨ ਦੀ ਭਰਤੀ ਰੈਲੀ ਕੀਤੀ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੈਨਾ ਭਰਤੀ ਦਫ਼ਤਰ ਅੰਮ੍ਰਿਤਸਰ ਦੇ ਅਧਿਕਾਰੀ ਨੇ ਦੱਸਿਆ ਹੈ ਕਿ ਲਿਖਤੀ ਪ੍ਰੀਖਿਆ ਲਈ ਸਾਰੇ ਯੋਗ ਉਮੀਦਵਾਰਾਂ ਨੂੰ ਪ੍ਰਵੇਸ਼ ਪੱਤਰ ਉਨ੍ਹਾਂ ਦੇ ਰਜਿਸਟਰਡ ਈ-ਮੇਲ ਆਈ.ਡੀ. 'ਤੇ ਭੇਜ ਦਿੱਤੇ ਗਏ ਹਨ। ਇਸਦੇ ਨਾਲ ਹੀ ਉਨ੍ਹਾਂ ਸਾਰੇ ਉਮੀਦਵਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਭਾਰਤੀ ਫ਼ੌਜ ਦੀ ਵੈਬਸਾਈਟ 'ਤੇ ਉਪਲੱਬਧ ਭਰਤੀ ਸਬੰਧੀ ਜਾਰੀ ਨੋਟੀਫਿਕੇਸ਼ਨ ਅਨੁਸਾਰ ਆਪਣੇ ਸਾਰੇ ਦਸਤਾਵੇਜ਼ ਨਾਲ ਲੈ ਕੇ ਆਉਣ। ਸਹੁੰ ਪੱਤਰ ਵਿੱਚ ਇਹ ਵਾਕ ਸਪੱਸ਼ਟ ਰੂਪ ਵਿੱਚ ਉਲੇਖ ਕੀਤਾ ਹੋਵੇ ਕਿ 'ਮੈ ਕਿਸੀ ਵੀ ਹਿੰਸਕ ਵਿਰੋਧੀ/ਅਗਜ਼ਨੀ, ਸਰਕਾਰੀ ਸੰਪਤੀ ਦੇ ਨੁਕਸਾਨ ਦੀ ਗਤੀਵਿਧੀ ਵਿੱਚ ਭਾਗ ਨਹੀਂ ਲਿਆ'। ਸਾਰੇ ਉਮੀਦਵਾਰਾਂ ਨੂੰ ਬੁਲਾਏ ਗਏ ਦਿਨ ਸਵੇਰੇ 03:00 ਵਜੇ ਭਰਤੀ ਰੈਲੀ ਮੈਦਾਨ ਵਿੱਚ ਪੂਰੀ ਸੁਰੱਖਿਆ ਦੇ ਨਾਲ ਪ੍ਰਵੇਸ਼ ਪੱਤਰ ਨੂੰ ਬਿਨ੍ਹਾਂ ਮੋੜੇ ਰੰਗੀਨ ਕਾਪੀ ਦੇ ਨਾਲ ਪਹੁੰਚਾਉਣਾ ਹੋਵੇਗਾ, ਕਿਉਂਕਿ ਇਸ ਪ੍ਰਵੇਸ਼ ਦੁਆਰ 'ਤੇ ਬਾਰ ਕੋਡ ਸਕੈਨ ਕੀਤਾ ਜਾਵੇਗਾ। ਸਾਰੇ ਉਮੀਦਵਾਰਾਂ ਨੂੰ ਅਪੀਲ ਹੈ ਕਿ ਉਹ ਸਰੀਰਕ ਪ੍ਰੀਖਿਆ ਦੌਰਾਨ ਡੀਹਾਈਡ੍ਰੇਸ਼ਨ ਤੋਂ ਬਚਣ ਲਈ ਵੱਧ ਪਾਣੀ ਅਤੇ ਤਰਲ ਪਦਾਰਥਾਂ ਦਾ ਸੇਵਨ ਕਰਨ। ਸੈਨਾ ਭਰਤੀ ਦਫ਼ਤਰ ਅੰਮ੍ਰਿਤਸਰ ਦੇ ਅਧਿਕਾਰੀ ਨੇ ਕਿਹਾ ਕਿ ਭਾਰਤੀ ਫ਼ੌਜ ਵਿੱਚ ਭਰਤੀ ਉਮੀਦਵਾਰ ਦੀ ਯੋਗਤਾ ਅਤੇ ਨਿਰੋਲ ਮੈਰਿਟ ਦੇ ਅਧਾਰ 'ਤੇ ਕੀਤੀ ਜਾਂਦੀ ਹੈ। ਸਾਰੀ ਭਰਤੀ ਪ੍ਰੀਕ੍ਰਿਆ ਪੂਰੀ ਤਰ੍ਹਾਂ ਪਾਰਦਰਸ਼ੀ ਹੁੰਦੀ ਹੈ ਇਸ ਲਈ ਕਿਸੇ ਵੀ ਉਮੀਦਵਾਰ ਨੂੰ ਦਲਾਲਾਂ ਦੇ ਝਾਂਸੇ ਵਿੱਚ ਨਹੀਂ ਆਉਣਾ ਚਾਹੀਦਾ। ਭਰਤੀ ਰੈਲੀ ਦੌਰਾਨ ਉਮੀਦਵਾਰ ਦੀ ਜਾਂਚ ਕੀਤੀ ਜਾਵੇਗੀ ਕਿ ਉਸਨੇ ਕਿਸੇ ਤਰ੍ਹਾਂ ਦੀ ਸਰੀਰਕ ਸ਼ਕਤੀ ਵਧਾਉਣ ਵਾਲੀ ਦਵਾਈ ਦਾ ਉਪਯੋਗ ਤਾਂ ਨਹੀਂ ਕੀਤਾ, ਜੇਕਰ ਕੋਈ ਉਮੀਦਵਾਰ ਅਜਿਹੀ ਦਵਾਈ ਦਾ ਉਪਯੋਗ ਕਰਦਾ ਪਾਇਆ ਗਿਆ ਤਾਂ ਉਸ ਨੂੰ ਭਰਤੀ ਪ੍ਰਕਿਰਿਆ ਤੋਂ ਅਯੋਗ ਐਲਾਨ ਕਰ ਦਿੱਤਾ ਜਾਵੇਗਾ।

# ਜੀ ਐੱਨ ਡੀ ਯੂ ਕਾਲਜ ਪੱਟੀ ਦੇ ਵਿਦਿਆਰਥੀਆਂ ਨੇ ਜ਼ੋਨਲ ਯੂਥ ਫੈਸਟੀਵਲ 'ਚ ਮਾਰੀਆਂ ਮੱਲਾਂ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ 5 ਤੋਂ 7 ਅਕਤੂਬਰ ਤੱਕ ਦੌਰਾਨ ਸਰਕਾਰੀ ਅਤੇ ਕਾਂਸਟੀਚਿਊਐਂਟ ਕਾਲਜਾਂ ਦੇ ਯੁਵਕ ਮੇਲਿਆਂ ਦਾ ਆਯੋਜਨ ਕੀਤਾ ਗਿਆ। ਇਨ੍ਹਾਂ ਮੁਕਾਬਲਿਆਂ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਪੱਟੀ ਦੇ ਵਿਦਿਆਰਥੀਆਂ ਵਲੋਂ ਵੱਧ-ਚੜ੍ਹ ਕੇ ਹਿੱਸਾ ਲਿਆ ਗਿਆ। ਆਕਾਸ਼ਦੀਪ ਸਿੰਘ ਬੀ. ਕਾਮ ਤੀਜਾ ਦੇ ਵਿਦਿਆਰਥੀ ਨੇ ਵੈਸਟਰਨ ਵੋਕਲ ਸੋਲੋ, ਆਕਾਸ਼ਦੀਪ ਸਿੰਘ, ਪੀਊਸ਼ ਕੁਮਾਰ, ਗੁਰਜਾਰਪ੍ਰੀਤ ਸਿੰਘ ਬੀਕਾਮ ਤੀਜਾ, ਨਵਦੀਪ ਸਿੰਘ ਬੀ.ਏ. ਪਹਿਲਾ ਨੇ ਵੈਸਟਰਨ ਗੀਤ ਵਿਚ ਪਹਿਲਾ ਸਥਾਨ ਹਾਸਲ ਕੀਤਾ। ਬੀਐੱਸਸੀ ਕੰਪਿਊਟਰ ਸਾਇੰਸ ਪੰਜਵੇਂ ਸਮੈਸਟਰ ਦੀ ਵਿਦਿਆਰਥਣ ਜਸਕੀਰਤ ਕੌਰ ਨੇ ਕਵਿਤਾ ਉਚਾਰਨ, ਜਸਪ੍ਰੀਤ ਸਿੰਘ, ਜੋਬਨਪ੍ਰੀਤ ਸਿੰਘ ਅਤੇ ਹਰਪ੍ਰੀਤ ਸਿੰਘ ਨੇ ਬੀ.ਏ. ਦੇ ਵਿਦਿਆਰਥੀਆਂ ਨੇ ਕਵੀਸ਼ਰੀ ਵਿਚ ਦੂਸਰਾ ਸਥਾਨ ਹਾਸਿਲ ਕੀਤਾ। ਵਾਰ-ਗਾਇਨ ਵਿਚ ਜੋਬਨਪ੍ਰੀਤ ਸਿੰਘ ਅਤੇ ਹਰਪ੍ਰੀਤ ਸਿੰਘ ਬੀ.ਏ. ਤੀਜਾ ਦੇ ਵਿਦਿਆਰਥੀਆਂ ਨੇ ਤੀਜਾ ਸਥਾਨ ਹਾਸਿਲ ਕੀਤਾ। ਅਨਮੋਲਦੀਪ ਸਿੰਘ, ਆਰਤੀ, ਅਮਨਦੀਪ ਕੌਰ, ਕਰਨਪ੍ਰੀਤ ਸਿੰਘ ਨੇ ਇੰਸਟਾਲੇਸ਼ਨ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ ਰਜਿੰਦਰ ਕੁਮਾਰ ਮਰਵਾਹ ਨੇ ਕਾਲਜ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਸ ਤਰ੍ਹਾਂ ਦੇ ਮੁਕਾਬਲਿਆਂ ਵਿਚ ਹਿੱਸਾ ਲੈਣਾ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿਚ ਸਹਾਈ ਹੁੰਦਾ ਹੈ। ਯੁਵਕ ਮੇਲੇ ਵਿੱਚ ਭਾਗ ਲੈਣ ਵਾਲੇ ਅਤੇ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਾਲਜ ਦੇ ਅਧਿਆਪਕ ਅਤੇ ਮੁਕਾਬਲਿਆਂ ਵਿਚ ਹਿੱਸਾ ਲੈਣ ਵਾਲੇ ਵਿਦਿਆਰਥੀ ਹਾਜ਼ਰ ਸਨ।

# ਜ਼ਿਲ੍ਹੇ ਦੇ ਹਰੇਕ ਲੋੜਵੰਦ ਦਿਵਿਆਂਗਜਨ ਨੂੰ ਦਿੱਤੇ ਜਾਣਗੇ ਸਹਾਇਕ ਉਪਕਰਣ: ਡਿਪਟੀ ਕਮਿਸ਼ਨਰ



ਅੰਮ੍ਰਿਤਸਰ (ਨਰਿੰਦਰਜੀਤ ਸਿੰਘ)—ਜ਼ਿਲ੍ਹੇ ਦੇ ਹਰੇਕ ਲੋੜਵੰਦ ਦਿਵਿਆਂਗਜਨਾਂ ਨੂੰ ਸਹਾਇਕ ਉਪਕਰਣ ਦਿੱਤੇ ਜਾਣਗੇ ਅਤੇ ਇਸ ਲਈ 16 ਅਕਤੂਬਰ ਤੋਂ 22 ਅਕਤੂਬਰ ਤੱਕ ਵਿਸ਼ੇਸ਼ ਕੈਂਪ ਵੀ ਲਗਾਏ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਅੰਮਿਤ ਤਲਵਾੜ ਨੇ ਦੱਸਿਆ ਕਿ ਅੱਜ ਅਲੀਮਕੋ ਦੀ ਸਹਾਇਤਾ ਨਾਲ ਇੰਸਟੀਚਿਊਟ ਆਫ਼ ਟੈਕਸਟਾਈਲ ਟੈਕਨੋਲੋਜੀ ਸਾਹਮਣੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਦਿਵਿਆਂਗ ਵਿਕਅਤੀਆਂ ਦੀ ਸਹਾਇਤਾ ਲਈ ਲਗਾਏ ਗਏ ਕੈਂਪ ਦੌਰਾਨ 182 ਬੈਟਰੀ ਵਾਲੇ ਟਰਾਈਸਾਈਕਲ ਅਤੇ 45 ਸਮਾਰਟ ਕੇਨ (ਛੜੀਆਂ) ਦੀ ਵੰਡ ਕੀਤੀ ਗਈ ਹੈ। ਇਸ ਮੌਕੇ ਅਸੀਸਇੰਦਰ ਸਿੰਘ ਜ਼ਿਲ੍ਹਾ ਸਮਾਜਿਕ ਸਿੱਖਿਆ ਅਧਿਕਾਰੀ ਨੇ ਦੱਸਿਆ ਕਿ ਅਲੀਮਕੋ ਵਲੋਂ 16 ਅਕਤੂਬਰ ਤੋਂ 22 ਅਕਤੂਬਰ 2023 ਤੱਕ ਵੱਖ-ਵੱਖ ਥਾਵਾਂ 'ਤੇ ਅਸੈਸਮੈਂਟ ਕੈਂਪ ਲਗਾਏ ਜਾ ਰਹੇ ਹਨ। ਉਨਾਂ ਦੱਸਿਆ ਕਿ 16 ਅਕਤੂਬਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਲਬਾਗ, 17 ਅਕਤੂਬਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਜੀਠਾ, 18 ਅਕਤੂਬਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਅਜਨਾਲਾ, 19 ਅਕਤੂਬਰ ਨੂੰ ਰਘੂਨਾਥ ਮੰਦਿਰ ਜੰਡਿਆਲਾ ਗੁਰੂ, 20 ਅਕਤੂਬਰ ਨੂੰ ਮਾਤਾ ਗੰਗਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਾਬਾ ਬਕਾਲਾ, 21 ਅਕਤੂਬਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਟਾਰੀ ਅਤੇ 22 ਅਕਤੂਬਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਮਦਾਸ ਵਿਖੇ ਅਲੀਮਕੋ ਵਲੋਂ ਕੈਂਪ ਲਗਾਏ ਜਾਣਗੇ। ਜਿਥੇ ਮਾਹਿਰਾਂ ਵਲੋਂ ਹਰੇਕ ਲੋੜਵੰਦ ਵਿਅਕਤੀ ਨੂੰ ਦਿੱਤੀ ਜਾਣ ਵਾਲੇ ਬਨਾਉਟੀ ਅੰਗ ਦਾ ਸਾਈਜ਼ ਲਿਆ ਜਾਵੇਗਾ ਅਤੇ ਫਿਰ ਇਹ ਅੰਗ ਤਿਆਰ ਕਰਕੇ ਉਕਤ ਵਿਅਕਤੀ ਨੂੰ ਦਿੱਤੇ ਜਾਣਗੇ। ਉਨਾਂ ਸਮੂਹ ਦਿਵਿਆਂਗਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਨਾਂ ਕੈਂਪਾਂ ਵਿੱਚ ਜ਼ਰੂਰ ਪਹੁੰਚਿਆ ਜਾਵੇ। ਇਸ ਕੈਂਪ ਵਿੱਚ ਵਿਸ਼ੇਸ਼ ਤੌਰ ਤੇ ਗੁਰਜੀਤ ਸਿੰਘ ਔਜਲਾ ਸੰਸਦ ਮੈਂਬਰ ਪੁੱਜੇ। ਇਸ ਮੌਕੇ ਪ੍ਰਿੰ. ਪਰਮਵੀਰ ਸਿੰਘ ਮੱਤੇਵਾਲ, ਵਾਈਸ ਪ੍ਰਿੰ. ਅਮਰੀਕ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ ਰਾਜੇਸ਼ ਕੁਮਾਰ, ਤਹਿਸੀਲਦਾਰ ਅਮਰਜੀਤ ਸਿੰਘ, ਪ੍ਰਿੰ. ਧਰਮਿੰਦਰ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਚਾਵਾ ਤੇ ਚੰਦਰਭਾਨ ਵਿਖੇ ਰਾਮ ਲੀਲਾ 14 ਤੋਂ, ਰਿਹਰਸਲ ਸ਼ੁਰੂ

ਗੁਰਦਾਸਪੁਰ (ਜਨਕ ਮਹਾਜਨ)-ਰਾਮ ਲੀਲ੍ਹਾ ਨਾਟਕ ਕਲੱਬ ਚਾਵਾ ਰਜਿ. ਗੁਰਦਾਸਪੁਰ ਵਲੋਂ ਹਰੇਕ ਸਾਲ ਵਾਂਗ ਇਸ ਵਾਰ ਵੀ ਰਾਮ ਲੀਲ੍ਹਾ 14 ਅਕਤੂਬਰ ਤੋਂ ਲੈ ਕੇ 25 ਅਕਤੂਬਰ ਤੱਕ ਹੋਵੇਗੀ। ਇਸ ਸਬੰਧੀ ਪ੍ਰਧਾਨ ਰਾਜੂ ਪਠਾਨੀਆ ਨੇ ਦੱਸਿਆ ਕਿ ਰਾਮ ਲੀਲ੍ਹਾ ਦੀ ਰਿਹਰਸਲ ਪਿਛਲੇ ਇਕ ਮਹੀਨੇ ਚੱਲ ਰਹੀ ਹੈ ਅਤੇ ਸਾਰੇ ਨੌਜਵਾਨ ਕਲਾਕਾਰਾਂ ਵੱਲੋਂ ਆਪਣੇ ਰੋਲਾਂ ਵਿਚ ਚੰਗੀ ਤਰ੍ਹਾਂ ਨਿਪੁੰਨ ਹਨ। ਇਹ ਰਾਮ ਲੀਲ੍ਹਾ ਇਲਾਕੇ ਦੇ 10 ਪਿੰਡਾਂ ਵਿਚ ਕਾਫ਼ੀ ਪ੍ਰਚਲਿਤ ਹੈ। ਉਨ੍ਹਾਂ ਦੱਸਿਆ ਕਿ ਰਾਮ ਲੀਲ੍ਹਾ ਵਿਚ ਖ਼ਾਸ ਸੀਨ ਰਾਮ ਜਨਮ, ਸੀਤ ਸਵੰਬਰ, ਤਾੜਕਾ ਵੰਦ, ਲਛਮਣ ਮੂਰਛਾ ਤੋਂ ਇਲਾਵਾ ਰਾਵਣ ਦਰਬਾਰ ਦੀਆਂ ਵਿਸ਼ੇਸ ਝਾਕੀਆਂ ਵੇਖਣਯੋਗ ਹੋਣਗੀਆਂ। ਇਸੇ ਤਰ੍ਹਾਂ ਗੋਸਵਾਮੀ ਨਾਭਾ ਦਾਸ ਰਾਮ ਲੀਲ੍ਹਾ ਕਮੇਟੀ ਚੰਦਰਭਵਾਨ ਜਿਲ੍ਹਾ ਗੁਰਦਾਸਪੁਰ ਵਲੋਂ ਵੀ ਸਲਾਨਾ ਰਾਮ ਲੀਲ੍ਹਾ 14 ਅਕਤੂਬਰ ਤੋਂ ਸ਼ੁਰੂ ਹੋ ਰਹੀ ਹੈ। ਇਸ ਧਾਰਮਿਕ ਸਮਾਗਮ ਵਿਚ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਜਾਵੇਗਾ ਅਤੇ ਦੁਸਹਿਰੇ ਵਾਲੇ ਦਿਨ ਬੁੱਤਾਂ ਨੂੰ ਵੀ ਅੱਗ ਲਗਾਈ ਜਾਵੇਗੀ। ਇਸ ਦਿਨ ਲੰਗਰ ਦਾ ਵਿਸ਼ੇਸ ਪ੍ਰਬੰਧ ਹੋਵੇਗਾ। ਦੋਵਾਂ ਰਾਮ ਲੀਲ੍ਹਾ ਪ੍ਰਬੰਧਕ ਕਮੇਟੀਆਂ ਵਲੋਂ ਰਾਮ ਲੀਲ੍ਹਾ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।

# ਸਿਵਲ ਸਰਜਨ ਦਫ਼ਤਰ ਵਿਖੇ ਵਿਸ਼ਵ ਮਾਨਸਿਕ ਸਿਹਤ ਦਿਵਸ ਆਯੋਜਿਤ



ਧਾਰੀਵਾਲ, ਗੁਰਦਾਸਪੁਰ (ਮਨਦੀਪ ਸਿੰਘ ਵਿੱਕੀ, ਜਨਕ ਮਹਾਜਨ)-ਸਿਹਤ ਵਿਭਾਗ ਵੱਲੋਂ ਅੱਜ ਸਥਾਨਕ ਸਿਵਲ ਸਰਜਨ ਦਫ਼ਤਰ ਵਿਖੇ ਵਿਸ਼ਵ ਮਾਨਸਿਕ ਸਿਹਤ ਦਿਵਸ ਮਨਾਇਆ ਗਿਆ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਸ਼ਾਮਲ ਹੋਏ। ਇਸ ਮੌਕੇ ਉਨ੍ਹਾਂ ਨਾਲ ਸਿਵਲ ਸਰਜਨ ਡਾ. ਹਰਭਜਨ ਰਾਮ ਮਾਂਡੀ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਰੋਮੀ ਰਾਜਾ, ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਤਜਿੰਦਰ ਕੌਰ, ਡੀ.ਐੱਚ.ਓ. ਡਾ. ਸਵਿਤਾ, ਡੀ.ਡੀ.ਐੱਚ.ਓ. ਡਾ ਲੋਕੇਸ਼, ਡਾ. ਚੇਤਨਾ, ਡਾ. ਪ੍ਰਭਜੋਤ ਕਲਸੀ ਵੀ ਹਾਜ਼ਰ ਸਨ। ਇਸ ਮੌਕੇ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਚੰਗੀ ਸਿਹਤ ਹਮੇਸ਼ਾ ਦਵਾਈ ਤੋਂ ਨਹੀਂ ਆਉਂਦੀ ਬਲਕਿ ਜ਼ਿਆਦਾਤਰ ਇਹ ਦਿਲ ਅਤੇ ਦਿਮਾਗ ਵਿੱਚ ਸ਼ਾਂਤੀ ਅਤੇ ਪਿਆਰ ਨਾਲ ਮਿਲ ਜਾਂਦੀ ਹੈ। ਉਨ੍ਹਾਂ ਕਿਹਾ ਕਿ ਅੱਜ ਦੀ ਭੱਜ-ਦੌੜ ਦੀ ਜ਼ਿੰਦਗੀ ਵਿਚ ਦਿਮਾਗੀ ਸੰਤੁਲਨ ਠੀਕ ਰੱਖਣ ਦੀ ਜ਼ਰੂਰਤ ਹੈ, ਕਿਉਂਕਿ ਤੰਦਰੁਸਤ ਦਿਮਾਗ ਤੰਦਰੁਸਤ ਸਰੀਰ ਦੀ ਨਿਸ਼ਾਨੀ ਹੁੰਦੀ ਹੈ ਅਤੇ ਤੰਦਰੁਸਤ ਦਿਮਾਗ ਹੀ ਤੰਦਰੁਸਤ ਸਮਾਜ ਅਤੇ ਤੰਦਰੁਸਤ ਵਿਚਾਰਾਂ ਦੀ ਸਿਰਜਣਾ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਵਿੱਚ ਤਨਾਅ ਹਰ ਵਰਗ ਦੇ ਲੋਕਾਂ ਵਿੱਚ ਵੇਖਣ ਨੂੰ ਮਿਲਦਾ ਹੈ ਅਤੇ ਇਸ ਤੋਂ ਬਾਹਰ ਨਿਕਲਣ ਲਈ ਜ਼ਰੂਰੀ ਹੈ ਕਿ 6-7 ਘੰਟੇ ਨੀਂਦ ਪੂਰੀ ਲਈ ਜਾਵੇ। ਉਨ੍ਹਾਂ ਕਿਹਾ ਕਿ ਸਾਰੇ ਦਿਨ ਵਿੱਚ ਕੁਝ ਸਮਾਂ ਆਪਣੇ ਲਈ ਵੀ ਕੱਢਣਾ ਚਾਹੀਦਾ ਹੈ। ਇਸ ਮੌਕੇ ਡਾ. ਜੋਤੀ ਕੌਂਸਲਰ ਓਟ ਸੈਂਟਰ ਸਿਵਲ ਹਸਪਤਾਲ ਗੁਰਦਾਸਪੁਰ ਨੇ ਦਿਮਾਗੀ ਸਿਹਤ ਬਾਰੇ ਵਿਸਥਾਰ ਵਿੱਚ ਲੈਕਚਰ ਦਿੱਤਾ ਅਤੇ ਸਮੂਹ ਸਟਾਫ਼ ਨੂੰ ਤਣਾਅ ਦੂਰ ਕਰਨ ਲਈ ਗਤੀਵਿਧੀਆਂ ਕਰਵਾਈਆਂ।

# 'ਨਾਮ ਪੱਟੀਆਂ' ਪੰਜਾਬੀ ਭਾਸ਼ਾ 'ਚ ਲਿਖਣ ਦੇ ਨਿਰਦੇਸ਼ ਜਾਰੀ



ਅੰਮ੍ਰਿਤਸਰ, ਧਾਰੀਵਾਲ (ਨਰਿੰਦਰਜੀਤ ਸਿੰਘ/ਮਨਦੀਪ ਸਿੰਘ ਵਿੱਕੀ)—ਅੰਮ੍ਰਿਤਸਰ ਦੇ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਪਰਮਜੀਤ ਸਿੰਘ ਕਲਸੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਵਿਭਾਗ ਦੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ ਵੱਲੋਂ ਵਿਭਾਗੀ ਪੱਤਰ ਜਾਰੀ ਕਰਕੇ ਇਹ ਹਦਾਇਤਾਂ ਕੀਤੀਆਂ ਹਨ ਕਿ ਪੰਜਾਬ ਰਾਜ ਦੇ ਸਮੂਹ ਸਰਕਾਰੀ, ਅਰਧ ਸਰਕਾਰੀ ਦਫ਼ਤਰਾਂ, ਪ੍ਰਾਈਵੇਟ ਸੰਸਥਾਵਾਂ, ਵਪਾਰਕ ਅਦਾਰਿਆਂ, ਸਕੂਲਾਂ\ਕਾਲਜਾਂ\ਯੂਨੀਵਰਸਿਟੀਆਂ, ਦੁਕਾਨਾਂ, ਸੜਕਾਂ, ਸਾਈਨ ਬੋਰਡਾਂ, ਮੀਲ ਪੱਥਰਾਂ ਦੇ ਬੋਰਡਾਂ ਦੇ ਨਾਮ ਤੇ ਨਾਮ ਪੱਟੀਆਂ ਨੂੰ 21 ਨਵੰਬਰ, 2023 ਤੱਕ ਪੰਜਾਬੀ (ਗੁਰਮੁਖੀ ਲਿਪੀ) ਵਿੱਚ ਪਹਿਲ ਦੇ ਆਧਾਰ ਤੇ ਲਿਖਣਾ ਯਕੀਨੀ ਬਣਾਉਣ।

ਇਹ ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਪਹਿਲਾਂ ਇਹ ਸਮਾਂ 21 ਫ਼ਰਵਰੀ, 2023 ਨਿਰਧਾਰਿਤ ਕੀਤਾ ਗਿਆ ਸੀ।

# ਬਾਬਾ ਜੱਲਣ ਕਲੋਨੀ ਤੇ ਝਬਾਲ ਕਲਾਂ ਵਿਖੇ ਫੌਗਿੰਗ ਕਰਵਾਈ



ਝਬਾਲ(ਹਰਜਿੰਦਰ ਸਿੰਘ ਸੋਨੀ)-ਸਿਵਲ ਸਰਜਨ ਤਰਨਤਾਰਨ ਡਾ. ਗੁਰਪ੍ਰੀਤ ਸਿੰਘ ਰਾਏ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਅਮਨਦੀਪ ਸਿੰਘ ਅਤੇ ਡਾ. ਸਿਮਰਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਡਾ. ਰਾਜੂ ਚੌਹਾਨ ਸੀਨੀਅਰ ਮੈਡੀਕਲ ਅਫਸਰ ਝਬਾਲ ਦੀ ਰਹਿਨੁਮਾਈ ਹੇਠ ਡੇਂਗੂ ਅਤੇ ਚਿਕਨਗੁਨੀਆ ਤਹਿਤ ਅੱਡਾ ਝਬਾਲ ਦੀ ਬਾਬਾ ਜੱਲਣ ਕਲੋਨੀ ਅਤੇ ਝਬਾਲ ਕਲਾਂ ਵਿਖੇ ਫੌਗਿੰਗ ਕਰਵਾਈ ਗਈ।

ਲੋਕਾਂ ਨੂੰ ਦੱਸਿਆ ਗਿਆ ਕਿ ਸਰਕਾਰੀ ਸਿਹਤ ਸੰਸਥਾਵਾਂ ਵਿਚ ਡੇਂਗੂ ਦਾ ਟੈਸਟ ਅਤੇ ਇਲਾਜ ਮੁਫਤ ਕੀਤਾ ਜਾਂਦਾ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਮੈਡੀਕਲ ਅਫਸਰ ਡਾ. ਸੂਰਜਪਾਲ ਨੇ ਦੱਸਿਆ ਕਿ ਲੋੜੀਂਦੀਆਂ ਥਾਵਾਂ ਤੇ ਫੋਗਿੰਗ ਅਤੇ ਸਪਰੇਅ ਵੀ ਕਰਵਾਈ ਜਾਂਦੀ ਹੈ। ਲੋਕਾਂ ਨੂੰ ਡੇਂਗੂ ਤੋਂ ਬਚਾਅ ਪ੍ਰਤੀ ਰਾਮ ਰਛਪਾਲ ਧਵਨ ਅਤੇ ਕਾਰਜ ਸਿੰਘ ਨੇ ਦੱਸਿਆ ਕਿ ਜੇਕਰ ਤੇਜ਼ ਬੁਖਾਰ, ਚਮੜੀ 'ਤੇ ਲਾਲ ਨਿਸ਼ਾਨ, ਮਾਸਪੇਸ਼ੀਆਂ 'ਚ ਦਰਦ, ਅੱਖਾਂ ਦੇ ਪਿਛਲੇ ਹਿੱਸੇ 'ਚ ਦਰਦ, ਵਰਗੇ ਲੱਛਣ ਹੋਣ ਤਾਂ ਤੁਰੰਤ ਨੇੜੇ ਦੀ ਸਿਹਤ ਸੰਸਥਾ ਨਾਲ ਸੰਪਰਕ ਕੀਤਾ ਜਾਵੇ। ਇਸ ਮੌਕੇ ਮਲਟੀਪਰਪਜ਼ ਹੈਲਥ ਵਰਕਰ ਵਿਕਰਮ ਸਿੰਘ, ਭੁਪਿੰਦਰ ਸਿੰਘ, ਅਮਨਦੀਪ ਸਿੰਘ ਅਤੇ ਪਿੰਡ ਦੇ ਮੋਹਤਬਰ ਹਾਜ਼ਰ ਸਨ।

# ਚੋਰ ਥਾਣੇਦਾਰ ਦੇ ਘਰੋਂ 20 ਹਜ਼ਾਰ ਨਕਦੀ ਤੇ ਹੋਰ ਸਾਮਾਨ ਲੈ ਕੇ ਫ਼ਰਾਰ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਦੀਨਾਨਗਰ ਪੁਲਿਸ ਨੇ ਇਕ ਥਾਣੇਦਾਰ ਦੇ ਘਰ ਵਿਚ ਚੋਰੀ ਕਰਨ ਵਾਲੇ ਨਾਮਲੂਮ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਏਐੱਸਆਈ ਸੁਰਜੀਤ ਸਿੰਘ ਪੁੱਤਰ ਲੇਟ ਮੇਲਾ ਸਿੰਘ ਵਾਸੀ ਰਾਗਵ ਇਨਕਲੇਵ ਨੇੜੇ ਗੋਬਿੰਦ ਨਰਸਰੀ ਦੀਨਾਨਗਰ ਨੇ ਦੱਸਿਆ ਕਿ ਮੈਂ ਮਹਿਕਮਾ ਪੰਜਾਬ ਪੁਲਸ ਵਿੱਚ ਜ਼ਿਲ੍ਹਾ ਪਠਾਨਕੋਟ ਵਿਖੇ ਨੌਕਰੀ ਕਰਦਾ ਹਾਂ। 08.10.23 ਨੂੰ ਮੇਰੀ ਪਤਨੀ ਅਤੇ ਬੇਟੀ ਸਵੇਰੇ ਦਰਬਾਰ ਸਾਹਿਬ ਅੰਮ੍ਰਿਤਸਰ ਮੱਥਾ ਟੇਕਣ ਚਲੀਆਂ ਗਈਆਂ ਅਤੇ ਮੈਂ ਆਪਣੇ ਘਰ ਨੂੰ ਤਾਲਾ ਲਗਾ ਕੇ ਆਪਣੀ ਡਿਊਟੀ 'ਤੇ ਚਲਾ ਗਿਆ। ਜਦੋਂ ਮੈਂ ਆਪਣੀ ਡਿਊਟੀ ਤੋਂ ਘਰ ਵਾਪਸ ਆ ਕੇ ਦੇਖਿਆ ਤਾਂ ਲਾਬੀ ਦਾ ਮੇਨ ਸ਼ੀਸ਼ਾ ਟੁੱਟਿਆ ਹੋਇਆ ਸੀ। ਘਰ ਦਾ ਮੇਨ ਦਰਵਾਜ਼ਾ ਖੋਲ੍ਹਿਆ ਤਾਂ ਸਾਹਮਣੇ ਕਮਰੇ ਵਿੱਚ ਸਾਮਾਨ ਖਿਲਰਿਆ ਹੋਇਆ ਸੀ। ਦੇਖਣ 'ਤੇ ਪਤਾ ਚੱਲਿਆ ਕਿ ਦੂਸਰੇ ਕਮਰੇ ਵਿੱਚ ਪਈ ਲੋਹੇ ਦੀ ਅਲਮਾਰੀ ਦਾ ਲਾਕਰ ਤੋੜ ਕੇ 20 ਹਜ਼ਾਰ ਰੁਪਏ ਦੇ ਕਰੀਬ ਕੈਸ਼ ਅਤੇ ਹੋਰ ਕੀਮਤੀ ਸਾਮਾਨ ਅਣਪਛਾਤੇ ਵਿਅਕਤੀ ਚੋਰੀ ਕਰਕੇ ਲੈ ਗਏ ਹਨ। ਪੁਲਸ ਨੇ ਨਾਮਲੂਮ ਵਿਅਕਤੀਆਂ ਖ਼ਿਲਾਫ਼ 454, 38 ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਸਾਬਕਾ ਸੈਨਿਕ ਵੈੱਲਫੇਅਰ ਕਮੇਟੀ ਪੰਜਾਬ ਦੀ ਜ਼ਿਲ੍ਹਾ ਪੱਧਰੀ ਮੀਟਿੰਗ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸਾਬਕਾ ਸੈਨਿਕ ਵੈੱਲਫੇਅਰ ਕਮੇਟੀ ਪੰਜਾਬ ਦੀ ਮੀਟਿੰਗ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਖੋਖਰ ਫੌਜੀਆਂ ਵਿੱਚ ਕਮੇਟੀ ਦੇ ਜ਼ਿਲ੍ਹਾ ਮੁੱਖ ਬੁਲਾਰੇ ਪ੍ਰਭਜੀਤ ਸਿੰਘ ਬਖਤਪੁਰਾ,ਜ਼ਿਲ੍ਹਾ ਪ੍ਰਧਾਨ ਸੂਬੇਦਾਰ ਹਰਪਾਲ ਸਿੰਘ ਅਤੇ ਸੀਨੀਅਰ ਅਡਵਾਈਜਰ ਨਰਿੰਦਰਪਾਲ ਸਿੰਘ ਭੰਗੂ ਦੀ ਸਾਂਝੀ ਅਗਵਾਈ ਵਿੱਚ ਹੋਈ। ਮੀਟਿੰਗ ਵਿੱਚ ਕਮੇਟੀ ਦੇ ਸੂਬਾ ਜਰਨਲ ਸੈਕਟਰੀ ਰਤਨ ਸਿੰਘ ਅਜਨਾਲਾ ਨੇ ਵਿਸ਼ੇਸ਼ ਤੌਰ ਤੇ ਸਿਰਕਤ ਕੀਤੀ। ਮੀਟਿੰਗ ਦੌਰਾਨ ਸਾਬਕਾ ਸੈਨਿਕਾਂ ਦੀਆਂ ਮੰਗਾਂ/ਮਸਲਿਆਂ ਸਬੰਧੀ ਵਿਚਾਰ ਵਟਾਂਦਰਾ ਕਰਦਿਆਂ ਕਮੇਟੀ ਆਗੂਆਂ ਨੇ ਸਾਬਕਾ ਸੈਨਿਕਾਂ ਨੂੰ ਉਨ੍ਹਾਂ ਦੀਆਂ ਹੱਕੀ ਮੰਗਾਂ ਬਾਰੇ ਜਾਣੂ ਕਰਵਾਇਆ ਅਤੇ ਹੱਕਾਂ ਦੀ ਪ੍ਰਾਪਤੀ ਲਈ ਆਉਣ ਵਾਲੇ ਸਮੇਂ ਵਿੱਚ ਕੀਤੇ ਜਾਣ ਵਾਲੇ ਹਰ ਸੰਘਰਸ਼ ਲਈ ਤਿਆਰ ਰਹਿਣ ਲਈ ਪ੍ਰੇਰਿਤ ਕੀਤਾ। ਸਾਬਕਾ ਸੈਨਿਕ ਵੈੱਲਫੇਅਰ ਕਮੇਟੀ ਪੰਜਾਬ ਦੇ ਆਗੂਆਂ ਨੇ ਕੇਂਦਰ ਕੋਲੋਂ ਮੰਗ ਕੀਤੀ ਹੈ ਕਿ ਸਾਬਕਾ ਸੈਨਿਕਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਵਨ ਰੈਂਕ ਵਨ ਪੈਨਸ਼ਨ, ਡਿਸਬੇਲਟੀ ਪੈਨਸ਼ਨ ਅਤੇ ਵਿਧਵਾ ਪੈਨਸ਼ਨ ਵਿਚਾਲੇ ਫਰਕ ਨੂੰ ਦੂਰ ਕੀਤਾ ਜਾਵੇ, ਨਹੀਂ ਤਾਂ ਮੰਗਾਂ ਨੂੰ ਲੈ ਕੇ ਆਉਣ ਵਾਲੇ ਸਮੇਂ ਵਿੱਚ ਤਿੱਖਾ ਸੰਘਰਸ਼ ਕੀਤਾ ਜਾਵੇ। ਮੀਟਿੰਗ ਵਿੱਚ ਬਾਬਾ ਸਤਨਾਮ ਸਿੰਘ, ਸੂਬੇਦਾਰ ਜਸਵੰਤ ਸਿੰਘ, ਹਵਾਲਦਾਰ ਰੇਸ਼ਮ ਸਿੰਘ, ਹਵਾਲਦਾਰ ਰਾਜਿੰਦਰ ਸਿੰਘ, ਸੂਬੇਦਾਰ ਕੁਲਦੀਪ ਸਿੰਘ, ਸੂਬੇਦਾਰ ਹਰਮੀਤ ਸਿੰਘ, ਸੂਬੇਦਾਰ ਮੇਜਰ ਸਤਨਾਮ ਸਿੰਘ, ਕੈਪਟਨ ਅਜੀਤ ਸਿੰਘ, ਹਵਾਲਦਾਰ ਹਰਜੀਤ ਸਿੰਘ, ਹਵਾਲਦਾਰ ਮਨਪ੍ਰੀਤ ਸਿੰਘ, ਹਵਾਲਦਾਰ ਦਲਬੀਰ ਸਿੰਘ, ਹਵਾਲਦਾਰ ਬਲਵਿੰਦਰ ਸਿੰਘ, ਸੂਬੇਦਾਰ ਗੁਰਬਾਜ ਸਿੰਘ, ਹਵਾਲਦਾਰ ਨਿਰਮਲ ਸਿੰਘ, ਹਵਾਲਦਾਰ ਨਿਸ਼ਾਨ ਸਿੰਘ ਆਦਿ ਸਾਬਕਾ ਸੈਨਿਕ ਸ਼ਾਮਲ ਸਨ।

# ਚੰਬਾ ਕਲਾਂ 'ਚ ਕਾਂਗਰਸ ਨੂੰ ਵੱਡਾ ਹੁੰਗਾਰਾ



ਮੀਆਂਵਿੰਡ (ਰਵੀ ਖਹਿਰਾ)-ਹਲਕਾ ਖਡੂਰ ਸਾਹਿਬ ਦੇ ਅਧੀਨ ਪੈਂਦੇ ਪਿੰਡ ਚੰਬਾ ਕਲਾਂ ਵਿਖੇ ਕਾਂਗਰਸ ਪਾਰਟੀ ਨੂੰ ਉਸ ਸਮੇਂ ਵੱਡਾ ਹੁੰਗਾਰਾ ਮਿਲਿਆ ਜਦ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਦੀ ਅਗਵਾਈ ਹੇਠ ਅਤੇ ਸਮੁੱਚੀ ਪੰਚਾਇਤ ਤੇ ਮੋਹਤਬਰਾਂ ਦੀ ਪ੍ਰੇਰਨਾ ਨਾਲ ਪਿੰਡ ਦੇ ਦਰਜਨਾਂ ਪਰਿਵਾਰ ਅੱਜ ਜੈਕਾਰਿਆਂ ਤੇ ਨਾਅਰਿਆਂ ਦੀ ਗੂੰਜ ਵਿੱਚ ਆਮ ਆਦਮੀ ਪਾਰਟੀ ਤੇ ਅਕਾਲੀ ਦਲ ਛੱਡ ਕੇ ਕਾਂਗਰਸ ਪਾਰਟੀ 'ਚ ਸ਼ਾਮਿਲ ਹੋ ਗਏ ਜਿਨ੍ਹਾਂ ਵਿੱਚ ਠੇਕੇਦਾਰ ਗੁਰਵਿੰਦਰ ਸਿੰਘ, ਗੁਰਜੰਟ ਸਿੰਘ, ਗੁਰਭੇਜ ਸਿੰਘ, ਗੁਰਲਾਲ ਸਿੰਘ, ਦਲਬੀਰ ਸਿੰਘ ਮੌਜ, ਮਨਜਿੰਦਰ ਸਿੰਘ, ਗੁਰਜਿੰਦਰ ਸਿੰਘ, ਮਿਸਤਰੀ ਵਰਿੰਦਰ ਸਿੰਘ, ਇਕਬਾਲ ਸਿੰਘ, ਹਰਪਾਲ ਸਿੰਘ ਆਦਿ ਆਪਣੇ ਪਰਿਵਾਰਾਂ ਸਮੇਤ ਕਾਂਗਰਸ ਪਾਰਟੀ 'ਚ ਸ਼ਾਮਿਲ ਹੋਏ। ਉਨ੍ਹਾਂ ਨੂੰ ਸਾਬਕਾ ਵਿਧਾਇਕ ਸਿੱਕੀ ਨੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਅਤੇ ਕਿਹਾ ਕਿ ਇਨ੍ਹਾਂ ਪਰਿਵਾਰਾਂ ਨੂੰ ਪਾਰਟੀ ਵਿਚ ਪੂਰਾ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ।

# ਪਰਾਲੀ ਤੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਸਬੰਧੀ ਲੇਖ ਮੁਕਾਬਲੇ ਕਰਵਾਏ



**ਟਾਂਗਰਾ (ਲਾਡੀ ਮੱਲ੍ਹੀ)**-ਡਿਪਟੀ ਕਮਿਸ਼ਨਰ ਅੰਮ੍ਰਿਤਸਰ ਅਮਿਤ ਤਲਵਾੜ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਮੁੱਖ ਖੇਤੀਬਾੜੀ ਅਫਸਰ ਅੰਮ੍ਰਿਤਸਰ ਡਾ. ਜਤਿੰਦਰ ਸਿੰਘ ਗਿੱਲ ਦੀਆਂ ਹਦਾਇਤਾਂ ਅਨੁਸਾਰ ਅਤੇ ਖੇਤੀਬਾੜੀ ਅਫਸਰ ਡਾ. ਗੁਰਮੀਤ ਸਿੰਘ ਰਿਆੜ ਦੀ ਯੋਗ ਅਗਵਾਈ ਹੇਠ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮੱਤੇਵਾਲ ਵਿਖੇ ਸਕੂਲ ਦੇ ਵਿਦਿਆਰਥੀਆਂ ਦੇ ਝੋਨੇ ਦੀ ਪਰਾਲੀ ਜਾਂ ਫਸਲਾਂ ਦੀ ਰਹਿੰਦ ਖੂੰਹਦ ਨੂੰ ਅੱਗ ਨਾ ਲਗਾਉਣ ਸਬੰਧੀ ਲੇਖ ਮੁਕਾਬਲੇ ਕਰਵਾਏ ਗਏ। ਹੋਣਹਾਰ ਸਕੂਲੀ ਵਿਦਿਆਰਥੀਆਂ ਵੱਲੋਂ ਆਪਣੇ ਲੇਖ ਰਾਹੀਂ ਪਰਾਲੀ ਦੀ ਮਹੱਤਤਾ ਬਾਰੇ, ਪਰਾਲੀ ਸਾੜਨ ਦੇ ਨੁਕਸਾਨ ਅਤੇ ਨਾ ਸਾੜਨ ਦੇ ਫਾਇਦੇ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਇਸ ਮੌਕੇ ਡਾ. ਹਰਉਪਿੰਦਰਜੀਤ ਸਿੰਘ ਖੇਤੀ ਵਿਕਾਸ ਅਫਸਰ ਤਰਸਿੱਕਾ ਵੱਲੋਂ ਵਾਤਾਵਰਨ ਦੀ ਸ਼ੁੱਧਤਾ ਲਈ ਪਰਾਲੀ ਨਾ ਸਾੜਨ, ਪਰਾਲੀ ਦੀਆਂ ਮੁਫਤ ਗੱਠਾਂ ਬਣਵਾਉਣ ਅਤੇ ਇਸ ਨੂੰ ਮਿੱਟੀ ਵਿੱਚ ਮਿਲਾਉਣ ਨਾਲ ਮਿੱਟੀ ਦੇ ਉਪਜਾਊ ਸ਼ਕਤੀ ਵਧਾਉਣ ਬਾਰੇ ਤਕਨੀਕੀ ਨੁਕਤੇ ਸਕੂਲ ਦੀ ਵਿਦਿਆਰਥੀਆਂ ਨਾਲ ਸਾਂਝੇ ਕੀਤੇ। ਵਿਦਿਆਰਥੀ ਦੇਸ਼ ਦਾ ਭਵਿੱਖ ਹੁੰਦੇ ਹਨ। ਇਸ ਕਰਕੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਮਾਪਿਆਂ ਅਤੇ ਆਂਢ-ਗੁਆਂਢ ਕਿਸਾਨਾਂ ਨੂੰ ਇਹ ਸੁਨੇਹਾ ਜ਼ਰੂਰ ਦੇਣ ਕਿ ਪਰਾਲੀ ਨੂੰ ਨਾ ਸਾੜ ਕੇ ਵਾਤਾਵਰਣ ਨੂੰ ਪਲੀਤ ਹੋਣ ਤੋਂ ਬਚਾਇਆ ਜਾ ਸਕੇ। ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਇਨਾਮੀ ਰਾਸ਼ੀ ਦੇ 2500,1500 ਅਤੇ 1000 ਦੇ ਡੰਮੀ ਚੈੱਕ ਵੀ ਦਿੱਤੇ ਗਏ ਅਤੇ ਸਰਟੀਫਿਕੇਟ ਵੀ ਵੰਡੇ ਗਏ। ਇਸ ਮੌਕੇ ਪ੍ਰਿੰ. ਮੈਡਮ ਪਰਮਿੰਦਰ ਕੌਰ, ਕੁਲਦੀਪ ਸਿੰਘ ਇੰਗਲਿਸ਼ ਲੈਕਚਰਾਰ, ਦਲਜਿੰਦਰ ਕੌਰ ਇੰਗਲਿਸ਼ ਮਿਸਟਰੈੱਸ, ਜਸਵਿੰਦਰ ਸਿੰਘ ਇਕਨੌਮਿਕਸ ਲੈਕਚਰਾਰ, ਲਖਵਿੰਦਰ ਕੌਰ ਲਾਇਬਰੇਰੀ ਮਿਸਟਰੈੱਸ, ਖੇਤੀਬਾੜੀ ਵਿਸਥਾਰ ਅਫਸਰ ਹਜ਼ੂਰ ਸਿੰਘ, ਜਗਤਾਰ ਸਿੰਘ, ਗੁਰਪ੍ਰੀਤ ਕੌਰ, ਬੀਡੀਐਮ ਬਲਜਿੰਦਰ ਸਿੰਘ, ਏਟੀਐੱਮ ਜਸਬੀਰ ਸਿੰਘ, ਸੁਪਰਵਾਈਜ਼ਰ ਗੁਰਦੀਪ ਸਿੰਘ, ਹਰਮਨਜੀਤ ਸਿੰਘ ਆਦਿ ਹਾਜ਼ਰ ਸਨ।

# ਸੇਮ ਨਾਲੇ ਦੀ ਸਫ਼ਾਈ ਤੇ ਡੂੰਘਾਈ ਨਾ ਹੋਣ ਕਾਰਨ ਲੋਕ ਪ੍ਰੇਸ਼ਾਨ



ਗੁਰਦਾਸਪੁਰ (ਜਨਕ ਮਹਾਜਨ)-ਗੁਰਦਾਸਪੁਰ-ਪੰਡੋਰੀ ਰੋਡ ਵਿਚਕਾਰ ਪਿੰਡ ਮਾਨਕੋਰ ਸਿੰਘ ਤੋਂ ਥੋੜੀ ਅੱਗੇ ਵਗਦੇ ਸੇਮ ਨਾਲੇ ਦੀ ਸਫ਼ਾਈ ਤੇ ਡੂੰਘਾਈ ਨਾ ਹੋਣ ਕਾਰਨ ਇਸ ਵਿਚ ਬੇਤਹਾਸ਼ਾ ਜੰਗਲੀ ਘਾਹ ਬੂਟੀ ਆਦਿ ਉੱਗੀ ਪਈ ਹੈ ਜਿਸ ਨਾਲ ਵਰਖਾ ਦੇ ਦਿਨਾਂ ਵਿਚ ਪਾਣੀ ਦਾ ਵਹਾਅ ਠੀਕ ਢੰਗ ਨਾਲ ਨਹੀਂ ਹੁੰਦਾ। ਇਲਾਕਾ ਵਾਸੀਆਂ ਦਾ ਪੰਜਾਬ ਸਰਕਾਰ ਤੇ ਡਰੇਨੇਜ ਵਿਭਾਗ ਖ਼ਿਲਾਫ਼ ਭਾਰ ਰੋਸ ਪਾਇਆ ਜਾ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਸੜਕ ਗੁਰਦਾਸਪੁਰ ਤੋਂ ਇਤਿਹਾਸਕ ਸਥਾਨ ਪੰਡੋਰੀ ਧਾਮ ਨੂੰ ਜਾਂਦੀ ਜੋ ਉੱਤਰ ਭਾਰਤ ਦਾ ਇਕ ਵੱਡਾ ਤੀਰਥ ਸਥਾਨ ਹੈ, ਇਸ ਲਈ ਸੜਕ 'ਤੇ ਕਾਫ਼ੀ ਗਹਿਮੋ-ਗਹਿਮੀ ਰਹਿੰਦੀ ਹੈ। ਸੇਮ ਨਾਲੇ ਦੀ ਪੁਲੀ ਤੋਂ ਗੁਜ਼ਰਨ ਵੇਲੇ ਬਦਬੂ ਆਉਣ ਕਾਰਨ ਲੋਕਾਂ ਨੂੰ ਕਾਫ਼ੀ ਪ੍ਰੇਸ਼ਾਨੀ ਹੁੰਦੀ ਹੈ। ਮੌਜੂਦਾ ਸਮੇਂ ਸੇਮ ਨਾਲੇ ਵਿਚ ਵੱਡੀ ਮਾਤਰਾ ਵਿਚ ਜੰਗਲੀ ਘਾਹ ਬੂਟੀ ਆਦਿ ਉੱਗੀ ਪਈ ਹੈ ਅਤੇ ਗੰਦਾ ਪਾਣੀ ਵੀ ਖੜ੍ਹਾ ਰਹਿੰਦਾ ਹੈ। ਜ਼ਿਕਰਯੋਗ ਹੈ ਕਿ ਪੁਲ ਦੀ ਰੇਲਿੰਗ ਵੀ ਟੁੱਟ ਭੱਜ ਗਈ ਹੈ ਜਿਸ ਕਰਕੇ ਰਾਤ ਦੇ ਹਨੇਰੇ ਵਿਚ ਖ਼ਾਸ ਕਰਕੇ ਦੋ ਪਹੀਆ ਵਾਹਨਾਂ ਦਾ ਇਸ ਵਿਚ ਡਿਗਣ ਦਾ ਹਰ ਵੇਲੇ ਡਰ ਬਣਿਆ ਰਹਿੰਦਾ ਹੈ। ਲੋਕਾਂ ਨੇ ਸੰਬਧਿਤ ਵਿਭਾਗ ਪਾਸੋਂ ਮੰਗ ਕੀਤੀ ਕਿ ਨਾਲੇ ਸਫ਼ਾਈ ਤੇ ਡੂੰਘਾਈ ਕਰਵਾਉਣ ਤੋਂ ਪਹਿਲਾਂ ਇਸ ਦੀ ਟੁੱਟੀ ਭੱਜੀ ਰੇਲਿੰਗ ਦੀ ਮੁਰੰਮਤ ਵੀ ਕਰਵਾਈ ਜਾਵੇ ਜਿਸ ਨਾਲ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ।

# ਪਾਵਰਕੌਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਮੰਡਲ ਧਾਰੀਵਾਲ ਦੀ ਮੀਟਿੰਗ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪਾਵਰਕੌਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਦੇ ਮੰਡਲ ਯੂਨਿਟ ਧਾਰੀਵਾਲ ਦੀ ਮਹੀਨਾਵਾਰ ਮੀਟਿੰਗ ਹਰਕਿਰਪਾਲ ਸਿੰਘ ਸੋਹਲ ਦੀ ਪ੍ਰਧਾਨਗੀ ਹੇਠ 132 ਕੇਵੀ ਸਬ ਸਟੇਸ਼ਨ ਧਾਰੀਵਾਲ ਵਿਖੇ ਹੋਈ। ਮੀਟਿੰਗ ਵਿੱਚ ਯੂਨੀਅਨ ਦੇ ਸਰਕਲ ਪ੍ਰਧਾਨ ਹਜਾਰਾ ਸਿੰਘ ਗਿੱਲ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਇਸ ਮੌਕੇ ਸਰਕਲ ਪ੍ਰਧਾਨ ਹਜਾਰਾ ਸਿੰਘ ਗਿੱਲ, ਹਰਕਿਰਪਾਲ ਸਿੰਘ ਸੋਹਲ ਸਮੇਤ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਸਰਕਾਰ ਤੇ ਪਾਵਰਕੌਮ ਦੀ ਮੈਨੇਜਮੈਂਟ ਜਾਣਬੁੱਝ ਕੇ ਪੈਨਸ਼ਨਰਾਂ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਪ੍ਰਤੀ ਟਾਲਮਟੋਲ ਦੀ ਨੀਤੀ ਤੇ ਚੱਲ ਰਹੀ ਹੈ। ਪੈਨਸ਼ਨਰਾਂ ਦੀਆਂ ਮੰਗਾਂ ਜਿਵੇਂ ਕਿ 1-1-16 ਤੋਂ 30-6-21 ਤੱਕ ਸੋਧੇ ਸਕੇਲਾਂ ਦਾ ਬਕਾਇਆ, ਲੀਵ ਇਨ ਕੈਸ਼ਮੈਂਟ ਦੀ ਅਦਾਇਗੀ, ਪੈਨਸ਼ਨਾਂ 2.59 ਗੁਣਾਕ ਨਾਲ ਸੋਧਣਾ, ਪੈਨਸ਼ਨਾਂ ਦਾ ਬਕਾਇਆ ਯਕਮੁਸ਼ਤ ਅਦਾ ਕਰਨਾ ਆਦਿ। ਬੁਲਾਰਿਆਂ ਨੇ ਕਿਹਾ ਕਿ ਜੇਕਰ ਪੰਜਾਬ ਦੀ ਸਰਕਾਰ ਨੇ ਮੁਲਾਜ਼ਮਾਂ ਪੈਨਸ਼ਨਰਾਂ ਦੀਆਂ ਮੰਗਾਂ ਮਨਜ਼ੂਰ ਨਾ ਕੀਤੀਆਂ ਤਾਂ ਪੰਜਾਬ ਯੂਟੀ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੀ ਅਗਵਾਈ ਹੇਠ 14 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਵਿਸ਼ਾਲ ਧਰਨਾ ਦਿੱਤਾ ਜਾਏਗਾ ਅਤੇ ਸੁੱਤੀ ਸਰਕਾਰ ਦੇ ਕੰਨ ਖੋਲ੍ਹੇ ਜਾਣਗੇ। ਇਸ ਮੌਕੇ ਤਰਸੇਮ ਸਿੰਘ, ਹਰਦੀਪ ਸਿੰਘ ਖਹਿਰਾ, ਸਤਨਾਮ ਸਿੰਘ, ਹਰਭਜਨ ਸਿੰਘ, ਨਜੀਰ ਮਸੀਹ, ਸਵਰਨ ਮਸੀਹ, ਗੁਰਬਚਨ ਸਿੰਘ, ਗੁਰਪਾਲ ਸਿੰਘ, ਕਸ਼ਮੀਰ ਸਿੰਘ, ਸਤਪਾਲ ਸਿੰਘ, ਸੁਲੱਖਣ ਸਿੰਘ, ਜਸਬੀਰ ਸਿੰਘ, ਸਵਰਨ ਸਿੰਘ, ਸੁਖਵਿੰਦਰ ਸਿੰਘ, ਜੋਗਿੰਦਰ ਸਿੰਘ, ਕੁਲਵੰਤ ਸਿੰਘ, ਹਰਪਾਲ ਸਿੰਘ ਅਠਵਾਲ ਆਦਿ ਹਾਜ਼ਰ ਸਨ।

# ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਰਸਤਿਆਂ ਦੀ ਸਾਫ਼-ਸਫ਼ਾਈ ਵੱਲ ਵਿਸ਼ੇਸ਼ ਧਿਆਨ ਦੇਵੇ ਪ੍ਰਸ਼ਾਸਨ: ਪ੍ਰਤਾਪ ਸਿੰਘ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਰਸਤਿਆਂ ਦੀ ਸਾਫ਼-ਸਫਾਈ ਵੱਲ ਪ੍ਰਸ਼ਾਸਨ ਨੂੰ ਵਿਸ਼ੇਸ਼ ਧਿਆਨ ਦੇਣ ਲਈ ਕਿਹਾ ਹੈ। ਇਸ ਸਬੰਧੀ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪੂਰੇ ਵਿਸ਼ਵ ਦੇ ਲੋਕਾਂ ਲਈ ਆਸਥਾ ਦਾ ਕੇਂਦਰ ਹੈ। ਦੇਸ਼ ਵਿਦੇਸ਼ ਦੀਆਂ ਸੰਗਤਾਂ ਵੱਡੀ ਗਿਣਤੀ ਵਿਚ ਇਥੇ ਨਤਮਸਤਕ ਹੋਣ ਪੁੱਜਦੀਆਂ ਹਨ ਅਤੇ ਅੰਮ੍ਰਿਤਸਰ ਸਥਿਤ ਇਤਿਹਾਸਕ ਅਸਥਾਨਾਂ ਦੀ ਯਾਤਰਾ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਸਾਹਿਬ ਨੂੰ ਆਉਂਦੇ ਰਸਤਿਆਂ ਦੀ ਹਾਲਤ ਤਰਸਯੋਗ ਬਣੀ ਹੋਈ ਹੈ। ਸੁਲਤਾਨਵਿੰਡ ਗੇਟ ਤੋਂ ਬਜ਼ਾਰ ਕਹੀਆਂ ਵਾਲਾ ਦਾ ਰਸਤਾ ਕਈ ਥਾਵਾਂ ਤੋਂ ਟੁੱਟਿਆ ਹੋਇਆ ਹੈ ਅਤੇ ਦੋਹੀਂ ਪਾਸੀ ਪਾਣੀ ਦੀ ਨਿਕਾਸੀ ਵਾਲਾ ਨਾਲਾ ਬਾਹਰ ਵਹਿ ਰਿਹਾ ਹੈ। ਉਨ੍ਹਾਂ ਕਿਹਾ ਕਿ ਰਸਤੇ ਵਿਚ ਗੰਦਗੀ ਕਾਰਨ ਜਿਥੇ ਬਦਬੂ ਆਉਂਦੀ ਹੈ, ਉਥੇ ਹੀ ਜਾਮ ਲੱਗਣ ਕਰਕੇ ਸੰਗਤਾਂ ਨੂੰ ਭਾਰੀ ਮੁਸ਼ਕਲ ਪੇਸ਼ ਆਉਂਦੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਨੂੰ ਆਉਂਦੇ ਰਸਤਿਆਂ 'ਤੇ ਸੀਵਰੇਜ ਬੰਦ ਹੋਣ ਕਾਰਨ ਵੀ ਬਜ਼ਾਰਾਂ ਵਿਚ ਪਾਣੀ ਖੜ੍ਹ ਜਾਂਦਾ ਹੈ, ਜੋ ਸੰਗਤਾਂ ਲਈ ਭਾਰੀ ਮੁਸ਼ਕਲ ਦਾ ਕਾਰਨ ਬਣਦਾ ਹੈ। ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਕਈ ਵਾਰ ਸਰਕਾਰ ਅਤੇ ਪ੍ਰਸ਼ਾਸਨ ਨੂੰ ਪੱਤਰ ਲਿਖੇ ਗਏ ਹਨ ਅਤੇ ਅਧਿਕਾਰੀਆਂ ਨੂੰ ਟੈਲੀਫੋਨ ਕਰਕੇ ਵੀ ਇਸ ਪਾਸੇ ਧਿਆਨ ਦੇਣ ਲਈ ਕਿਹਾ ਗਿਆ ਹੈ। ਪਰੰਤੂ ਪ੍ਰਸ਼ਾਸਨ ਤੇ ਸਰਕਾਰ ਵੱਲੋਂ ਇਸ ਪਾਸੇ ਧਿਆਨ ਨਹੀਂ ਦਿੱਤਾ ਜਾਂਦਾ। ਸ਼੍ਰੋਮਣੀ ਕਮੇਟੀ ਸਕੱਤਰ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਦੁਨੀਆ ਭਰ ਤੋਂ ਸ਼ਰਧਾਲੂ ਆਉਂਦੇ ਹਨ ਅਤੇ ਸਰਕਾਰ ਨੂੰ ਚਾਹੀਦਾ ਹੈ ਕਿ ਸ੍ਰੀ ਦਰਬਾਰ ਸਾਹਿਬ ਨੂੰ ਆਉਂਦੇ ਰਸਤਿਆਂ ਵੱਲ ਵਿਸ਼ੇਸ਼ ਧਿਆਨ ਦੇਵੇ ਤਾਂ ਜੋ ਸ਼ਰਧਾਲੂ ਇਥੋਂ ਚੰਗਾ ਸੁਨੇਹਾ ਲੈ ਕੇ ਜਾਣ।

# ਸ ਸ ਸ ਸ ਸਕੂਲ ਬੂਹ 'ਚ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਵਿਚਾਰ ਗੋਸ਼ਟੀ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਫੋਰ ਐੱਸ ਸਕੂਲ ਬੂਹ ਹਰੀਕੇ ਪੱਤਣ ਵਿਖੇ ਪੰਜਾਬੀ ਭਾਸ਼ਾ ਨਾਲ ਸੰਬੰਧਤ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ 11ਵੀਂ, 12ਵੀਂ ਦੇ ਵਿਦਿਆਰਥੀਆਂ ਦੁਆਰਾ ਆਪਣੇ ਚੁਣੇ ਹੋਏ ਵਿਸ਼ਿਆਂ ਅਤੇ ਮੁੱਦਿਆਂ ਉੱਪਰ ਵਿਚਾਰ ਗੋਸ਼ਟੀ ਕੀਤੀ ਗਈ। ਵਿਦਿਆਰਥੀਆਂ ਨੇ ਪੰਜਾਬੀ ਭਾਸ਼ਾ ਨੂੰ ਮੁੜ ਤੋਂ ਸੁਰਜੀਤ ਕਰਨ ਲਈ ਇਸ ਦੀਆਂ ਪਰੰਪਰਾਵਾਂ, ਰੀਤੀ ਰਿਵਾਜਾਂ, ਸੱਭਿਆਚਾਰ ਦੀ ਖੂਬਸੂਰਤੀ ਇਸ ਦੇ ਅਮੀਰ ਵਿਰਸੇ ਅਤੇ ਵਿਲੱਖਣ ਵਿਰਾਸਤ ਨੂੰ ਮੁੜ ਪੈਰਾਂ ਸਿਰ ਕਰਨ ਲਈ ਆਪਣੀ ਸੋਚ ਦੇ ਰਾਹੀਂ ਬਹੁਤ ਹੀ ਪ੍ਰਭਾਵਸ਼ਾਲੀ ਵਿਚਾਰ ਪੇਸ਼ ਕੀਤੇ। ਵਿਦਿਆਰਥੀਆਂ ਦੁਆਰਾ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਉਤਪੱਤੀ ਬਾਰੇ ਲਹਿੰਦੇ ਪੰਜਾਬ ਵਿੱਚ ਪੰਜਾਬੀ ਭਾਸ਼ਾ ਦੇ ਵਿਸਥਾਰ ਬਾਰੇ, ਅਲੋਪ ਹੋ ਰਹੇ ਸੱਭਿਆਚਾਰ ਬਾਰੇ, ਗੁਰਮੁਖੀ ਲਿਪੀ ਦੇ ਬਾਰੇ, ਬਜ਼ੁਰਗਾਂ ਦੇ ਸਤਿਕਾਰ ਬਾਰੇ ਖਤਮ ਹੋ ਰਹੀਆਂ ਨੈਤਿਕ ਕਦਰਾਂ-ਕੀਮਤਾਂ ਬਾਰੇ, ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪੰਜਾਬ ਰਾਜ ਦੀਆਂ ਬੁਲੰਦੀਆਂ ਬਾਰੇ, ਜਰਨੈਲ ਹਰੀ ਸਿੰਘ ਨਲੂਆ, ਪੰਜਾਬੀ ਸਾਹਿਤ ਅਤੇ ਸਮਾਜ ਦੇ ਆਪਸੀ ਰਿਸ਼ਤੇ ਬਾਰੇ, ਲੋਕਾਂ ਵਿੱਚ ਪੰਜਾਬੀ ਭਾਸ਼ਾ ਵਿੱਚ ਲਿਖੀਆਂ ਪੁਸਤਕਾਂ ਪੜ੍ਹਨ ਦਾ ਸ਼ੌਕ ਕਿਵੇਂ ਪੈਦਾ ਕੀਤਾ ਜਾਵੇ, ਲੇਖਿਕਾਵਾਂ ਅਤੇ ਕਵਿਤਰੀਆਂ ਦੇ ਪੰਜਾਬੀ ਭਾਸ਼ਾ ਵਿੱਚ ਯੋਗਦਾਨ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਸੈਮੀਨਾਰ ਵਿੱਚ ਜੱਜਮੈਂਟ ਦੇਣ ਲਈ ਪ੍ਰੋਫੈਸਰ ਕੁਲਬੀਰ ਕੌਰ (ਪੰਜਾਬੀ ਵਿਭਾਗ ਲੈਕਚਰਾਰ ਕਾਲਜ, ਪੱਟੀ) ਦੁਆਰਾ ਵਿਸ਼ੇਸ਼ ਤੌਰ 'ਤੇ ਮੁੱਖ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ ਗਈ। ਉਨ੍ਹਾਂ ਦੁਆਰਾ ਵਿਦਿਆਰਥੀਆਂ ਨੂੰ ਕੁਝ ਸਵਾਲ ਵੀ ਕੀਤੇ ਗਏ ਅਤੇ ਪੰਜਾਬੀ ਭਾਸ਼ਾ ਨੂੰ ਵੱਧ ਤੋਂ ਵੱਧ ਪ੍ਰਫੁੱਲਿਤ ਕਰਨ ਲਈ ਆਪਣੇ ਕੀਮਤੀ ਸੁਝਾਅ ਪੇਸ਼ ਕੀਤੇ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਹਰੀ ਸਿੰਘ ਨਲੂਆ ਦੇ ਜੀਵਨ ਤੋਂ ਪ੍ਰੇਰਨਾ ਲੈਂਦਿਆਂ ਹੋਇਆਂ ਸੱਚੇ ਸੁੱਚੇ ਉੱਚ ਕਿਰਦਾਰ ਦੇ ਪੰਜਾਬੀ ਬਣਨ ਦਾ ਸੁਨੇਹਾ ਦਿੱਤਾ। ਵਿਦੇਸ਼ਾਂ ਦੀ ਬਜਾਏ ਆਪਣੇ ਪੰਜਾਬ ਅਤੇ ਦੇਸ਼ ਦੀ ਤਰੱਕੀ ਵਿੱਚ ਵਡਮੁੱਲਾ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਵਿਦੇਸ਼ਾਂ ਦੀ ਗੁਲਾਮੀ ਦੇ ਨਾਲੋਂ ਆਪਣੇ ਦੇਸ਼ ਵਿੱਚ ਇੱਜ਼ਤ ਨਾਲ ਕਮਾਈ ਹੋਈ ਰੁੱਖੀ-ਮਿੱਸੀ ਖਾਓ ਅਤੇ ਆਪਣੇ ਪਰਿਵਾਰ ਨਾਲ ਸਮਾਂ ਬਿਤਾਓ। ਮੋਬਾਇਲ ਫੋਨ ਤੋਂ ਦੂਰੀ ਬਣਾ ਕੇ ਰੱਖੋ। ਸਕੂਲ ਮੈਨੇਜਿੰਗ ਡਾਇਰੈਕਟਰ ਸਤੀਸ਼ ਕੁਮਾਰ ਅਤੇ ਪ੍ਰਿੰ. ਮੈਡਮ ਸੰਦੀਪ ਕੌਰ ਵੱਲੋਂ ਉਨ੍ਹਾਂ ਦਾ ਵਿਸ਼ੇਸ਼ ਧੰਨਵਾਦ ਸਨਮਾਨ ਕੀਤਾ ਗਿਆ।

# ਇੰਸਪੈਕਟਰ ਰਘਬੀਰ ਸਿੰਘ ਦੀ ਲਾਸਾਨੀ ਸ਼ਹਾਦਤ ਨੂੰ ਨਾਰੀ ਸ਼ਕਤੀ ਵੱਲੋਂ ਸਿਜਦਾ



ਅੰਮ੍ਰਿਤਸਰ (ਨਰਿੰਦਰਜੀਤ ਸਿੰਘ)—ਸਠਿਆਲਾ ਪਿੰਡ ਦੇ ਜੰਮਪਲ ਸ਼ਹੀਦ ਇੰਸਪੈਕਟਰ ਰਘਬੀਰ ਸਿੰਘ ਜੋ ਕਿ 300 ਤੋਂ ਵੱਧ ਦੇਸ਼ ਵਿਰੋਧੀ ਤਾਕਤਾਂ ਨਾਲ ਲੜਦੇ ਹੋਏ ਆਪਣੀ ਦਲੇਰਾਨਾ ਸ਼ਹਾਦਤ ਉਪਰੰਤ ਭਾਰਤ ਸਰਕਾਰ ਦੇ ਰਾਸ਼ਟਰਪਤੀ ਪੁਲਸ ਮੈਡਲ ਨਾਲ ਸਨਮਾਨੇ ਗਏ ਸਨ, ਦੀ ਵੀਰਨਾਰੀ ਪਤਨੀ ਬਲਜੀਤ ਕੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 11 ਅਕਤੂਬਰ ਨੂੰ ਸਥਾਨਕ ਸ਼ਹੀਦ ਇੰਸਪੈਕਟਰ ਰਘਬੀਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਸੀਆਰਪੀਐੱਫ਼ ਗਰੁੱਪ ਸੈਂਟਰ ਜਲੰਧਰ ਦੇ ਡੀਆਈਜੀ ਗੁਰਸ਼ਕਤੀ ਸਿੰਘ ਸੋਢੀ ਅਤੇ ਭਾਰਤ ਸਰਕਾਰ ਦੀ ਸੀਆਰਪੀਐੱਫ਼ ਦੀ ਪੁਲਸ ਦੇ ਡਾਇਰੈਕਟਰ ਜਨਰਲ ਦੀ ਅਗਵਾਈ ਵਿੱਚ ਰਵਾਨਾ ਕੀਤੀ ਗਈ ਸ੍ਰੀਨਗਰ ਤੋਂ ਕੰਨਿਆ ਕੁਮਾਰੀ ਤੱਕ ਮੋਟਰਸਾਈਕਲ ਰੈਲੀ ਦੀਆਂ 50 ਸੀਆਰਪੀਐੱਫ਼ ਮਹਿਲਾਵਾਂ ਵੱਲੋਂ ਵਿਸ਼ੇਸ਼ ਰੂਪ ਵਿੱਚ ਸ਼ਹੀਦ ਇੰਸਪੈਕਟਰ ਰਘਬੀਰ ਸਿੰਘ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਨ ਲਈ ਵਿਸ਼ੇਸ਼ ਸ਼ਰਧਾਂਜਲੀ ਦਿੱਤੀ ਜਾਵੇਗੀ। ਇਸ ਮੌਕੇ ਸ਼ਹੀਦ ਦੇ ਪਰਿਵਾਰ ਵੱਲੋਂ 25 ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਪੂਰੇ ਭਾਰਤ ਵਿੱਚ ਨਾਰੀ ਤਾਕਤ ਨੂੰ ਮਜ਼ਬੂਤ ਕਰਨ ਲਈ ਅਤੇ ਭਾਰਤ ਵਾਸੀਆਂ ਵਿੱਚ ਦੇਸ਼ ਭਗਤੀ ਦੇ ਜਜ਼ਬੇ ਨੂੰ ਹੋਰ ਉਤਸ਼ਾਹਿਤ ਕਰਨ ਲਈ ਸ਼ਾਮਿਲ ਹੋਈਆਂ 50 ਸੀਆਰਪੀਐੱਫ਼ ਮਹਿਲਾਵਾਂ ਦਾ ਵਿਸ਼ੇਸ਼ ਰੂਪ ਵਿੱਚ ਸਵਾਗਤ ਕਰਨ ਦੇ ਨਾਲ-ਨਾਲ ਸਨਮਾਨਿਤ ਵੀ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਮੁੱਖ ਮਹਿਮਾਨ ਦੇ ਰੂਪ ਵਿੱਚ ਡੀਆਈਜੀ ਸੀਆਰਪੀਐੱਫ਼ ਗੁਰਸ਼ਕਤੀ ਸਿੰਘ ਸੋਢੀ, ਆਈਪੀਐੱਸ ਸ਼ਿਰਕਤ ਕਰਨਗੇ, ਜਦੋਂਕਿ ਵਿਸ਼ੇਸ਼ ਮਹਿਮਾਨਾਂ ਵਿੱਚ ਸ਼ਹੀਦ ਦਾ ਨੌਜਵਾਨ ਪੁੱਤਰ ਤਹਿਸੀਲਦਾਰ ਅੰਮ੍ਰਿਤਬੀਰ ਸਿੰਘ ਸ਼ਮੂਲੀਅਤ ਕਰਨਗੇ। ਸ਼ਹੀਦ ਇੰਸਪੈਕਟਰ ਰਘਬੀਰ ਸਿੰਘ ਨੂੰ ਸਮਰਪਿਤ ਵਰਲਡਵਾਈਡ ਵੈੱਲਫੇਅਰ ਸੁਸਾਇਟੀ ਅਤੇ ਪ੍ਰਿੰ. ਅਵਤਾਰ ਕੌਰ ਸਠਿਆਲਾ ਇਸ ਸਮਾਰੋਹ ਵਿੱਚ ਸਹਿਯੋਗ ਕਰਨਗੇ।

ਕੇਂਦਰੀ ਪੰਜਾਬੀ ਲੇਖਕ ਸਭਾ ਪੰਜਾਬ ਦੇ ਮੀਤ ਪ੍ਰਧਾਨ ਸ਼ਲੇਂਦਰਜੀਤ ਸਿੰਘ ਰਾਜਨ, ਸਤਨਾਮ ਸਿੰਘ ਸੱਤਾ ਜਸਪਾਲ, ਜਸਮੇਲ ਸਿੰਘ ਜੋਧੇ, ਗਾਇਕ ਮੱਖਣ ਭੈਣੀਵਾਲਾ ਤੇ ਸਕੂਲ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਦੇ ਗੀਤਾਂ ਦਾ ਗਾਇਨ ਵੀ ਕੀਤਾ ਜਾਵੇਗਾ।

# 'ਨਸ਼ਾ ਨਹੀਂ ਕਰਾਂਗੇ ਤੇ ਚੰਗੇ ਨਾਗਰਿਕ ਬਣਾਂਗੇ'







**ਕਪੂਰਥਲਾ**-ਅਮਰਿੰਦਰ ਸਿੰਘ ਗਰੇਵਾਲ, ਜ਼ਿਲ੍ਹਾ ਅਤੇ ਸੈਸ਼ਨ ਜੱਜ ਕਪੂਰਥਲਾ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਕਪੂਰਥਲਾ ਅਤੇ ਸੀ ਜੇ ਐੱਮ ਅਮਨਦੀਪ ਕੌਰ ਚਾਹਲ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀਆਂ ਦਿਸ਼ਾ ਨਿਰਦੇਸ਼ ਅਨੁਸਾਰ ਡੀ-ਅਡਿਕਸ਼ਨ ਸੈਂਟਰ ਕਪੂਰਥਲਾ, ਸਿਵਲ ਹਸਪਤਾਲ ਵਿੱਚ ਨਸ਼ਾ ਛੁਡਾਊ ਕੇਂਦਰ ਵਿੱਚ ਸਤਪਾਲ ਚੀਫ ਲੀਗਲ ਏਡ ਡਿਫੈਂਸ ਕੌਂਸਲ ਅਤੇ ਹਰੀਸ਼ ਪੁਰੀ ਡਿਪਟੀ ਲੀਗਲ ਏਡ ਡਿਫੈਂਸ ਕੌਂਸਲ ਵੱਲੋਂ ਸੈਮੀਨਾਰ ਲਗਾਇਆ ਗਿਆ। ਡਾਕਟਰ ਕੁਲਦੀਪ ਭੋਲਾ ਵੱਲੋਂ ਮੈਂਟਲ ਹੈਲਥ ਦੇ ਵੱਖ-ਵੱਖ ਡਾਕਟਰੀ ਪਹਿਲੂਆਂ ਤੇ ਸਤਪਾਲ ਚੀਫ ਲੀਗਲ ਏਡ ਡਿਫੈਂਸ ਕਾਉਂਸਲ ਵੱਲੋਂ ਨੌਜਵਾਨਾਂ ਨੂੰ ਨਸ਼ਾ ਛੱਡਣ ਅਤੇ ਨਸ਼ਾ ਨਾ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਚਲਾਏ ਜਾਣ ਵਾਲੇ ਨਸ਼ਿਆਂ ਦੇ ਖਿਲਾਫ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ ਅਤੇ ਹਰੀਸ਼ ਪੁਰੀ ਡਿਪਟੀ ਲੀਗਲ ਏਡ ਡਿਫੈਂਸ ਕਾਉਂਸਲ ਨੇ ਡੀ-ਅਡਿਕਸ਼ਨ ਕਾਨੂੰਨ ਦੀਆਂ ਧਰਾਵਾਂ ਬਾਰੇ ਜਾਣਕਾਰੀ ਦਿੱਤੀ। ਨੌਜਵਾਨਾਂ ਨੇ ਸਹੁੰ ਖਾਧੀ ਕਿ ਅਸੀਂ ਨਸ਼ਾ ਨਹੀਂ ਕਰਾਂਗੇ ਅਤੇ ਚੰਗੇ ਨਾਗਰਿਕ ਬਣਾਂਗੇ।

# ਡੀ ਬੀ ਈ ਈ ਵੱਲੋਂ ਪਲੇਸਮੈਂਟ ਕੈਂਪ ਅੱਜ

**ਐਸ.ਏ.ਐਸ.ਨਗਰ: (ਗੁਰਜੀਤ ਬਿੱਲਾ)** -ਜ਼ਿਲ੍ਹਾ ਰੋਜ਼ਗਾਰ ਅਤੇ ਉੱਦਮ ਬਿਊਰੋ, ਮਾਡਲ ਕੈਰੀਅਰ ਸੈਂਟਰ ਅਤੇ ਪੀ ਐਸ ਡੀ ਐਮ, ਐਸ.ਏ.ਐਸ.ਨਗਰ, ਵੱਲੋਂ 11 ਅਕਤੂਬਰ ਨੂੰ ਬੀ ਐਸ ਸੀ ਜੇ ਐਂਟਰਪ੍ਰਾਇਸਿਜ਼ ਲਈ ਅਤੇ 12 ਅਕਤੂਬਰ ਨੂੰ ਕ੍ਰਿਉਸ ਕਾਰਪ ਲਿਮਿਟਿਡ ਲਈ ਕੈਂਪ ਲਗਾਇਆ ਜਾਵੇਗਾ। ਜਿਸ ਵਿੱਚ ਫੋਨ ਪੇ-ਬੀਡੀਈ, ਏਅਰਟੈਲ-ਸੀਆਰਓ (ਫੀਮੇਲ ਗ੍ਰੇਜੁਏਟ), ਐਕਸਪ੍ਰੈਸ-ਪੈਕਰਜ਼/ਸਕੈਨਰਜ਼ ਲਈ ਭਰਤੀ ਹੋਵੇਗੀ। ਜਿੱਥੇ 18 ਤੋਂ 35 ਸਾਲ ਦੀ ਉਮਰ ਵਰਗ ਦੇ ਉਮੀਦਵਾਰ ਇਸ ਕੈਂਪ ਵਿੱਚ ਸ਼ਾਮਿਲ ਹੋ ਸਕਦੇ ਹਨ। ਇਸ ਕੈਂਪ ਵਿੱਚ ਦਸਵੀਂ, ਬਾਰਵੀਂ, ਗ੍ਰੈਜੁਏਸ਼ਨ, ਪੋਸਟ ਗ੍ਰੈਜੁਏਸ਼ਨ ਆਦਿ ਵਿੱਦਿਅਕ ਯੋਗਤਾ ਵਾਲੇ ਪ੍ਰਾਰਥੀ ਭਾਗ ਲੈ ਸਕਦੇ ਹਨ। ਬੀ ਐਸ ਸੀ ਜੇ ਐਂਟਰਪ੍ਰਾਇਸਿਜ਼ ਦੀ ਐਚ ਆਰ ਟੀਮ ਦੁਆਰਾ ਸਵੇਰੇ 9.30 ਵਜੇ ਤੋਂ ਦੁਪਹਿਰ 1.30 ਵਜੇ ਤੱਕ ਕਸਟਮ ਸਰਵਸਿਸ/ ਐੱਸਕੇਲੇਸ਼ਨ ਕਾਲ ਨੂੰ ਹੈਂਡਲ ਕਰਨ ਲਈ/ ਇਨਬਾਊਂਡ ਕਾਲ ਲਈ ਉਮੀਦਵਾਰਾਂ ਦੀ ਵਾਕਿਨ ਇੰਟਰਵਿਊ ਕੀਤੀ ਜਾਵੇਗੀ। ਦਸਵੀਂ, ਬਾਰਵੀਂ, ਗ੍ਰੈਜੂਏਸ਼ਨ, ਪੋਸਟ ਗ੍ਰੈਜੂਏਸ਼ਨ (ਫਰੈਸ਼ਰ ਅਤੇ ਤਜ਼ਰਬੇਕਾਰ) ਇੰਟਰਵਿਊ ਵਿੱਚ ਹਿੱਸਾ ਲੈ ਸਕਦਾ ਹੈ। ਉਮੀਦਵਾਰਾਂ ਲਈ ਤਨਖਾਹ ਦੀ ਦਰ 3.5 ਹੋਵੇਗੀ ਅਤੇ ਯੋਗ ਤਜ਼ਰਬੇਕਾਰ ਉਮੀਦਵਾਰਾਂ ਨੂੰ ਉਹਨਾਂ ਦੇ ਤਜ਼ਰਬੇ ਅਨੁਸਾਰ ਤਨਖਾਹ ਵਾਧੇ ਦੇ ਰੂਪ ਵਿੱਚ ਨਿਰਧਾਰਿਤ ਕੀਤੀ ਜਾਵੇਗੀ। ਨੌਕਰੀ ਦਾ ਸਥਾਨ ਐੱਸ. ਏ. ਐੱਸ. ਨਗਰ (ਮੋਹਾਲੀ) ਹੋਵੇਗਾ। ਇਸ ਵਿੱਚ ਇਸਤਰੀਆਂ ਦੀ ਸ਼ਿਫਟ ਕੇਵਲ ਦਿਨ ਦੀ ਹੋਵੇਗੀ। ਟਰੈਵਲ/ਹਾਓਸਪਟੈਲਟੀ/ ਹੋਟਲ ਮੈਨੇਜਮੈਂਟ/ ਏਵੀਏਸ਼ਨ/ ਬੀ. ਪੀ.ਓ. ਕਸਟਮਰ ਸਰਵਸਿਸ ਵਿੱਚ ਤਜ਼ਰਬੇਕਾਰ ਪ੍ਰਾਰਥੀ ਵੀ ਅਪਲਾਈ ਕਰ ਸਕਦੇ ਹਨ। ਡਿਪਟੀ ਡਾਇਰੈਕਟਰ, ਡੀ.ਬੀ.ਈ.ਈ. ਸ੍ਰੀ. ਹਰਪ੍ਰੀਤ ਸਿੰਘ ਮਾਨਸਾਹੀਆ ਨੇ ਦੱਸਿਆ ਕਿ ਡੀ. ਬੀ. ਈ. ਈ ਵੱਲੋਂ ਮੰਗਲਵਾਰ ਤੋਂ ਸ਼ੁੱਕਰਵਾਰ ਤੱਕ ਹਰ ਰੋਜ ਪਲੇਸਮੈਂਟ ਡਰਾਈਵ ਦਾ ਆਯੋਜਨ ਕੀਤਾ ਜਾਵੇਗਾ। ਜਿਸ ਵਿੱਚ ਇੱਕ ਜਾਂ ਇੱਕ ਤੋਂ ਵੱਧ ਕੰਪਨੀਆਂ ਹਿੱਸਾ ਲੈਣਗੀਆਂ। ਉਨ੍ਹਾਂ ਜ਼ਿਲ੍ਹਾ ਮੁਹਾਲੀ ਦੇ ਬੇਰੋਜ਼ਗਾਰ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਰਿਜ਼ਿਊਮ ਅਤੇ ਸਬੰਧਤ ਦਸਤਾਵੇਜਾਂ ਨਾਲ ਡੀ.ਬੀ.ਈ.ਈ ਦਫਤਰ ਵਿੱਚ ਪਹੁੰਚ ਕੇ ਇਨ੍ਹਾਂ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ।

ਚਾਹਵਾਨ ਉਮੀਦਵਾਰ ਸਵੇਰੇ 9.30 ਵਜੇ ਡੀ..ਬੀ.ਈ.ਈ. ਕਮਰਾ ਨੰਬਰ 461, ਡੀਸੀ ਕੰਪਲੈਕਸ, ਸੈਕਟਰ 76, ਐਸਏਐਸ ਨਗਰ ਵਿਖੇ ਪਹੁੰਚਣ। ਨੌਕਰੀ ਦੀ ਭਾਲ ਕਰਦੇ ਉਮੀਦਵਾਰ ਆਪਣਾ ਰਿਜ਼ਿਊਮ ਈ.ਮੇਲ: ਰਾਹੀਂ ਦਫਤਰ ਵਿਖੇ ਪਹੁੰਚਾ ਸਕਦੇ ਹਨ।

# ਮੇਲੇ ਦੀ ਸਫ਼ਲਤਾ ਲਈ ਸੇਵਾਵਾਂ ਦੀ ਲੱਗੀ ਝੜੀ

## * ਕਵੀ, ਰੰਗਕਰਮੀ ਜਸਵੰਤ ਖਟਕੜ ਦਾ ਰੂ-ਬ-ਰੂ ਤੇ ਸਨਮਾਨ



**ਜਲੰਧਰ, (ਕੇਸਰ)** ਗ਼ਦਰੀ ਬਾਬਿਆਂ ਦੇ 32ਵੇਂ ਮੇਲੇ ਦੇ ਦਿਨ 30, 31 ਅਕਤੂਬਰ ਅਤੇ 1 ਨਵੰਬਰ ਜਿਉਂ ਜਿਉਂ ਲਾਗੇ ਆ ਰਹੇ ਹਨ ਤਿਉਂ ਤਿਉਂ ਦੇਸ਼ ਭਗਤ ਯਾਦਗਾਰ ਹਾਲ ਨੂੰ ਹਰ ਤਰ੍ਹਾਂ ਦਾ ਸਮਰਥਨ ਦੇਣ ਲਈ ਸਾਹਿਤਕਾਰ, ਲੇਖਕ, ਰੰਗ ਕਰਮੀ, ਤਰਕਸ਼ੀਲ, ਜਮਹੂਰੀ ਕਾਮੇ, ਗ਼ਦਰੀ ਬਾਬਿਆਂ ਬੱਬਰ ਅਕਾਲੀਆਂ ਦੇ ਪਿੰਡਾਂ ਅਤੇ ਜਨਤਕ ਜੱਥੇਬੰਦੀਆਂ ਤੋਂ ਇਲਾਵਾ ਇੰਗਲੈਂਡ, ਕਨੇਡਾ, ਅਮਰੀਕਾ ਤੋਂ ਪਰਵਾਰ ਆਉਣੇ ਸ਼ੁਰੂ ਹੋ ਗਏ ਹਨ। ਮੇਲੇ ਲਈ ਚਾਰ-ਚੁਫ਼ੇਰਿਓਂ ਹਰ ਤਰ੍ਹਾਂ ਦਾ ਸਮਰਥਨ ਮਿਲ ਰਿਹਾ ਹੈ। ਕਈ ਦਹਾਕੇ ਪਹਿਲਾਂ ਪੰਜਾਬੀ ਰੰਗ ਮੰਚ ਅਤੇ ਕਵਿਤਾ ਦੇ ਖੇਤਰ 'ਚ ਚਰਚਿਤ ਨਾਮ ਜਸਵੰਤ ਖਟਕੜ ਦੇਸ਼ ਭਗਤ ਯਾਦਗਾਰ ਹਾਲ ਆਏ। ਉਹਨਾਂ ਨੇ ਮੇਲੇ ਲਈ ਆਪਣੀਆਂ ਸੇਵਾਵਾਂ ਅਰਪਤ ਕੀਤੀਆਂ। ਜਸਵੰਤ ਖਟਕੜ ਨਾਲ ਹੋਏ ਰੂ-ਬ-ਰੂ 'ਚ ਚਾਰ ਦਹਾਕੇ ਪਹਿਲਾਂ ਰੰਗਮੰਚ, ਕਵਿਤਾ ਅਤੇ ਇਨਕਲਾਬੀ ਲਹਿਰ ਦੇ ਲੜ ਲੱਗਣ ਦੇ ਤਜ਼ਰਬੇ ਸਾਂਝੇ ਕੀਤੇ। ਮੂੰਹ ਜ਼ੁਬਾਨੀ ਲੋਕ ਗੀਤਾਂ ਵਰਗਾ ਰੰਗ ਕਰਮੀ ਜਸਵੰਤ ਖਟਕੜ ਕਲਾ, ਕਲਮ ਦਾ ਧਨੀ, ਦਹਿਕਦੇ ਅੰਗਿਆਰਾਂ 'ਤੇ ਸੌਣ ਦੀ ਆਵਾਜ਼ ਦੇਣ ਵਾਲੇ ਪਾਸ਼, 'ਧਮਕ ਨਗਾਰੇ ਦੀ' ਦਾ ਮੰਚਣ ਕਰਨ ਵਾਲੇ ਗੁਰਸ਼ਰਨ ਭਾਅ ਜੀ ਦਾ ਨਿੱਕੀ ਉਮਰ ਦਾ ਸੰਗੀ ਸਾਥੀ ਹੈ, ਅੱਜ ਵੀ ਇਹੋ ਸਮਝਦਾ ਹੈ ਕਿ ਰੰਗ ਮੰਚ ਦਾ ਕੋਈ ਬਦਲ ਨਹੀਂ। ਉਸਨੇ ਆਪਣੇ ਨਾਟਕਾਂ ਅਤੇ ਕਵਿਤਾਵਾਂ ਨਾਲ ਦੇਸ਼ ਭਗਤ ਯਾਦਗਾਰ ਹਾਲ ਅੰਦਰ 'ਸੀਸ ਤਲੀ 'ਤੇ' ਧਰ ਤੁਰੇ ਬੱਬਰਾਂ ਦੀ ਸੂਰਮਗਤੀ ਨੂੰ ਆਜ਼ਾਦੀ ਸੰਗਰਾਮ ਦੇ ਮਿਸ਼ਨ ਨਾਲ ਵਧੇਰੇ ਜੋੜਕੇ ਸਮੀਖਿਆ ਕਰਨ 'ਤੇ ਜ਼ੋਰ ਦਿੱਤਾ। ਜਸਵੰਤ ਖਟਕੜ ਨਾਲ ਰੂਬਰੂ ਉਪਰੰਤ ਉਹਨਾਂ ਨੂੰ ਕਮੇਟੀ ਦੀ ਪੱਤ੍ਰਿਕਾ 'ਵਿਰਸਾ', ਗਦਰੀ ਗੁਲਾਬ ਕੌਰ ਅਤੇ 'ਬਸੰਤ ਰੁੱਤ ਆਏਗੀ' ਪੁਸਤਕਾਂ ਭੇਂਟ ਕਰਕੇ ਕਮੇਟੀ ਦੀ ਤਰਫ਼ੋਂ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸੀਨੀਅਰ ਟਰੱਸਟੀ ਅਤੇ ਮਿਊਜ਼ੀਅਮ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ, ਸਾਬਕਾ ਵਿੱਤ ਸਕੱਤਰ ਅਤੇ ਟਰੱਸਟੀ ਰਣਜੀਤ ਸਿੰਘ ਔਲਖ ਨੇ ਸਨਮਾਨਤ ਕੀਤਾ। ਇਉਂ ਹੀ ਮਾਨਵਤਾ ਕਲਾ ਮੰਚ ਨਗਰ ਦੀ ਨਾਟਕਕਾਰ ਕੁਲਵੰਤ ਕੌਰ ਨਗਰ ਅਤੇ ਨਿਰਦੇਸ਼ਕ ਜਸਵਿੰਦਰ ਪੱਪੀ ਨੇ ਕਿਹਾ ਕਿ ਗ਼ਦਰ ਇਤਿਹਾਸ, ਵਿਰਾਸਤ ਨੂੰ ਸੰਭਾਲਣ ਅਤੇ ਇਸ ਦੀ ਲੋਅ ਨਾਲ ਲੋਕ ਮਨਾਂ ਨੂੰ ਰੁਸ਼ਨਾ ਲਈ ਯਾਦਗਾਰ ਦੇ ਵਿਹੜੇ ਲੱਗ ਰਹੇ ਮੇਲੇ 'ਚ ਸਾਡੀ ਟੀਮ ਸੇਵਾਵਾਂ ਦੇਵੇਗੀ ਅਤੇ 31 ਅਕਤੂਬਰ ਸ਼ਾਮ ਠੀਕ 8 ਵਜੇ 'ਚਿੜੀਆਂ ਦਾ ਚੰਬਾ' ਨਾਟਕ ਪੇਸ਼ ਕਰੇਗੀ। ਕਮੇਟੀ ਨੇ ਮਾਨਵਤਾ ਕਲਾ ਮੰਚ ਦਾ ਧੰਨਵਾਦ ਕੀਤਾ।

# ਫੁੱਟਬਾਲ ਟੂਰਨਾਮੈਂਟ ਦੇ ਸੈਮੀਫਾਈਨਲ ਮੁਕਾਬਲੇ ਕਰਵਾਏ



**ਮੇਹਟੀਆਣਾ(ਜਗਤਾਰ ਸਿੰਘ ਭੂੰਗਰਨੀ)**-ਪਿੰਡ ਭਾਮ 'ਚ ਨੌਜਵਾਨ ਸਪੋਰਟਸ ਕਲੱਬ ਵੱਲੋਂ ਗ੍ਰਾਮ ਪੰਚਾਇਤ, ਪ੍ਰਵਾਸੀ ਵੀਰਾਂ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਦੀਪਕ ਜਸਵਾਲ, ਨਾਨਕ ਸਿੰਘ ਜਸਵਾਲ, ਕਾਕਾ ਜਸਵਾਲ, ਗਗਨ ਜਸਵਾਲ ਤੇ ਹਨੀ ਜਸਵਾਲ ਦੀ ਅਗਵਾਈ 'ਚ ਕਰਵਾਏ ਜਾ ਰਹੇ ਸੁਰਿੰਦਰ ਸਿੰਘ ਸੋਢੀ ਯਾਦਗਾਰੀ ਸੈਵਨ-ਏ-ਸਾਈਡ ਨਾਈਟ ਫੁੱਟਬਾਲ ਟੂਰਨਾਮੈਂਟ ਦੇ ਸੈਮੀਫਾਈਨਲ ਮੁਕਾਬਲੇ ਕਰਵਾਏ ਗਏ। ਇਸ ਮੌਕੇ ਖੇਡੇ ਗਏ ਮੈਚਾਂ ਦੌਰਾਨ ਲੁਟੇਰਾ ਨੇ ਬੱਡੋਂ ਦੀ ਟੀਮ ਨੂੰ 2-1 ਦੇ ਫ਼ਰਕ ਨਾਲ ਅਤੇ ਨੰਗਲ ਕਲਾਂ ਨੇ ਡਮੇਲੀ ਦੀ ਟੀਮ ਨੂੰ ਪੈਨਲਟੀ ਕਿੱਕ ਨਾਲ ਹਰਾ ਕੇ ਫਾਈਨਲ 'ਚ ਪ੍ਰਵੇਸ਼ ਕੀਤਾ। ਮੁੱਖ ਮਹਿਮਾਨ ਵਜੋਂ ਗੁਰਸੇਵਕ ਸਿੰਘ, ਗੁਰਵਿੰਦਰ ਸਿੰਘ ਸ਼ੈਂਕੀ ਤੇ ਸਰਪੰਚ ਪਰਮਿੰਦਰ ਸਿੰਘ ਜਸਵਾਲ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਖਿਡਾਰੀਆਂ ਨੂੰ ਅਸ਼ੀਰਵਾਦ ਦਿੱਤਾ। ਇਸ ਮੌਕੇ ਰਾਜੇਸ਼ ਜਸਵਾਲ, ਜਸਕਰਨ ਸਿੰਘ ਹੈਪੀ, ਲੱਕੀ ਲਾਈਟ ਐਂਡ ਸਾਊਂਡ ਵਾਲੇ, ਪੰਮਾ ਭੈਰਉਂ ਟੀਵੀ, ਲੱਡੂ ਜਸਵਾਲ, ਰਜਿੰਦਰ ਸਿੰਘ ਪਿੰਟੂ ,ਅਜੇ ਜਸਵਾਲ, ਸੂਬੇਦਾਰ ਹਰੀ ਸਿੰਘ, ਨੰਬਰਦਾਰ ਅਮਰਜੀਤ ਸਿੰਘ, ਪ੍ਰਦੀਪ ਜਸਵਾਲ, ਪਰਮਵੀਰ, ਗੁਰਵਿੰਦਰ ਸਿੰਘ ਗਾਟਾ, ਮਹਿੰਦਰ ਸਿੰਘ, ਕੋਚ ਪ੍ਰਵੀਨ ਸਰਹਾਲਾ, ਕੋਚ ਲਾਲੀ ਹਾਰਟਾ ਆਦਿ ਹਾਜ਼ਰ ਸਨ।

# ਐੱਸ ਡੀ ਐੱਮ ਨੇ ਝੋਨੇ ਦੇ ਸੀਜ਼ਨ ਸੰਬੰਧੀ ਕੀਤੀ ਮੀਟਿੰਗ

**ਸ਼ਾਹਕੋਟ (ਗਿਆਨ ਸੈਦਪੁਰੀ)**- ਐਸ. ਡੀ. ਐਮ ਸ਼ਾਹਕੋਟ ਰਿਸ਼ਭ ਬਾਂਸਲ ਵੱਲੋਂ ਮਾਰਕਿਟ ਕਮੇਟੀ ਸ਼ਾਹਕੋਟ ਦੇ ਦਫਤਰ ਪਹੁੰਚ ਕੇ ਝੋਨੇ ਦੇ ਸੀਜਨ ਸਬੰਧੀ ਖਰੀਦ ਏਜੰਸੀਆਂ ਦੇ ਇਸਪੈਕਟਰਾਂ, ਸਕੱਤਰ ਮਾਰਕਿਟ ਕਮੇਟੀ ਅਤੇ ਟਰੱਕ ਯੂਨੀਅਨ ਦੇ ਅਹੁਦੇਦਾਰਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ । ਮੀਟਿੰਗ ਦੌਰਾਨ ਉਨ੍ਹਾਂ ਖਰੀਦ ਏਜੰਸੀਆਂ ਦੇ ਇਸਪੈਕਟਰਾਂ ਨੂੰ ਕਿਹਾ ਕਿ ਸਾਰੀਆਂ ਮੰਡੀਆਂ ਵਿੱਚ ਝੋਨੇ ਦੀ ਖਰੀਦ ਸਮੇਂ ਕਿਸਾਨਾਂ ਅਤੇ ਆੜ੍ਹਤੀਆਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਮੰਡੀਆਂ ਵਿੱਚ ਬਰਦਾਨੇ ਦੀ ਕਮੀ ਨਾ ਆਵੇ। ਇਸੇ ਦੌਰਾਨ ਉਨ੍ਹਾਂ ਮਾਰਕਿਟ ਸ਼ਾਹਕੋਟ ਦੇ ਸਕੱਤਰ ਤਜਿੰਦਰ ਕੁਮਾਰ ਨੂੰ ਕਿਹਾ ਕਿ ਮੰਡੀਆਂ ਵਿੱਚ ਫਸਲ ਲੈ ਕੇ ਆਉਣ ਵਾਲੇ ਕਿਸਾਨਾਂ, ਕੰਮ ਕਰਨ ਵਾਲੇ ਮਜਦੂਰਾਂ ਲਈ ਪੀਣ ਵਾਲੇ ਪਾਣੀ ਦੇ ਪੁਖਤਾ ਪ੍ਰਬੰਧ ਕੀਤੇ ਜਾਣ। ਐਸ.ਡੀ.ਐਮ ਬਾਂਸਲ ਨੇ ਦੱਸਿਆ ਕਿ ਜਿਹੜੀਆਂ ਮੰਡੀਆਂ ਵਿੱਚ ਬਾਈਓਮੈਟ੍ਰਿਕ ਨਾਲ ਖਰੀਦ ਹੋਣੀ ਹੈ, ਉਨ੍ਹਾਂ ਮੰਡੀਆਂ ਵਿੱਚ ਮਾਰਕਿਟ ਕਮੇਟੀ ਵੱਲੋਂ ਆਪਣਾ ਇੱਕ ਕਰਮਚਾਰੀ ਰੱਖਿਆ ਹੋਇਆ ਹੈ। ਜੇਕਰ ਆੜ੍ਹਤੀਆਂ ਨੂੰ ਕਿਸੇ ਕਿਸਮ ਦੀ ਸਮੱਸਿਆ ਆਉਂਦੀ ਹੈ ਤਾਂ ਉਹ ਮਾਰਕਿਟ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡੀ. ਐਫ. ਐਸ. ਓ. ਅਮਿਤ ਭੱਟੀ, ਪਵਨ ਅੱਗਰਵਾਲ ਪ੍ਰਧਾਨ ਮੰਡੀ ਕਮੇਟੀ ਸ਼ਾਹਕੋਟ, ਅਮਨਦੀਪ ਸਿੰਘ ਟੁਰਨਾ ਮੰਡੀ ਸੁਪਰਵਾਈਜ਼ਰ ਸ਼ਾਹਕੋਟ, ਗੁਰਦੇਵ ਸਿੰਘ ਮੰਡੀ ਸੁਪਰਵਾਈਜ਼ਰ ਲੋਹੀਆਂ, ਗਗਨਦੀਪ ਸਿੰਘ, ਬਲਕਾਰ ਸਿੰਘ ਇਸਪੈਕਟਰ ਪਨਗਰੇਨ, ਪ੍ਰਦੀਪ ਕੁਮਾਰ ਇਸਪੈਕਟਰ ਪਨਗਰੇਨ, ਅਸ਼ੀਸ ਭੱਲਾ ਇਸਪੈਕਟਰ ਪਨਗਰੇਨ, ਜਸਪ੍ਰੀਤ ਭਾਟੀਆ ਇਸਪੈਕਟਰ ਪਨਗਰੇਨ, ਜਗਦੀਪ ਸਿੰਘ ਮਾਰਕਫੈੱਡ, ਨਵਦੀਪ ਸਿੰਘ ਇਸਪੈਕਟਰ ਪਨਸਪ, ਰਜਿੰਦਰ ਸਲਾਰੀਆਂ ਮੈਨੇਜਰ ਵੇਅਰ ਹਾਊਸ, ਦਲੀਪ ਸਿੰਘ, ਮਨਜੀਤ ਸਿੰਘ ਸੱਤਾ, ਕਾਲਾ ਗੁੱਜਰ, ਰਜਿੰਦਰ ਭੂਰੀਵਾਲਾ (ਟਰੱਕ ਯੂਨੀਅਨ ਦੇ ਅਹੁਦੇਦਾਰ) ਆਦਿ ਹਾਜ਼ਰ ਸਨ।



*ਝੋਨੇ ਦੇ ਸੀਜਨ ਸਬੰਧੀ ਮੀਟਿੰਗ ਦੌਰਾਨ ਐਸ. ਡੀ. ਐਮ ਰਿਸ਼ਭ ਬਾਂਸਲ ਤੇ ਹੋਰ ।*

# ਸ਼ਰਧਾ ਨਾਲ ਮਨਾਇਆ ਤਕਸ਼ਿਲਾ ਬੁੱਧ ਵਿਹਾਰ ਦਾ ਸਥਾਪਨਾ ਦਿਵਸ



**ਜਲੰਧਰ (ਨ ਜ਼ ਸ)**— ਪੰਜਾਬ ਬੁੱਧਿਸਟ ਸੋਸਾਇਟੀ ਰਜਿ: ਪੰਜਾਬ ਵੱਲੋਂ ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆਂ ਦਾ ਸਤਾਰਵਾਂ ਸਥਾਪਨਾ ਦਿਵਸ ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆਂ ਵਖੇ ਬੜੀ ਧੂੰਮਧਾਮ ਅਤੇ ਸ਼ਰਧਾ ਨਾਲ ਮਨਾਇਆ ਗਿਆ, ਜਿਸ ਵਿੱਚ ਭਿਖਸ਼ ਸੰਘ ਪੰਜਾਬ ਦੇ ਇੰਚਾਰਜ ਭਿਖਸ਼ੂ ਪ੍ਰਗਿਆ ਬੋਧੀ ਅਤੇ ਭਿਕਸ਼ੂ ਦਰਸ਼ਨਦੀਪ ਨੇ ਪ੍ਰਵਚਨ ਕਰਦਿਆਂ ਕਿਹਾ ਕਿ ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆਂ ਦਾ ਉਦਘਾਟਨ 8.10.2006 ਨੂੰ ਕੀਤਾ ਗਿਆ ਸੀ, ਜਿਸ ਦਾ ਅੱਜ ਸਤਾਰਵਾਂ ਸਥਾਪਨਾ ਦਿਵਸ ਮਨਾਇਆ ਗਿਆ। ਇਹ ਬੁੱਧ ਵਿਹਾਰ ਮਾਨਵਤਾਵਾਦੀ ਧੰਮ ਦਾ ਪ੍ਰਚਾਰ-ਪ੍ਰਸਾਰ ਅਤੇ ਭਿਕਸ਼ੂ ਟ੍ਰੇਨਿੰਗ ਸੈਂਟਰ ਵਾਸਤੇ ਸਥਾਪਤ ਕੀਤਾ ਗਿਆ ਹੈ। ਉਨ੍ਹਾ ਇਹ ਵੀ ਕਿਹਾ ਕਿ ਬੁੱਧ ਧੰਮ ਦੀਆਂ ਸਿੱਖਿਆਵਾਂ ਅਤੇ ਰੀਤੀ-ਰਿਵਾਜਾਂ ਨੂੰ ਸਿੱਖ ਕੇ ਉਹਨਾਂ ਨੂੰ ਅਮਲੀ ਰੂਪ ਵਿੱਚ ਲਾਗੂ ਕਰਨਾ ਸਾਰੇ ਉਪਾਸਕ ਅਤੇ ਉਪਾਸਿਕਾਵਾਂ ਦਾ ਫਰਜ਼ ਬਣਦਾ ਹੈ।

ਇਸ ਮੌਕੇ 'ਤੇ ਐਡਵੋਕੇਟ ਹਰਭਜਨ ਸਾਂਪਲਾ ਪ੍ਰਧਾਨ ਪੰਜਾਬ ਬੁੱਧਿਸਟ ਸੁਸਾਇਟੀ ਰਜਿ: ਪੰਜਾਬ ਨੇ ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆਂ ਦੀ ਸਥਾਪਨਾ ਉਪਰ ਸਾਰਿਆਂ ਨੂੰ ਵਧਾਈ ਦਿੱਤੀ ਅਤੇ ਤਕਸ਼ਿਲਾ ਮਹਾਂ ਬੁੱਧ ਵਿਹਾਰ ਨੂੰ ਸੁਚਾਰੂ ਤਰੀਕੇ ਨਾਲ ਚਲਾਉਣ ਲਈ ਭਿਕਸ਼ੂ ਸੰਘ ਦਾ ਧੰਨਵਾਦ ਕੀਤਾ। ਉਹਨਾ ਦੱਸਿਆ ਕਿ ਧੰਮ ਚੱਕਰ ਪਰਵਤਨ ਦਿਵਸ ਅਤੇ ਅਸ਼ੋਕਾ ਵਿਜੈ ਦਸ਼ਮੀ ਮਿਤੀ 24.10.2023 ਨੂੰ ਸਵੇਰੇ 10.00 ਵਜੇ ਤਕਸ਼ਿਲਾ ਮਹਾਂ ਬੁੱਧ ਵਿਹਾਰ ਵਿਖੇ ਬਹੁਤ ਧੂੰਮਧਾਮ ਨਾਲ ਮਨਾਇਆ ਜਾ ਰਿਹਾ ਹੈ ਅਤੇ ਇਸ ਪ੍ਰੋਗਰਾਮ ਤੋਂ ਬਾਅਦ ਪੰਜਾਬ ਬੁੱਧਿਸਟ ਸੁਸਾਇਟੀ ਰਜਿ: ਪੰਜਾਬ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਜਾਵੇਗੀ।

ਇਸ ਮੌਕੇ ਸ੍ਰੀ ਰਾਮ ਦਾਸ ਗੁਰੂ, ਬਲਵਿੰਦਰ ਕੁਮਾਰ, ਗੁਰਪ੍ਰਸ਼ਾਦ, ਅਜੈ ਕੁਮਾਰ, ਇਨਕਲਾਬ ਸਿੰਘ, ਰਾਜ ਕੁਮਾਰ, ਰਾਮ ਨਰਾਇਣ ਬੋਧ, ਨਵਜੀਤ ਚੌਹਾਨ, ਇੰਜੀਨੀਅਰ ਓਮ ਪ੍ਰਕਾਸ਼, ਜਤਿੰਦਰ ਕੁਮਾਰ ਅਤੇ ਹੋਰ ਬਹੁਤ ਸਾਰੇ ਉਪਾਸਕ ਅਤੇ ਉਪਾਸਿਕਾਵਾਂ ਹਾਜ਼ਰ ਸਨ। ਇਸ ਮੌਕੇ ਉਪਾਸਕਾਂ ਵੱਲੋਂ ਭੋਜਨਦਾਨ ਅਤੇ ਚੀਵਰਦਾਨ ਕੀਤਾ ਗਿਆ ਅਤੇ ਰਾਤ ਵੇਲੇ ਦੀਪਮਾਲਾ ਕੀਤੀ ਗਈ।

# ਸਿਲਵਰ ਓਕ ਸਕੂਲ 'ਚ ਲੜਕੀਆਂ ਦੇ ਐਥਲੈਟਿਕਸ ਮੁਕਾਬਲਿਆਂ ਦੀ ਸ਼ੁਰੂਆਤ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸਾਹਬਾਜਪੁਰ ਦੇ ਖੇਡ ਸਟੇਡੀਅਮ ਦੇ ਵਿੱਚ ਪੰਜਾਬ ਬੋਰਡ ਦੇ ਜੋਨਲ ਲੈਵਲ ਅਥਲੈਟਿਕ ਇਵੈਂਟਾਂ ਟਾਂਡਾ 1 ਜ਼ੋਨ ਦੀ ਸ਼ੁਰੂਆਤ ਬੜੇ ਜੋਸ਼ ਦੇ ਨਾਲ ਹੋਈ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਇਹਨਾਂ ਅਥਲੈਟਿਕ ਮੁਕਾਬਲਿਆਂ ਦਾ ਉਦਘਾਟਨ ਕੀਤਾ। ਪ੍ਰਿੰਸੀਪਲ ਮੁਨਸ਼ਾ ਸੰਗਰ ਨੇ ਤਮਾਮ ਖਿਡਾਰੀਆਂ ਦਾ ਹੌਸਲਾ ਵਧਾਇਆ ਅਤੇ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ। ਇਹਨਾਂ ਐਥਲੈਟਿਕ ਇਵੈਂਟਾ ਦੇ ਕੁਝ ਨਤੀਜਿਆਂ ਦੇ ਅਨੁਸਾਰ ਅੰਡਰ 14 ਅਤੇ ਅੰਡਰ 17 ਕੈਟਾਗਰੀਆਂ ਦੇ ਵਿੱਚ ਰਿਲੇ ਦੌੜਾਂ ਦੇ ਵਿੱਚ ਸਿਲਵਰ ਓਕ ਨੇ ਦੋਵਾਂ ਗੋਲਡ ਮੈਡਲਾਂ 'ਤੇ ਕਬਜ਼ਾ ਕੀਤਾ। ਉੱਥੇ ਹੀ ਅੰਡਰ 19 ਲੌਂਗ ਜੰਪ 'ਚ ਸਿਲਵਰ ਮੈਡਲ ਹਾਸਲ ਕੀਤਾ। ਅੰਡਰ-19 ਕੈਟੇਗਰੀ 100 ਮੀਟਰ ਰੇਸ (ਲੜਕੀਆਂ) ਦੇ 'ਚ ਆਦੇਸ਼ ਇੰਟਰਨੈਸ਼ਨਲ ਸਕੂਲ ਦੀ ਅਮਨੀਤ ਕੌਰ ਪਹਿਲੇ ਸਥਾਨ 'ਤੇ ਸ ਸ ਸ ਸਕੂਲ ਖੁੱਡਾ ਦੀ ਮਹਿਕਪ੍ਰੀਤ ਕੌਰ ਦੂਜੇ ਅਤੇ ਸਿਲਵਰ ਓਕ ਸਕੂਲ ਦੀ ਇਸ਼ੀਤਾ ਤੀਸਰੇ ਸਥਾਨ 'ਤੇ ਰਹੀ। 800 ਮੀਟਰ ਰੇਸਾਂ ਦੇ ਵਿੱਚ ਜਸਪ੍ਰੀਤ ਪਹਿਲੇ ਨੰਬਰ 'ਤੇ ਅਰਸਪ੍ਰੀਤ ਦੂਸਰੇ ਨੰਬਰ 'ਤੇ ਅਤੇ ਰੂਬੀ ਤੀਸਰੇ ਨੰਬਰ 'ਤੇ ਰਹੀ। 200 ਮੀਟਰ ਰੇਸ ਦੇ ਮੁਕਾਬਲੇ ਦੇ ਵਿੱਚ ਆਦੇਸ ਇੰਟਰਨੈਸ਼ਨਲ ਸਕੂਲ ਦੀ ਗੁਰਲੀਨਦੀਪ ਪਹਿਲੇ ਸਥਾਨ ਤੇ ਮਹਿਕਪ੍ਰੀਤ ਦੂਸਰੇ ਸਥਾਨ ਤੇ ਅਤੇ ਸਿਲਵਰ ਓਕ ਸਕੂਲ ਦੀ ਸੰਦੀਪ ਕੌਰ ਤੀਸਰੇ ਸਥਾਨ ਤੇ ਰਹੇ। ਇਸੇ ਤਰ੍ਹਾਂ ਅੰਡਰ 14 ਹਾਈ ਜੰਪ ਦੇ ਮੁਕਾਬਲਿਆਂ ਦੇ ਵਿੱਚ ਮੰਨਤ ਪਹਿਲੇ ਸਥਾਨ ਤੇ ਜੈਸੀਕਾ ਜੈਨ ਦੂਸਰੇ ਸਥਾਨ 'ਤੇ ਅਤੇ ਅਰਸਨੂਰ ਤੀਸਰੇ ਸਥਾਨ ਤੇ ਰਹੇ। 3000 ਮੀਟਰ ਇਸ ਦੇ 'ਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਦੀ ਬਲਪ੍ਰੀਤ ਕੌਰ ਪਹਿਲੇ ਸਥਾਨ 'ਤੇ ਅਤੇ ਤਨਵੀਰ ਕੌਰ ਦੂਸਰੇ ਸਥਾਨ ਤੇ ਰਹੀ। ਕਨਵੀਨਰ ਗੁਰਚਰਨ ਸਿੰਘ ਨੇ ਖੇਡ ਪ੍ਰਬੰਧਾਂ ਦਾ ਜਾਇਜ਼ਾ ਲੈਣ ਉਪਰੰਤ ਸਮੂਹ ਸਿਲਵਰ ਓਕ ਦੀ ਮੈਨੇਜਮੈਂਟ ਅਤੇ ਪ੍ਰਿੰਸੀਪਲ ਮਨੀਸ਼ਾ ਸੰਗਰ ਦਾ ਵਧੀਆ ਖੇਡ ਪ੍ਰਬੰਧਾਂ ਦੇ ਲਈ ਧੰਨਵਾਦ ਕੀਤਾ। ਇਸ ਮੌਕੇ ਮੈਨੇਜਰ ਗਜਿੰਦਰ ਪਾਲ ਸਿੰਘ, ਤਰਨ ਸੈਣੀ, ਬਿਕਰਮਜੀਤ ਸਿੰਘ ਭੇਲਾ, ਸੋਹਣ ਸਿੰਘ, ਅਜੈਬ ਸਿੰਘ, ਅਮਰਜੀਤ ਕੌਰ, ਜਗਬੰਧਨ ਸਿੰਘ, ਅਮਰਜੀਤ ਕੌਰ ਸੈਣੀ, ਅਸ਼ਿਵਨੀ, ਸੁਰੇਸ਼, ਅਰਚਣਾ, ਗੁਰਪ੍ਰੀਤ, ਰਾਜਵੀਰ ਕੌਰ, ਰਾਜਵਿੰਦਰ,ਸੁਮਨ, ਹਰਜੀਤ ਕੌਰ, ਗੁਰਦੇਵ ਸਿੰਘ, ਹਰਜੀਤ ਸਿੰਘ ਅਤੇ ਹੋਰ ਸ਼ਖਸੀਅਤਾਂ ਵੀ ਹਾਜ਼ਰ ਸਨ।

# ਅਨੀਤਾ ਸਾਗਰ ਬਣੇ ਸਰਕਾਰੀ ਕਾਲਜ ਹੁਸ਼ਿਆਰਪੁਰ ਦੇ ਨਵੇਂ ਪ੍ਰਿੰਸੀਪਲ



**ਹੁਸ਼ਿਆਰਪੁਰ,(ਬਲਵੀਰ ਸਿੰਘ ਸੈਣੀ, ਓ ਪੀ ਰਾਣਾ)** ਸ੍ਰੀਮਤੀ ਅਨੀਤਾ ਸਾਗਰ ਨੇ ਬਤੌਰ ਪ੍ਰਿੰਸੀਪਲ ਸਰਕਾਰੀ ਕਾਲਜ ਹੁਸ਼ਿਆਰਪੁਰ ਵਿਖੇ ਅਹੁਦਾ ਸੰਭਾਲਿਆ। ਇਸ ਮੌਕੇ ਕਾਲਜ ਕੌਂਸਲ ਅਤੇ ਸਮੂਹ ਸਟਾਫ ਨੇ ਪ੍ਰਿੰਸੀਪਲ ਸ੍ਰੀਮਤੀ ਅਨੀਤਾ ਸਾਗਰ ਦਾ ਤਹਿ ਦਿਲੋਂ ਸਵਾਗਤ ਕੀਤਾ। ਪ੍ਰਿੰਸੀਪਲ ਅਨੀਤਾ ਸਾਗਰ ਨੇ ਕਾਲਜ ਦੇ ਗੌਰਵਮਈ ਇਤਿਹਾਸ ਅਤੇ ਸਾਬਕਾ ਪ੍ਰਿੰਸੀਪਲ ਸਾਹਿਬਾਨਾਂ ਨੂੰ ਯਾਦ ਕਰਦਿਆਂ ਕਾਲਜ ਨੂੰ ਬੁਲੰਦੀਆਂ ਦੇ ਰਾਹ 'ਤੇ ਅੱਗੇ ਤੋਰਨ ਲਈ ਅਹਿਦ ਲਿਆ ਅਤੇ ਸਭ ਨੂੰ ਇਸ ਵਿਚ ਭਰਪੂਰ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਨਵਾਬ ਜੱਸਾ ਸਿੰਘ ਆਹਲੂਵਾਲੀਆ ਸਰਕਾਰੀ ਕਾਲਜ ਕਪੂਰਥਲਾ ਤੋਂ ਨਾਲ ਆਏ ਸਟਾਫ ਮੈਂਬਰਾ ਡਾ. ਮੋਨਿਕਾ ਖੰਨਾ, ਪ੍ਰੋ. ਰਣਜੀਤ ਕੁਮਾਰ, ਪ੍ਰੋ. ਹੈਪੀ ਕੁਮਾਰ, ਪ੍ਰੋ. ਰਸਮੀ ਵਿਰਕ, ਪ੍ਰੋ. ਦਲਜੀਤ ਕੌਰ, ਡਾ . ਸੰਦੀਪ ਤੋਂ ਇਲਾਵਾ ਮੈਡਮ ਦੇ ਪਰਵਾਰਕ ਮੈਂਬਰ ਪ੍ਰੇਮ ਸਾਗਰ ਤੇ ਡਾ. ਅਕਸ਼ਿਤਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਕਾਲਜ ਦੇ ਵਾਈਸ ਪ੍ਰਿੰਸੀਪਲ (ਡਾ:) ਪ੍ਰੋਫੈਸਰ ਜਸਵੀਰਾ ਅਨੂਪ ਮਿਨਹਾਸ ਅਤੇ ਕਾਲਜ ਕੌਂਸਲ ਮੈਂਬਰ ਪ੍ਰੋ. ਨਵਦੀਪ ਕੌਰ, ਡਾ. ਹਰਜਿੰਦਰ ਸਿੰਘ, ਪ੍ਰੋ. ਸੁਨੀਤਾ ਭੱਟੀ, ਪ੍ਰੋ. ਹਰਜਿੰਦਰ ਪਾਲ ਅਮਨ, ਪ੍ਰੋ. ਧਰਮਪਾਲ ਅਤੇ ਪ੍ਰੋ. ਰਣਜੀਤ ਕੁਮਾਰ ਨੇ ਸਮੂਹ ਸਟਾਫ ਵਲੋਂ ਆਪਣੀਆ ਡਿਊਟੀਆਂ ਨੂੰ ਤਹਿ ਦਿਲੋਂ ਨਿਭਾਉਣ ਦਾ ਭਰੋਸਾ ਦਿੱਤਾ।

# ਰਾਸ਼ਟਰੀ ਜਨਸੰਖਿਆ ਸਿੱਖਿਆ ਪ੍ਰੋਜੈਕਟ ਅਧੀਨ ਬਲਾਕ ਪੱਧਰੀ ਮੁਕਾਬਲੇ



**ਮਹਿਤਪੁਰ (ਰਾਜਾ)** ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਹਿਤਪੁਰ ਵਿਖੇ ਪ੍ਰਿੰਸੀਪਲ ਧਰਮਿੰਦਰ ਰੈਣਾ ਬੀ ਐਨ ਓ ਅਤੇ ਪ੍ਰਿੰਸੀਪਲ ਨੂਤਨ ਸ਼ਰਮਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹੇਰਾਂ ਦੀ ਦੇਖ ਰੇਖ ਵਿੱਚ ਰਾਸ਼ਟਰੀ ਜਨਸੰਖਿਆ ਸਿੱਖਿਆ ਪ੍ਰੋਜੈਕਟ ਅਧੀਨ ਬਲਾਕ ਪੱਧਰੀ (ਨਕੋਦਰ-1) ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਹਰਨੀਤ ਮੋਹਨ ਹੈਡ ਮਾਸਟਰ ਸਰਕਾਰੀ ਹਾਈ ਸਕੂਲ ਪੰਡੋਰੀ ਖਾਸ ਹਾਜ਼ਰ ਸਨ। ਇਸ ਪ੍ਰੋਜੈਕਟ ਅਧੀਨ ਰੋਲ ਪਲੇਅ, ਫੋਕ ਡਾਂਸ, ਪੋਸਟਰ ਮੇਕਿੰਗ ਅਤੇ ਰਚਨਾਤਮਿਕ ਲੇਖਣ ਮੁਕਾਬਲੇ ਕਰਵਾਏ ਗਏ। ਰੋਲ ਪਲੇਅ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਹਿਤਪੁਰ ਨੇ ਪਹਿਲਾ ਸਥਾਨ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਨਕੋਦਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਫੋਕ ਡਾਂਸ 'ਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਨਕੋਦਰ ਨੇ ਪਹਿਲਾ ਸਥਾਨ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਹਿਤਪੁਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਪੋਸਟਰ ਮੇਕਿੰਗ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਨਕੋਦਰ ਨੇ ਪਹਿਲਾ ਸਥਾਨ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਹਿਤਪੁਰ ਨੇ ਦੂਜਾ ਸਥਾਨ ਅਤੇ ਜੀ ਜੀ ਐੱਚ ਜੀ ਬੇਟ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਮਹਿਤਪੁਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਰਚਨਾਤਮਕ ਲੇਖਣ ਮੁਕਾਬਲੇ 'ਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਹਿਤਪੁਰ ਨੇ ਪਹਿਲਾ ਸਥਾਨ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸੰਗੋਵਾਲ ਨੇ ਦੂਜਾ ਸਥਾਨ ਅਤੇ ਸਰਕਾਰੀ ਹਾਈ ਸਕੂਲ ਹਰੀਪੁਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਜਸਵਿੰਦਰ ਕੌਰ ਪੰਜਾਬੀ ਮਿਸਟਰੈਸ, ਕੁਲਵਿੰਦਰ ਕੌਰ ਪੰਜਾਬੀ ਮਿਸਟਰੈਸ, ਸੁਖਵਿੰਦਰ ਕੌਰ ਪੰਜਾਬੀ ਲੈਕਚਰਾਰ, ਕੁਮਾਰ ਗੌਰਵ ਮੈਥ ਮਾਸਟਰ, ਮਨਜਿੰਦਰ ਸਿੰਘ ਏ ਸੀ ਟੀ, ਕੰਵਲਜੀਤ ਸਿੰਘ ਏ ਸੀ ਟੀ, ਕਮਲਜੀਤ ਕੌਰ ਸਾਇੰਸ ਮਿਸਟਰੈਸ ਅਤੇ ਹਰਸਿਮਰਤ ਸਿੰਘ ਲੈਕਚਰਾਰ ਕਮਿਸਟਰੀ ਵੱਲੋਂ ਬਤੌਰ ਜੱਜ ਆਪਣੀ ਭੂਮਿਕਾ ਬਾਖੂਬੀ ਨਿਭਾਈ ਗਈ। ਪ੍ਰਿੰਸੀਪਲ ਹਰਜੀਤ ਸਿੰਘ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਗਏ ਅਤੇ ਬਾਕੀ ਸਕੂਲਾਂ ਤੋਂ ਆਏ ਅਧਿਆਪਕਾਂ ਨੂੰ ਜੀ ਆਇਆਂ ਕਿਹਾ ਗਿਆ ਅਤੇ ਪ੍ਰੋਗਰਾਮ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਸਕੂਲ ਸਟਾਫ ਦਾ ਧੰਨਵਾਦ ਕੀਤਾ ਗਿਆ।

# ਰਿਆਤ-ਬਾਹਰਾ ਇੰਟਰਨੈਸ਼ਨਲ ਸਕੂਲ ਦੇ ਖਿਡਾਰੀਆਂ ਦਾ ਸ਼ਾਨਦਾਰ ਪ੍ਰਦਰਸ਼ਨ



**ਹੁਸ਼ਿਆਰਪੁਰ,, (ਬਲਵੀਰ ਸਿੰਘ ਸੈਣੀ)**-ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ ਦੇ ਖਿਡਾਰੀਆਂ ਨੇ ਜੋਨਲ ਅਥਲੈਟਿਕ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਜਿਸ ਵਿੱਚ ਖਿਡਾਰੀਆਂ ਨੇ ਛੇ ਗੋਲਡ ਮੈਡਲ ਜਿੱਤ ਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਇਸ ਸਬੰਧੀ ਸਕੂਲ ਦੇ ਖੇਡ ਅਫਸਰ ਹਰਜੀਤ ਸਿੰਘ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਸਿਮਰਨ ਨੇ ਸਾਟ ਪੁਟ ਅਤੇ ਡਿਸਕਸ ਥਰੋਅ (ਅੰਡਰ-14) ਵਿੱਚ ਦੋ ਸੋਨ ਤਗਮੇ ਜਿੱਤੇ, ਮੁਕਾਬਲਿਆਂ (ਅੰਡਰ-19) ਵਿੱਚ ਰੂਹਾਨੀ ਅਤੇ ਹਰਨੂਰ ਨੇ ਦੋ-ਦੋ ਸੋਨ ਤਗਮੇ ਜਿੱਤੇ। ਇਸ ਮੌਕੇ ਪ੍ਰਿੰਸੀਪਲ ਡਾ: ਹਰਦੀਪ ਸਿੰਘ ਨੇ ਖਿਡਾਰੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਖੇਡਾਂ ਬੱਚਿਆਂ ਦੇ ਜੀਵਨ ਵਿੱਚ ਅਨੁਸ਼ਾਸ਼ਨ ਲਿਆਉਂਦੀਆਂ ਹਨ, ਇਸ ਲਈ ਸਾਰਿਆਂ ਨੂੰ ਖੇਡਾਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ। ਇਸ ਮੌਕੇ ਰਿਆਤ ਬਾਹਰਾ ਗਰੁੱਪ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਅਤੇ ਕੈਂਪਸ ਡਾਇਰੈਕਟਰ ਡਾ: ਚੰਦਰ ਮੋਹਨ ਨੇ ਸਾਰੇ ਜੇਤੂਆਂ ਨੂੰ ਵਧਾਈ ਦਿੱਤੀ।

# ਕੰਨਿਆ ਸਕੂਲ ਵਿਖੇ ਜ਼ੋਨ ਨੰਬਰ 12 ਦੇ ਅਥਲੈਟਿਕਸ ਮੁਕਾਬਲੇ ਸ਼ੁਰੂ

**ਮਹਿਤਪੁਰ (ਰਾਜਾ)** ਕੰਨਿਆ ਸਕੂਲ ਮਹਿਤਪੁਰ ਵਿਖੇ ਜੋਨ ਨੰਬਰ 12 ਦੇ ਅਥਲੈਟਿਕਸ ਦੇ ਮੁਕਾਬਲੇ ਆਰੰਭ ਹੋਏ। ਸਕੂਲ ਦੇ ਪ੍ਰਿੰਸੀਪਲ ਹਰਜੀਤ ਸਿੰਘ ਨੇ ਮੁਕਾਬਲਿਆਂ ਦਾ ਉਦਘਾਟਨ ਕੀਤਾ। ਇਸ ਮੌਕੇ ਉਹਨਾਂ ਨੇ ਖੇਡਾਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਅਤੇ ਆਏ ਹੋਏ ਬੱਚਿਆਂ ਦੀ ਹੌਸਲਾ ਅਫਜਾਈ ਵੀ ਕੀਤੀ। ਚੱਲ ਰਹੇ ਮੁਕਾਬਲਿਆਂ ਵਿੱਚ 100 ਮੀਟਰ ਰੇਸ, 200 ਮੀਟਰ ਰੇਸ, 400 ਮੀਟਰ ਰੇਸ, 800 ਮੀਟਰ ਰੇਸ, 1500 ਮੀਟਰ ਰੇਸ, 3000 ਮੀਟਰ ਰੇਸ, ਸਾਟਪੁੱਟ, ਲੰਬੀ ਛਾਲ, ਉੱਚੀ ਛਾਲ, ਜੇਵਲਿਨ ਥਰੋ ਦੇ ਅੰਡਰ 14, ਅੰਡਰ 17 ਅਤੇ ਅੰਡਰ 19 ਦੇ ਮੁਕਾਬਲੇ ਕਰਵਾਏ ਗਏ। ਇਸ ਮੌਕੇ ਪ੍ਰਿੰਸੀਪਲ ਮਨਪ੍ਰੀਤ ਕੌਰ (ਕਨਵੀਨਰ) , ਹੈੱਡ ਮਾਸਟਰ ਹਰਨੀਤ ਮੋਹਨ (ਕਨਵੀਨਰ), ਰਾਕੇਸ਼ ਕੁਮਾਰ (ਕੋ ਕਨਵੀਨਰ), ਸਤਨਾਮ ਸਿੰਘ, ਮੇਜਰ ਸਿੰਘ, ਗੁਰਮੁਖ ਸਿੰਘ, ਮਨਜੀਤ ਸਿੰਘ, ਮੱਖਣ ਬੰਗਰ, ਦਲਬੀਰ ਸਿੰਘ, ਸ੍ਰੀਮਤੀ ਨਵਜੀਤ ਕੌਰ, ਸ੍ਰੀਮਤੀ ਅਮਨਦੀਪ ਕੌਰ, ਕਪਿਲ ਕਵਾਤਰਾ, ਦਿਲਬਾਗ ਸਿੰਘ ਹਾਜ਼ਰ ਸਨ।



# ਪੀ ਸੀ ਐੱਮ ਐੱਸ ਡੀ ਕਾਲਜ 'ਚ 'ਫਿਕਸ਼ਨ ਬਨਾਮ ਨਾਨ-ਫਿਕਸ਼ਨ' ਮੁਕਾਬਲਾ



**ਜਲੰਧਰ ( ਇਕਬਾਲ ਸਿੰਘ ਉੱਭੀ )** ਪੀ.ਸੀ.ਐਮ.ਐਸ.ਡੀ ਕਾਲਜ ਫਾਰ ਵੂਮੈਨ, ਜਲੰਧਰ ਦੀ ਅੰਗਰੇਜੀ ਵਿਭਾਗ ਦੀ ਇੰਗਲਿਸ਼ ਲਿਟਰੇਰੀ ਸੋਸਾਇਟੀ ਨੇ ਘੋਸ਼ਣਾ ਪੱਤਰ ਆਯੋਜਿਤ ਕੀਤਾ, ਮੁਕਾਬਲੇ ਦਾ ਵਿਸ਼ਾ ਸੀ 'ਫਿਕਸ਼ਨ ਵਰਸੇਸ ਨਾਨ-ਫਿਕਸ਼ਨ'। ਇਹ ਪ੍ਰਤਿਭਾ ਅਤੇ ਹੁਨਰ ਦਾ ਇੱਕ ਕਮਾਲ ਦਾ ਜਸ਼ਨ ਸਾਬਤ ਹੋਇਆ ਕਿਉਂਕਿ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਪੂਰੇ ਜੋਸ਼ ਨਾਲ ਭਾਗ ਲਿਆ। ਅਕਾਦਮਿਕ ਚੁਣੌਤੀਆਂ ਤੋਂ ਲੈ ਕੇ ਕਲਾਤਮਕ ਪ੍ਰਗਟਾਵੇ ਤੱਕ, ਗਤੀਵਿਧੀ ਨੇ ਕਾਲਜ ਕਮਿਊਨਿਟੀ ਦੇ ਅੰਦਰ ਪ੍ਰਤਿਭਾ ਦੀ ਅਮੀਰ ਵਿਭਿੰਨਤਾ ਦੀ ਉਦਾਹਰਣ ਦਿੱਤੀ। ਇਸਨੇ ਉਹਨਾਂ ਦੀ ਬੁੱਧੀ ਅਤੇ ਆਲੋਚਨਾਤਮਕ ਸੋਚ ਦੀ ਪਰਖ ਕੀਤੀ ਕਿਉਂਕਿ ਇਸਨੇ ਵਿਦਿਆਰਥੀਆਂ ਨੂੰ ਸਾਹਿਤ ਦੀ ਵਿਭਿੰਨਤਾ ਦਾ ਜਸ਼ਨ ਮਨਾਉਣ ਅਤੇ ਖੁੱਲੇ ਦਿਲ ਅਤੇ ਖੁੱਲੇ ਦਿਮਾਗ ਨਾਲ ਦੋਵਾਂ ਸ਼ੈਲੀਆਂ ਨੂੰ ਅਪਣਾਉਣ ਦੀ ਆਗਿਆ ਦਿੱਤੀ। ਗਲਪ ਅਤੇ ਗੈਰ-ਕਲਪਨਾ ਵਿਰੋਧੀ ਨਹੀਂ ਬਲਕਿ ਸਹਿਯੋਗੀ ਹਨ, ਕਹਾਣੀਆਂ, ਗਿਆਨ ਅਤੇ ਸਮਝ ਦੀ ਇੱਕ ਅਮੀਰ ਟੇਪਸਟਰੀ ਪੇਸ਼ ਕਰਦੇ ਹਨ। ਬੀ.ਏ.ਬੀ.ਐੱਡ ਸਮੈਸਟਰ ਤੀਜੇ ਦੀ ਅਮੀਸ਼ਾ ਨੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਏ.ਬੀ.ਐੱਡ ਸਮੈਸਟਰ ਤੀਜੇ ਦੀ ਧਰੁਵੀ ਨੇ ਦੂਜਾ ਸਥਾਨ ਅਤੇ ਬੀ.ਏ.ਬੀ.ਐੱਡ ਸਮੈਸਟਰ ਪੰਜਵੇਂ ਦੀ ਯੁਕਤਾ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ 'ਤੇ ਪ੍ਰਧਾਨ ਨਰੇਸ਼ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਮੈਨੇਜਿੰਗ ਕਮੇਟੀ ਦੇ ਹੋਰ ਮੈਂਬਰ ਅਤੇ ਪ੍ਰਿੰਸੀਪਲ ਪ੍ਰੋ.(ਡਾ.) ਪੂਜਾ ਪਰਾਸ਼ਰ ਨੇ ਵਿਦਿਆਰਥੀਆਂ ਨੂੰ ਬੌਧਿਕ ਆਦਾਨ-ਪ੍ਰਦਾਨ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਨ ਲਈ ਵਿਭਾਗ ਅਤੇ ਮੁਖੀ ਸ੍ਰੀਮਤੀ ਉਜਲਾ ਦਾਦਾ ਜੋਸ਼ੀ ਦੀ ਸ਼ਲਾਘਾ ਕੀਤੀ । ਇਸ ਸਮਾਗਮ ਦੀ ਪ੍ਰਬੰਧਕੀ ਕਮੇਟੀ ਵਿੱਚ ਸ੍ਰੀਮਤੀ ਆਬਰੂ ਸ਼ਰਮਾ, ਸ੍ਰੀਮਤੀ ਗੁਰਜੀਤ ਕੌਰ ਅਤੇ ਡਾ. (ਸ੍ਰੀਮਤੀ) ਇੰਦੂ ਤਿਆਗੀ ਸ਼ਾਮਿਲ ਸਨ।

# ਐੱਸ ਜੀ ਪੀ ਸੀ ਚੋਣਾਂ : ਜ਼ਿਲ੍ਹੇ ਚ ਵੋਟਰ ਸੂਚੀਆਂ ਤਿਆਰ ਕਰਨ ਦਾ ਪ੍ਰੋਗਰਾਮ 21 ਤੋਂ

**ਐਸ.ਏ.ਐਸ.ਨਗਰ, (ਗੁਰਜੀਤ ਬਿੱਲਾ)**-ਕਮਿਸ਼ਨਰ ਗੁਰੁਦੁਆਰਾ ਇਲੈਕਸ਼ਨ, ਪੰਜਾਬ ਦੀਆਂ ਹਦਾਇਤਾਂ ਅਨੁਸਾਰ ਸਿੱਖ ਗੁਰੁਦੁਆਰਾ ਬੋਰਡ ਚੋਣ ਨਿਯਮ, 1959 ਦੇ ਨਿਯਮ 6 ਤੋਂ 12 ਅਨੁਸਾਰ ਵੋਟਰ ਸੂਚੀ ਤਿਆਰੀ ਸਬੰਧੀ ਪ੍ਰੋਗਰਾਮ ਮਿਤੀ 21, ਅਕਤੂਬਰ,2023 ਤੋਂ ਸ਼ੁਰੂ ਹੋ ਰਿਹਾ ਹੈ ਜਿਸ ਦੌਰਾਨ ਮਿਤੀ 21 ਅਕਤੂਬਰ ਤੋਂ 15 ਨਵੰਬਰ ਤੱਕ ਦਾਅਵੇ ਅਤੇ ਇਤਰਾਜ ਪ੍ਰਾਪਤ ਕੀਤੇ ਜਾਣਗੇ। ਡਿਪਟੀ ਕਮਿਸ਼ਨਰ ,ਐਸ.ਏ.ਐਸ. ਨਗਰ ਸ਼੍ਰੀਮਤੀ ਆਸ਼ਿਕਾ ਜੈਨ ਨੇ ਉਕਤ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਵਿੱਚ ਚੋਣ ਬੋਰਡ ਹਲਕਾ 58-ਡੇਰਾਬੱਸੀ, 119-ਖਰੜ, ਅਤੇ 120-ਮੋਹਾਲੀ ਪੈਂਦੇ ਹਨ, ਇਨ੍ਹਾਂ ਹਲਕਿਆਂ ਦੇ ਉਪਮੰਡਲ ਮੈਜਿਸਟਰੇਟ ਡੇਰਾਬੱਸੀ, ਖਰੜ ਅਤੇ ਮੋਹਾਲੀ ਨੂੰ ਰਿਵਾਇਜ਼ਿੰਗ ਅਥਾਰਿਟੀ ਅਫਸਰ ਨਿਯੁੱਕਤ ਕੀਤਾ ਗਿਆ ਹੈ। ਡਿਪਟੀ ਕਮਿਸ਼ਨਰ,ਐਸ.ਏ.ਐਸ.ਨਗਰ ਵੱਲੋਂ ਦੱਸਿਆ ਗਿਆ ਕਿ ਵੋਟ ਬਣਾਉਣ ਲਈ ਫਾਰਮ ਨੰ.1 ਭਰਿਆ ਜਾਵੇ ਅਤੇ ਵੋਟਰ ਦੀ ਉਮਰ 21 ਸਾਲ ਤੋਂ ਘੱਟ ਨਾ ਹੋਵੇ। ਫਾਰਮ ਨੰ:1 ਜ਼ਿਲ੍ਹਾ ਪ੍ਰਸ਼ਾਸ਼ਨ ਦੀ ਵੈਬਸਾਈਟ .. ਤੇ ਉਪਲਬਧੀ ਕਰਵਾ ਦਿੱਤਾ ਗਿਆ ਹੈ। ਬਿਨੈਕਾਰ ਵੱਲੋਂ ਫਾਰਮ ਨਿੱਜੀ ਤੌਰ ਤੇ ਹੀ ਜਮ੍ਹਾਂ ਕਰਵਾਏ ਜਾਣ। ਬੰਡਲਾਂ ਦੇ ਰੂਪ ਵਿੱਚ ਫਾਰਮ ਪ੍ਰਾਪਤ ਨਹੀਂ ਕੀਤੇ ਜਾਣਗੇ।

# 31 ਦਸੰਬਰ ਤੱਕ ਹਾਊਸ ਟੈਕਸ ਤੇ ਪ੍ਰਾਪਰਟੀ ਟੈਕਸ 'ਤੇ ਜੁਰਮਾਨੇ ਤੋਂ ਮੁਆਫ਼ੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**—ਕਮਿਸ਼ਨਰ ਨਗਰ ਨਿਗਮ ਹੁਸ਼ਿਆਰਪੁਰ ਕੋਮਲ ਮਿੱਤਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਰਕਾਰ ਵੱਲੋਂ ਆਮ ਜਨਤਾ ਨੂੰ ਇਕ ਸੁਨਹਿਰੀ ਮੌਕਾ ਦਿੱਤਾ ਗਿਆ ਹੈ ਕਿ ਜਿਹੜੇ ਵਿਅਕਤੀਆਂ ਵੱਲੋਂ ਮਿਤੀ 31 ਮਾਰਚ 2023 ਤੱਕ ਦਾ ਬਣਦਾ ਹਾਊਸ ਟੈਕਸ ਅਤੇ ਪ੍ਰਾਪਰਟੀ ਟੈਕਸ ਅਜੇ ਤੱਕ ਜਮ੍ਹਾ ਨਹੀਂ ਕਰਵਾਇਆ ਗਿਆ ਹੈ, ਜੇਕਰ ਉਹ ਮਿਤੀ 31 ਦਸੰਬਰ 2023 ਤੱਕ ਇਹ ਟੈਕਸ ਯਕਮੁਸ਼ਤ ਦਫ਼ਤਰ ਨਗਰ ਨਿਗਮ ਹੁਸ਼ਿਆਰਪੁਰ ਵਿਖੇ ਜਮ੍ਹਾ ਕਰਵਾਉਂਦੇ ਹਨ ਤਾਂ ਇਸ ਬਕਾਇਆਜਾਤ 'ਤੇ ਲੱਗੇ ਜ਼ੁਰਮਾਨੇ ਅਤੇ ਵਿਆਜ ਦੀ ਮੁਆਫ਼ੀ ਉਨ੍ਹਾਂ ਨੂੰ ਦਿੱਤੀ ਜਾਵੇਗੀ। ਉਨ੍ਹਾਂ ਅੱਗੇ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਿਤੀ 31 ਦਸੰਬਰ 2023 ਤੋਂ ਬਾਅਦ 31 ਮਾਰਚ 2024 ਤੱਕ ਹਾਊਸ ਟੈਕਸ ਅਤੇ ਪ੍ਰਾਪਰਟੀ ਟੈਕਸ ਯਕਮੁਸ਼ਤ ਜਮ੍ਹਾ ਕਰਵਾਉਣ ਵਾਲੇ ਟੈਕਸਦਾਤਾਵਾਂ ਨੂੰ ਲੱਗੇ ਵਿਆਜ਼ ਅਤੇ ਜ਼ੁਰਮਾਨੇ ਵਿਚ 50 ਫੀਸਦੀ ਛੋਟ ਦਿੱਤੀ ਜਾਵੇਗੀ ਅਤੇ ਮਿਤੀ 31 ਮਾਰਚ 2024 ਤੋਂ ਬਾਅਦ ਬਣਦੇ ਟੈਕਸ ਦੀ ਵਸੂਲੀ ਡਿਫ਼ਾਲਟਰਾਂ ਤੋਂ ਸਮੇਤ ਜੁਰਮਾਨੇ ਅਤੇ ਵਿਆਜ਼ ਵਸੂਲੀ ਜਾਵੇਗੀ। ਉਨ੍ਹਾਂ ਆਮ ਜਨਤਾ ਨੂੰ ਅਪੀਲ ਕੀਤੀ ਹੈ ਕਿ ਸਰਕਾਰ ਵੱਲੋਂ ਦਿੱਤੇ ਗਏ ਇਸ ਸੁਨਹਿਰੀ ਮੌਕੇ ਦਾ ਵੱਧ ਤੋਂ ਵੱਧ ਲਾਭ ਉਠਾਇਆ ਜਾਵੇ। ਕੋਈ ਵੀ ਵਿਅਕਤੀ ਨਗਰ ਨਿਗਮ ਦੀ ਵੈਬਸਾਈਟ 'ਤੇ ਵਿਜ਼ਿਟ ਕਰ ਕੇ ਆਨਲਾਈਨ ਵੀ ਬਣਦਾ ਟੈਕਸ ਜਮ੍ਹਾ ਕਰਵਾ ਸਕਦਾ ਹੈ। ਉਨ੍ਹਾਂ ਕਿਹਾ ਕਿ ਕਾਊਂਟਰ 'ਤੇ ਟੈਕਸ ਜਮ੍ਹਾ ਕਰਵਾਉਣ ਸਮੇਂ ਲੋਕਾਂ ਵੱਲੋਂ ਉਨ੍ਹਾਂ ਦੇ ਘਰ ਦੇ ਬਾਹਰ ਲੱਗੀ ਯੂ.ਆਈ.ਡੀ ਨੰਬਰ ਪਲੇਟ ਦਾ ਵੇਰਵਾ ਲਾਜ਼ਮੀ ਤੌਰ 'ਤੇ ਸਬੰਧਤ ਕਰਮਚਾਰੀ ਨੂੰ ਦਿੱਤਾ ਜਾਵੇ।

# ਸਰਕਾਰੀ ਕਾਲਜ ਡੇਰਾ ਬੱਸੀ ਨੇ ਲੋਕ-ਕਲਾਵਾਂ 'ਚ ਕੀਤਾ ਤੀਜਾ ਸਥਾਨ ਹਾਸਲ



**ਐਸ.ਏ.ਐਸ.ਨਗਰ, (ਗੁਰਜੀਤ ਬਿੱਲਾ)**-ਸਰਕਾਰੀ ਕਾਲਜ ਡੇਰਾਬੱਸੀ ਦੇ ਵਿਦਿਆਰਥੀਆਂ ਨੇ ਲੋਕ-ਕਲਾਵਾਂ ਦੀਆਂ ਵੰਨਗੀਆਂ ਵਿੱਚ ਤੀਜਾ ਸਥਾਨ ਹਾਸਿਲ ਕੀਤਾ । ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖੇਤਰੀ ਯੁਵਕ ਅਤੇ ਲੋਕ ਮੇਲੇ ਦੌਰਾਨ ਸਰਕਾਰੀ ਕਾਲਜ ਰੋਪੜ ਵਿਖੇ ਵੱਖ-ਵੱਖ ਵੰਨਗੀਆਂ ਕਰਵਾਈਆਂ ਗਈਆਂ ਸਨ । ਇਸ ਮੁਕਾਬਲੇ ਵਿੱਚ 58 ਕਾਲਜਾਂ ਨੇ ਹਿੱਸਾ ਲਿਆ ਸੀ । ਸਰਕਾਰੀ ਕਾਲਜ ਡੇਰਾਬੱਸੀ ਦੀ ਵਿਦਿਆਰਥਣਾਂ ਨੀਲੂ ਬੀ. ਕਾਮ ਭਾਗ ਪਹਿਲਾ ਨੇ ਕੱਢਾਈ ਅਤੇ ਆਸ਼ੂ ਬੀ- ਕਾਮ ਭਾਗ ਪਹਿਲਾ ਨੇ ਗੁੱਡੀਆਂ ਪਟੋਲੇ ਦੀ ਵੰਨਗੀ ਵਿੱਚ ਤੀਜਾ ਸਥਾਨ ਹਾਸਿਲ ਕੀਤਾ ਹੈ । ਇਹ ਵੰਨਗੀਆਂ ਦਾ ਅਭਿਆਸ ਇੰਚਾਰਜ ਸਾਹਿਬਾਨਾਂ ਪ੍ਰੋ. ਅਮਨਜੀਤ ਕੌਰ, ਪ੍ਰੋ. ਨਿੱਧੀ ਗੁਪਤਾ ਅਤੇ ਕਿਰਨਪ੍ਰੀਤ ਕੌਰ ਦੀ ਅਗਵਾਈ ਹੇਠ ਕਰਵਾਈਆਂ ਗਈਆਂ । ਇਸ ਮੌਕੇ 'ਤੇ ਕਾਲਜ ਦੇ ਪ੍ਰਿੰਸੀਪਲ ਡਾ. ਸੁਜਾਤਾ ਕੌਸ਼ਲ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਉਹਨਾਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕਰਦੇ ਹੋਏ ਆਸ਼ੀਰਵਾਦ ਦਿੱਤਾ ।

# 32ਵਾਂ ਜਗਤਾਰ ਪ੍ਰਵਾਨਾ ਯਾਦਗਾਰੀ ਸੱਭਿਆਚਾਰਕ ਮੇਲਾ 4 ਨੂੰ



**ਕਾਲਾ ਸੰਘਿਆਂ, (ਮਨਜੀਤ ਮਾਨ)**- ਮਰਹੂਮ ਸੂਫੀ ਗਾਇਕ ਤੇ ਸਾਇਰ ਜਗਤਾਰ ਪ੍ਰਵਾਨਾ ਯਾਦਗਾਰੀ ਸੱਭਿਆਚਾਰਕ ਮੰਚ ਪਿੰਡ ਅਠੌਲਾ, ਜ਼ਿਲ੍ਹਾ ਜਲੰਧਰ ਦੀ ਇੱਕ ਅਹਿਮ ਮੀਟਿੰਗ ਪਿੰਡ ਅਠੌਲਾ ਵਿਖੇ ਆਯੋਜਿਤ ਕੀਤੀ ਗਈ, ਜਿਸ ਦੌਰਾਨ ਸਮੂਹ ਹਾਜ਼ਰੀਨ ਵੱਲੋਂ ਇੱਕਮੱਤ ਹੁੰਦਿਆਂ 32ਵਾਂ ਸਲਾਨਾ ਜਗਤਾਰ ਪ੍ਰਵਾਨਾ ਯਾਦਗਾਰੀ ਸੱਭਿਆਚਾਰਕ ਮੇਲਾ 4 ਨਵੰਬਰ ਨੂੰ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ । ਇਸ ਬਾਬਤ ਮੰਚ ਦੇ ਪ੍ਰਧਾਨ ਤੇ ਉੱਘੇ ਸਮਾਜ ਸੇਵਕ ਫਤਿਹ ਸਿੰਘ ਸੋਹਲ ਵੱਲੋਂ ਦੱਸਿਆ ਗਿਆ ਹੈ ਕਿ ਰਾਜ ਗਾਇਕ ਤੇ ਮੈਂਬਰ ਪਾਰਲੀਮੈਂਟ ਹੰਸ ਰਾਜ ਹੰਸ ਦੀ ਸਰਪ੍ਰਸਤੀ ਹੇਠ ਹਰ ਸਾਲ ਦੀ ਤਰ੍ਹਾਂ ਇਹ ਸਾਲਾਨਾ ਮੇਲਾ ਭਾਰੀ ਉਤਸ਼ਾਹ ਤੇ ਸ਼ਾਨੋ-ਸ਼ੌਕਤ ਨਾਲ ਪਿੰਡ ਦੇ ਖੇਡ ਸਟੇਡੀਅਮ ਵਿਖੇ ਕਰਵਾਇਆ ਜਾ ਰਿਹਾ ਹੈ। ਮੇਲੇ ਦੌਰਾਨ ਪਿੰਡ ਦੇ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਤੇ ਵੱਖ-ਵੱਖ ਖੇਤਰਾਂ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਦਾ ਜਗਤਾਰ ਪ੍ਰਵਾਨਾ ਯਾਦਗਾਰੀ ਸੱਭਿਆਚਾਰਕ ਮੰਚ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

# ਡਿਪਟੀ ਕਮਿਸ਼ਨਰ ਨੇ 40ਵੇਂ ਸੁਰਜੀਤ ਹਾਕੀ ਟੂਰਨਾਮੈਂਟ ਦੇ ਪ੍ਰਬੰਧਾਂ ਦਾ ਲਿਆ ਜਾਇਜ਼ਾ



**ਜਲੰਧਰ, :( ਸ਼ੈਲੀ ਐਲਬਰਟ)**- ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਮੰਗਲਵਾਰ ਨੂੰ ਸਥਾਨਕ ਓਲੰਪੀਅਨ ਸੁਰਜੀਤ ਸਿੰਘ ਹਾਕੀ ਸਟੇਡੀਅਮ ਵਿਖੇ ਹੋਣ ਵਾਲੇ 40ਵੇਂ ਇੰਡੀਅਨ ਆਇਲ ਸਰਵੋ ਸੁਰਜੀਤ ਹਾਕੀ ਟੂਰਨਾਮੈਂਟ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਭਾਰਤ ਦਾ ਵੱਕਾਰੀ 40ਵਾਂ ਇੰਡੀਅਨ ਆਇਲ ਸਰਵੋ ਸੁਰਜੀਤ ਹਾਕੀ ਟੂਰਨਾਮੈਂਟ 25 ਅਕਤੂਬਰ ਤੋਂ 3 ਨਵੰਬਰ ਤੱਕ ਓਲੰਪੀਅਨ ਸੁਰਜੀਤ ਸਿੰਘ ਹਾਕੀ ਸਟੇਡੀਅਮ ਵਿੱਚ ਹੋਵੇਗਾ। ਸੁਰਜੀਤ ਹਾਕੀ ਸਟੇਡੀਅਮ ਵਿਖੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਇਹ ਟੂਰਨਾਮੈਂਟ ਸਾਬਕਾ ਓਲੰਪੀਅਨ ਅਤੇ ਭਾਰਤੀ ਹਾਕੀ ਟੀਮ ਦੇ ਸਾਬਕਾ ਸਕਿੱਪਰ ਸੁਰਜੀਤ ਸਿੰਘ ਰੰਧਾਵਾ ਦੀ ਯਾਦ ਵਿੱਚ ਹਰ ਸਾਲ ਕਰਵਾਇਆ ਜਾਂਦਾ ਹੈ, ਜਿਨ੍ਹਾਂ ਦੀ 7 ਜਨਵਰੀ 1984 ਨੂੰ ਜਲੰਧਰ ਨੇੜੇ ਇੱਕ ਭਿਆਨਕ ਕਾਰ ਹਾਦਸੇ ਵਿੱਚ ਮੌਤ ਹੋ ਗਈ ਸੀ। ਉਨ੍ਹਾਂ ਕਿਹਾ ਕਿ ਸਟੇਡੀਅਮ ਦੇ ਬਾਹਰ ਅਤੇ ਅੰਦਰਲੇ ਪਾਸੇ ਫਲੱਡ ਲਾਈਟਾਂ ਦੀ ਮੁਰੰਮਤ ਦਾ ਕੰਮ ਦੋ ਦਿਨਾਂ ਦੇ ਅੰਦਰ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਖੇਡ ਵਿਭਾਗ ਨੂੰ ਬਾਥਰੂਮਾਂ ਦੀ ਮੁਰੰਮਤ, ਸਫੇਦੀ ਅਤੇ ਹੋਰ ਕੰਮ ਇਸ ਹਫਤੇ ਵਿੱਚ ਨੇਪਰੇ ਚਾੜ੍ਹਨ ਦੀਆਂ ਹਦਾਇਤਾਂ ਦਿੱਤੀਆਂ । ਸਾਰੰਗਲ ਨੇ ਕਿਹਾ ਕਿ ਨਗਰ ਨਿਗਮ ਜਲੰਧਰ ਦੀਆਂ ਟੀਮਾਂ ਅਗਲੇ ਕੁਝ ਦਿਨਾਂ ਵਿੱਚ ਸਟੇਡੀਅਮ ਦੇ ਆਲੇ-ਦੁਆਲੇ ਸਫਾਈ, ਫੋਗਿੰਗ, ਰੋਡ ਕਾਰਪੇਟਿੰਗ ਨੂੰ ਯਕੀਨੀ ਬਣਾਉਣਗੀਆਂ।

ਉਨ੍ਹਾਂ ਕਿਹਾ ਕਿ ਪੀ.ਐਸ.ਪੀ.ਸੀ.ਐਲ. ਵੱਲੋਂ ਟੂਰਨਾਮੈਂਟ ਦੌਰਾਨ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਈ ਜਾਵੇਗੀ ਅਤੇ ਸਿਹਤ ਵਿਭਾਗ ਵੱਲੋਂ ਸਟੇਡੀਅਮ ਵਿੱਚ ਮੈਡੀਕਲ ਟੀਮਾਂ ਤਾਇਨਾਤ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸੁਰਜੀਤ ਹਾਕੀ ਸੁਸਾਇਟੀ ਵੱਲੋਂ ਨੌਜਵਾਨ ਖਿਡਾਰੀਆਂ ਨੂੰ ਤਿਆਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ ਅਤੇ ਇਸ ਸੁਸਾਇਟੀ ਨੇ ਕਈ ਅਜਿਹੇ ਖਿਡਾਰੀ ਪੈਦਾ ਕੀਤੇ ਹਨ, ਜਿਨ੍ਹਾਂ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਆਪਣੀ ਕਾਬਲੀਅਤ ਦਾ ਲੋਹਾ ਮਨਵਾਇਆ ਹੈ।

ਉਨ੍ਹਾਂ ਕਿਹਾ ਕਿ ਸੁਸਾਇਟੀ ਵੱਲੋਂ ਨੌਜਵਾਨਾਂ ਦੀ ਊਰਜਾ ਨੂੰ ਸਕਾਰਾਤਮਕ ਪਾਸੇ ਖਾਸ ਕਰਕੇ ਖੇਡਾਂ ਦੇ ਖੇਤਰ ਵਿੱਚ ਲਾਉਣ ਲਈ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ।